ਖੋਜੁ ਦਿਲ ਹਰ ਰੋਜ

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਕਿਸ਼ਨ ਸਿੰਘ

ਏਸੇ ਕਲਮ ਤੋਂ :

- ਸਾਚਾ ਸਤਿਗੁਰੂ ਮੈ ਮਿਲਿਆ
- ਕੱਚ ਦੇ ਰਿਸ਼ਤੇ
- ਸਿੱਖੀ ਸਿਧਾਂਤ ਸਮੀਖਿਆ
- ਮੇਰਾ ਮਾਣ ਮੇਰਾ ਪਿੰਡ

੧ਓ ਸਤਿਗੁਰ ਪ੍ਰਸਾਦਿ ॥

ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥

ਖੋਜੁ ਦਿਲ ਹਰ ਰੋਜ

ਕਿਸ਼ਨ ਸਿੰਘ

ਫ਼ਰਵਰੀ
2011

KHOJ DIL HAR ROSE

by

KISHAN SINGH
65 CARBINE WAY, KEILOR DOWNS
VICTORIA 3038, AUSTRALIA
PHONE 61-3-93665506
OR
VPO JAGARPUR JATTAN, TEHSIL PHAGWARA,
DISTT. KAPURTHALA, PUNJAB
PHONE 01824-254073

ਪਹਿਲੀ ਵਾਰ ਫ਼ਰਵਰੀ 2011

ਮਕਸਦ,

ਸਤਿਗੁਰੂ ਨਾਨਕ ਜੀ ਦੀ ਗਿਆਨਮਈ ਵਿਚਾਰਧਾਰਾ ਤੋਂ
ਮੂੰਹ ਫੇਰ ਰਹੀ ਸਿੱਖ ਕੌਮ ਨੂੰ ਸਾਵਧਾਨ ਕਰਨ ਵਾਸਤੇ।
ਨਿਰੋਲ ਗੁਰੂਬਾਣੀ ਦੀ ਸਚਾਈ ਤਹਿਤ, ਗੁਰੂ ਦੇ ਹਾਕਾਰੇ ਵਜੋਂ,
ਸਿਧਾਂਤ ਬਚਾਓ ਹੋਕਾ।

ਪ੍ਰਕਾਸ਼ਕ :

ਲੇਖਕ

ਛਾਪਕ :

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਂਦਿਆਂ ਗੁਰ ਬਿਨੁ ਘੋਰ ਅੰਧਾਰ॥

ਸਮਰਪਣ

ਸਤਿਗੁਰੂ ਨਾਨਕ ਜੀ ਦੀ ਗਿਆਨਮਈ ਵਿਚਾਰਧਾਰਾ,
ਅਤੇ
ਇਸ ਗੁਰ ਗਿਆਨ ਵਿਚਾਰਧਾਰਾ ਨੂੰ ਸਮਰਪਿਤ ਹੋਏ
ਕੌਮੀ ਪਰਵਾਨਿਆਂ ਦੇ ਕਿਰਦਾਰ ਨੂੰ,
ਪੂਰਨ ਸਤਿਕਾਰ ਸਹਿਤ।

ਪੁਸਤਕ ਮਿਲਣ ਦੇ ਪਤੇ :

- **SINGH BROTHERS**
  BAZAR MAI SEWAN, AMRITSAR
  PUNJAB, INDIA - 143 006
  PHONE 0183 - 2545787
- **JASWINDER SINGH PANGLI**
  V.P.O. JAGAT PUR JATTAN
  TEHSIL - PHAGWARA
  DISTRICT - KAPURTHALA,
  PUNJAB, INDIA - 144 402
  PHONE 01824 - 254592
  MOBILE 98140 - 56173
- **SURJIT SINGH PANGLY**
  65 CARBINE WAY KEILOR DOWNS
  VICTORIA 3038, AUSTRALIA
  PHONE 61 - 3 - 93665506
  MOBILE 61 - 0425-843505

ਤਤਕਰਾ

ਹਉ ਮੂਰਖੁ ਕਾਰੈ ਲਾਈਆ

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥
ਬਿਨੁ ਸਤਿਗੁਰ ਸੁਖੁ ਕਦੇ ਨ ਪਾਵੈ ਭਾਈ ਫਿਰਿ ਫਿਰਿ ਪਛੋਤਾਵੈ ॥੧॥੬੦੧/੧੮॥
ਹਰਿ ਕੇ ਦਾਸ ਸੁਹੇਲੇ ਭਾਈ ॥
ਜਨਮ ਜਨਮ ਕੇ ਕਿਲਬਿਖ ਦੁਖ ਕਾਟੇ ਆਪੇ ਮੇਲਿ ਮਿਲਾਈ ॥ਰਹਾਉ ॥੬੦੨॥

ਇਸ ਅਸਲ ਸਚਾਈ ਨੂੰ ਇਨਕਾਰਿਆ ਨਹੀਂ ਜਾ ਸਕਦਾ ਕਿ, ਸਿੱਖ ਕੌਮ ਦੇ ਸਦੀਵੀ (ਅਬਿਨਾਸ਼ੀ) ਗੁਰੂ, ਗੁਰੂ ਗ੍ਰੰਥ ਸਾਹਿਬ (ਸ਼ਬਦ ਗੁਰੂ) ਜੀ ਦਾ ਇਹ ਉਪਦੇਸ਼, ਸਿੱਖ ਕੌਮ ਭੁੱਲ ਚੁੱਕੀ (ਜਾਂ ਅਡੰਬਰੀ ਡੇਰੇਦਾਰਾਂ ਨੇ ਬਹੁ ਗਿਣਤੀ ਵਿੱਚ ਸਿੱਖ ਕੌਮ ਨੂੰ ਭੁਲਵਾ ਦਿੱਤਾ) ਹੈ। ਅੱਜ ਸਿੱਖ ਧਰਮ ਉੱਤੇ, ਸ਼ੈਤਾਨੀ ਸੋਚ ਵਾਲੇ ਰਾਜਨੀਤਕ ਆਗੂ ਭਾਰੂ ਹੋ ਚੁੱਕੇ ਹਨ ਅਤੇ ਧਰਮ ਆਗੂ (ਪੁਜਾਰੀ ਤੇ ਕੌਮੀ ਪ੍ਰਚਾਰਕ ਸ਼੍ਰੇਣੀ), ਗੁਰੂ ਗਿਆਨ ਵਲੋਂ ਬੇਮੁੱਖ ਅਤੇ ਰਾਜਨੀਤਕ ਆਗੂਆਂ ਦੇ ਹੱਥਾਂ ਵਿੱਚ ਕਠਪੁਤਲੀਆਂ (ਗਿਰਵੀ ਗ਼ੁਲਾਮਾਂ) ਜਿਹੇ ਅਦਾਕਾਰਾਂ ਵਾਲਾ ਕਿਰਦਾਰ ਹੀ ਨਿਭਾ ਰਹੇ ਹਨ। ਸਿੱਖ ਕੌਮ ਦੇ (ਧਾਰਮਿਕ ਤੇ ਸਿਆਸੀ) ਆਗੂਆਂ ਦਾ ਕਿਰਦਾਰ ਤਾਂ ਸਤਿਗੁਰੂ ਜੀ ਦੇ ਇਸ ਉਪਦੇਸ਼, **ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥ ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥੧੪੫/੧੦॥** ਵਾਲੀ ਹਾਲਤ ਤੋਂ ਭੀ ਵੱਧ ਨਿਘਾਰ ਵਿੱਚ ਜਾ ਚੁੱਕਾ ਹੈ। ਇਨ੍ਹਾਂ ਵਲੋਂ ਨਿਭਾਈਆਂ ਜਾ ਰਹੀਆਂ ਕੌਮੀ ਤੇ ਧਰਮੀ ਪਰੰਪਰਾਵਾਂ (**ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥੭੪੭॥**) ਸਿਰਫ਼ ਦਿਖਾਵੇ ਅਤੇ ਕਰਮਕਾਂਡੀ ਸੋਚ ਤਹਿਤ ਹੀ ਕੀਤੀਆਂ ਜਾਂਦੀਆਂ ਹਨ। ਭਾਈ ਗੁਰਦਾਸ ਜੀ ਦੇ ਕਥਨ (**ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤਿ ਮੁਖਹੁ ਆਲਾਈ। ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ। ਸੇਵਕ ਬੈਠਨਿ ਘਰਾਂ ਵਿਚ ਗੁਰ ਉਠਿ ਘਰੀ ਤਿਨਾੜੇ ਜਾਈ। ਕਾਜੀ ਹੋਏ ਰਿਸਵਤੀ ਵਢੀ ਲੈਕੇ ਹਕ ਗਵਾਈ।**ਵਾਰ ੧/੩੦।) ਅਨੁਸਾਰ, ਧਰਮੀ ਆਗੂਆਂ ਦੇ ਖ਼ੁਸ਼ਾਮਦੀ ਸੁਭਾਅ ਅਤੇ ਅਗਿਆਨਮਈ ਨੀਤੀ ਨੇ, ਸਿੱਖ ਕੌਮ ਦੀ ਬਹੁ ਗਿਣਤੀ ਨੂੰ ਆਪਣੇ ਗੁਰੂ ਦੇ ਉਪਦੇਸ਼ ਦੀ ਵਿਚਾਰਧਾਰਾ ਤੋਂ ਸੱਖਣਾ ਹੀ ਕਰ ਦਿੱਤਾ ਹੈ। ਸਿੱਖ ਕੌਮ ਵਿੱਚ ਆਈ ਅਗਿਆਨਤਾ ਅਤੇ ਕਰਮਕਾਂਡੀ ਅਡੰਬਰਾਂ ਦੇ, ਪੂਰਨ ਜ਼ੁੰਮੇਂਵਾਰ ਅਤੇ ਗੁਨਾਹਗਾਰ ਹਨ, ਸਿੱਖ ਸਮਾਜ ਵਿੱਚ ਹੀ ਪਲਪ ਰਿਹਾ ਅਖੌਤੀ ਸੰਤ ਸਮਾਜ, ਟਕਸਾਲਾਂ ਅਤੇ ਇੰਨਾਂ ਦੇ (ਗੁਰ ਗਿਆਨ ਹੀਣ) ਚਹੇਤੇ। ਅੱਜ ਲੋੜ ਹੈ, ਸਿੱਖ ਕੌਮ ਅੰਦਰ ਆਪਣੇ ਸ਼ਬਦ ਗੁਰੂ ਦੀ ਵਿਚਾਰਧਾਰਾ ਨੂੰ ਜਾਨਣ ਸਮਝਣ ਵਾਲੀ ਜਾਗਰੂਕਤਾ ਪੈਦਾ

ਕਰਨ ਵਾਸਤੇ, ਸ਼ਬਦ ਗੁਰੂ ਵਿਚਾਰਧਾਰਾ ਲਹਿਰ ਚਲਾਉਣ ਦੀ। ਇਸੇ ਵਿਚਾਰ ਤਹਿਤ ਹੀ ਸੋਚ ਬਣੀ ਕਿ ਅਡੰਬਰੀ ਪਾਖੰਡਾਂ ਅਤੇ ਗਿਆਨ ਵਿਹੂਣੇ ਕਰਮਕਾਂਡਾਂ ਵਾਰੇ ਕੁੱਝ ਲਿਖ, ਛਪਵਾ ਕੇ ਕੌਮੀ ਸੇਵਾ ਕੀਤੀ ਜਾਵੇ। ਅਕਾਲ ਪੁਰਖ ਨੇ (**ਹਉ ਮੂਰਖੁ ਕਾਰੈ ਲਾਈਆ ਨਾਨਕ ਹਰਿ ਕੰਮੇ** ॥੪੪੯/੧੩॥ ਗੁਰ ਉਪਦੇਸ਼ ਅਨੁਸਾਰ) ਉੱਦਮ ਬਖ਼ਸ਼ਿਆ ਅਤੇ ਕੁੱਝ ਹੀ ਦਿਨਾਂ ਵਿੱਚ, ਇੰਨਾਂ ਕੁੱਝ (ਪਹਿਲੇ ਲਿਖੀਆਂ ਹੋਈਆਂ ਤੇ ਕੁੱਝ ਨਵੀਆਂ) ਰਚਨਾਵਾਂ ਨੂੰ ਤਰਤੀਬ ਦੇ ਕੇ, ਇੱਕ ਕਿਤਾਬੀ ਰੂਪ ਦੇਣ ਦੀ ਕੋਸ਼ਿਸ਼ ਕੀਤੀ ਹੈ। ਅਸੀਂ (ਸਿੱਖ ਕੌਮ) ਸ਼ਬਦ ਗੁਰੂ ਦੇ ਸਿੱਖ ਹਾਂ ਵਾਲੀ ਵਿਚਾਰਧਾਰਾ ਨੂੰ ਬਿਲਕੁਲ ਭੁੱਲ ਚੁੱਕੇ ਹਾਂ। ਅਨਜਾਣਤਾ ਅਤੇ ਦਿਖਾਵਾਕਾਰੀ ਸੋਚ ਤਹਿਤ ਅਨੇਕ ਉਹ ਕਰਮ ਕਰੀ ਜਾ ਰਹੇ ਹਾਂ ਜਿੰਨ੍ਹਾਂ ਦੇ ਕਰਨ ਤੋਂ, ਸਿੱਖ ਕੌਮ ਦੇ ਸਦੀਵੀ ਗੁਰੂ (ਗਿਆਨ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ) ਸਿੱਖ ਨੂੰ ਵਰਜਦੇ ਹਨ। ਗੁਰੂ ਨਾਨਕ ਜੀ ਅਤੇ ਉਨ੍ਹਾਂ ਵਾਲੀ ਗੁਰੂ ਜੋਤਿ (**ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ** ॥੧੪੦੮/੧੦॥) ਦੇ ਵਾਰਸ (ਗੁਰੂ ਅੰਗਦ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ) ਕਿਸੇ ਭੀ ਸਰੀਰ ਨੇ ਆਪਣੇ ਸਰੀਰ ਦੀ ਤਸਵੀਰ (ਫੋਟੋ) ਨਹੀਂ ਬਣਨ ਦਿੱਤੀ। ਐਪਰ ਗੁਰਮਤਿ ਵਿਰੋਧੀ ਸੋਚ ਨੇ, ਸਿੱਖ ਸਤਿਗੁਰਾਂ ਦੇ ਜੀਵਨ ਕਾਲ ਤੋਂ ਬਹੁਤ ਸਾਲ ਪਿੱਛੋਂ ਇਹ ਕਲਪਿਤ ਗੁਰ-ਤਸਵੀਰਾਂ ਬਣਾ ਕੇ, ਸਿੱਖ ਕੌਮ ਨੂੰ ਆਪਣੇ ਗੁਰੂ ਦੇ ਹੁਕਮ (**ਸਬਦੁ ਗੁਰੂ ਸੁਰਤਿ ਧੁਨਿ ਚੇਲਾ** ॥੯੪੩/੧॥) ਵਲੋਂ ਗੁਮਰਾਹ ਹੋਣ ਦਾ ਰਾਹ ਖੋਲ੍ਹ ਦਿੱਤਾ। ਅੱਜ ਸਿੱਖ ਕੌਮ ਦੀ ਬਹੁ ਗਿਣਤੀ ਇਸ ਗੁੱਝੇ ਮਾਰੂ ਵਾਰ ਦਾ ਅਸਰ ਕਬੂਲਦੀ ਹੋਈ, ਇੰਨ੍ਹਾਂ ਫ਼ਰਜ਼ੀ ਤਸਵੀਰਾਂ (ਜਿੰਨ੍ਹਾਂ ਨੂੰ ਅਖੌਤੀ ਸੰਤ ਸਮਾਜ, ਪੂਰੀ ਸ਼ਹਿ ਦੇ ਰਿਹਾ ਹੈ) ਦੀ ਸ਼ਰਧਾਵਾਨ ਬਣੀ ਹੋਈ ਹੈ ਅਤੇ ਸ਼ਬਦ ਗੁਰੂ ਦੇ ਸਿਧਾਂਤ (ਵਿਚਾਰਧਾਰਾ) ਨੂੰ ਵਿਸਰ ਚੁੱਕੀ ਹੈ। ਸਿੱਖ ਧਰਮ (ਗੁਰਮਤਿ) ਦੀ ਵਿਰੋਧੀ ਸੋਚ ਨੇ, ਸਿੱਖ ਕੌਮ ਨੂੰ ਸਿੱਖੀ ਸਿਧਾਂਤਾਂ ਵਲੋਂ ਗੁਮਰਾਹ ਕਰਨ ਦਾ ਕਾਰਜ, ਉਦਾਸੀ ਤੇ ਨਿਰਮਲੇ ਸੰਪ੍ਰਦਾਵਾਂ (ਸਿੱਖੀ ਪਹਿਰਾਵਾ ਪਹਿਨੀ ਬਿੱਪਰ ਸੋਚ, ਨਵਾਂ ਨਾਮ ਸੰਤ ਸਮਾਜ) ਨੂੰ ਸੰਭਾਲਿਆ ਹੋਇਆ ਹੈ। ਜੋ ਆਪਣੇ ਆਕਾਵਾਂ (ਸ਼ਬਦ ਗੁਰੂ ਵਿਰੋਧੀ ਅਤੇ ਬੁੱਤ ਪ੍ਰਸਤੀ ਸੋਚ) ਨੂੰ ਖ਼ੁਸ਼ ਕਰਨ ਲਈ, ਪੂਰੀ ਵਫ਼ਾਦਾਰੀ ਨਾਲ ਆਪਣਾ ਫ਼ਰਜ਼ ਨਿਭਾ ਅਤੇ ਸਿੱਖ ਕੌਮ ਨੂੰ ਸ਼ਬਦ ਗੁਰੂ ਵਾਲੀ ਵਿਚਾਰਧਾਰਾ ਅਤੇ ਸਿੱਖ ਸਮਾਜੀ ਰਹੁ-ਰੀਤਾਂ ਵਾਰੇ ਗੁਮਰਾਹ ਕਰਨ ਵਿੱਚ ਕੋਈ ਊਣਤਾਈ ਨਹੀਂ ਰਹਿਣ ਦਿੰਦੇ। ਐ ਸਿੱਖੋ ਜਰਾ ਮਨ ਨੂੰ ਇਕਾਗਰ ਕਰਕੇ ਆਪਣੇ ਗੁਰੂ ਦੇ ਉਪਦੇਸ਼ ਨੂੰ ਵਿਚਾਰੋ ਅਤੇ ਆਪਣੀ ਅੰਦਰੂਨੀ ਸਥਿਤੀ ਨੂੰ ਖੋਜੋ, ਕਿ ਅਸੀਂ ਕਿੱਥੇ ਖੜ੍ਹੇ ਹਾਂ ? ਗੁਰੂ ਨਾਨਕ ਜੀ (ਸੰਨ 1469) ਤੋਂ, ਸਿੱਖ ਰਾਜ ਦੇ ਅੰਤ (ਸੰਨ 1849—380 ਸਾਲ) ਤੱਕ, ਸਿੱਖ ਸਮਾਜ ਵਿੱਚ ਕਿਸੇ ਭੀ ਪ੍ਰਾਣੀ ਨੇ ਆਪਣੇ ਆਪ ਨੂੰ ਸੰਤ ਨਹੀਂ ਅਖਵਾਇਆ। ਅੰਗਰੇਜ਼ੀ ਰਾਜ ਦੀ ਸ਼ੁਰੂਆਤ (ਸੰਨ 1849) ਅਤੇ ਪੰਜ ਸਾਲ ਦੇ ਅੰਦਰ ਹੀ, ਅੰਗਰੇਜ਼ੀ ਫ਼ੌਜ ਵਿੱਚ ਭਰਤੀ ਹੋਏ ਸਿੱਖਾਂ ਵਿੱਚੋਂ, ਕਈ ਕੁਆਰੇ (ਛੜੇ ਜਾਂ ਅਣਵਿਆਹੇ) ਸੰਤਾਂ ਦੀ ਪੈਦਾਇਸ਼ ਹੋਈ। ਉੱਥੇ (ਸੈਨਿਕ ਕੈਂਪ ਵਿੱਚ) ਅਜਿਹਾ ਕਿਹੜਾ ਧਰਮ ਵਿਦਿਆਲਾ ਸੀ, ਜਿਸ ਵਿੱਚ ਇੰਨ੍ਹਾਂ ਨੂੰ (ਯੋਜਨਾਬੱਧ ਨੀਤੀ ਤਹਿਤ) ਸੰਤ ਗੀਰੀ ਅਤੇ ਮਹਾਂ ਗਿਆਨ ਦੀਆਂ ਪਦਵੀਆਂ ਪ੍ਰਦਾਨ ਕੀਤੀਆਂ ਗਈਆਂ ? ਇਹ ਕੋਈ ਅਤਕਥਨੀ ਨਹੀਂ, ਨਿਰੋਲ ਸੱਚ ਹੈ ਕਿ ਸਿੱਖ ਕੌਮ ਨੂੰ ਥ੍ਹਾਂ ਥ੍ਹਾਂ ਵੰਡਣ (ਆਪੋ ਆਪਣੇ

ਡੇਰਿਆਂ ਨਾਲ ਜੋੜਨ) ਅਤੇ ਵਿਵਾਦੀਂ ਉਝਾਉਣ ਲਈ, ਇੰਨ੍ਹਾਂ ਡੇਰੇਦਾਰਾਂ ਨੂੰ ਮਿਲੀ ਇਹ ਸੰਤ ਪਦਵੀ, ਅੰਗਰੇਜ਼ ਹਕੂਮਤ ਦੀ ਹੀ ਦੇਣ ਹੈ। ਇੰਨ੍ਹਾਂ ਮਹਾਪੁਰਖਾਂ ਵਲੋਂ ਸਿੱਖ ਕੌਮ ਦੇ ਸਰਮਾਏ (ਅਰਬਾਂ ਰੁਪਏ) ਨਾਲ ਬਣਾਈਆਂ ਡੇਰਿਆਂ ਦੀਆਂ ਜਾਇਦਾਦਾਂ, ਇਨ੍ਹਾਂ ਡੇਰਿਆਂ ਦੀਆਂ ਨਿੱਜੀ ਹਨ। ਸਿੱਖ ਕੌਮ ਦਾ ਇਨ੍ਹਾਂ ਜਾਇਦਾਦਾਂ ਉੱਤੇ ਕੋਈ ਅਧਿਕਾਰ ਨਹੀਂ ਹੈ। ਇੰਨ੍ਹਾਂ ਡੇਰੇਦਾਰਾਂ ਦੇ ਮੱਕੜ ਜਾਲ ਵਿਚ ਫਸੀ ਹੋਈ ਗਿਆਨ ਵਿਹੂਣੀ (ਹਉ ਸਾਨੂੰ ਕੀ ਵਾਲੀ) ਸੋਚ ਨੂੰ, ਗੁਰਮਤਿ ਵਿਚਾਰਧਾਰਾ ਵਿੱਚ ਹੋ ਰਹੇ ਘੱਪਲੇ ਦੀ ਕੀ ਪ੍ਰਵਾਹ ਹੈ।

ਗਿਆਨ ਵਿਹੂਣਾ ਗਾਵੈ ਗੀਤ ॥
ਭੁਖੇ ਮੁਲਾਂ ਘਰੇ ਮਸੀਤਿ ॥
ਮਖਟੂ ਹੋਇ ਕੈ ਕੰਨ ਪੜਾਏ ॥
ਫਕਰੁ ਕਰੇ ਹੋਰੁ ਜਾਤਿ ਗਵਾਏ ॥
ਗੁਰੁ ਪੀਰੁ ਸਦਾਏ ਮੰਗਣ ਜਾਇ ॥
ਤਾ ਕੈ ਮੂਲਿ ਨ ਲਗੀਐ ਪਾਇ ॥
ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥੧੨੪੫॥

ਅਰਥ, ਭਾਈ ਸਾਹਿਬ ਸਿੰਘ ਜੀ ਦੇ ਕੀਤੇ ਟੀਕੇ ਦੀ ਨੌਵੀਂ ਪੋਥੀ ਵਿੱਚੋਂ ਦੇਖੋ। ਅੱਜ ਬਹੁ ਗਿਣਤੀ ਸਿੱਖ ਅਖਾਉਣ ਵਾਲੇ, ਸ਼ਬਦ ਗੁਰੂ ਦੇ ਨਹੀਂ ਵਿਹਲੜ ਮਖੱਟੂਆਂ (B.S.P. ਬ੍ਰਿਟਿਸ਼ ਸੋਚ ਦੀ ਪੈਦਾਵਾਰ) ਦੇ ਹੀ ਚਾਟੜੇ ਬਣ ਚੁੱਕੇ ਹਨ। ਬੜੀ ਹੈਰਾਨੀ ਅਤੇ ਦੁੱਖ ਹੁੰਦਾ ਹੈ ਉਨ੍ਹਾਂ (ਗੁਰਮਤਿ ਵਿਚਾਰਧਾਰਾ ਤੋਂ ਅਨਜਾਣ ਤੇ ਸਰੀਰ ਪੂਜਕ) ਸਿੱਖ ਅਖਵਾਉਣ ਵਾਲਿਆਂ ਵਲ ਦੇਖ ਕੇ, ਜੋ ਐਸੇ ਪਾਖੰਡੀਆਂ (ਕਿਰਤੀ ਕਾਮਿਆਂ ਦੀ ਕਮਾਈ ਨਾਲ ਪਲਣ ਵਾਲਿਆਂ) ਦੇ ਚਰਨ ਚੱਟਦੇ ਫਿਰਦੇ ਹਨ। ਸਿੱਖ ਕੌਮ ਵਿੱਚ ਇਹ ਭਾਣਾ ਗੁਰੂ ਗਿਆਨ ਵਲੋਂ ਅਨਜਾਣਤਾ ਦੇ ਕਾਰਨ ਹੀ ਵਰਤਿਆ ਹੈ। ਐ ਸ਼ਬਦ ਗੁਰੂ ਦੇ ਸਿੱਖੋ, ਜੇ ਸੁਚੇਤ ਨਾ ਹੋਏ ਤਾਂ ਸੱਚ ਜਾਣਿਓ, ਗੁਰੂ ਵਲੋਂ ਬੇਮੁਖਤਾਈ ਦੇ ਖ਼ਿਤਾਬ ਨਾਲ ਹੀ ਨਿਵਾਜੇ ਜਾਉਗੇ।

ਸ਼ਬਦ ਗੁਰੂ ਨਾਲ ਜੋੜਿਆ ਸਤਿਗੁਰਾਂ ਸੀ,
ਕਲਪਿਤ ਮੂਰਤਾਂ ਨੂੰ ਅਸੀਂ ਧਿਆਈ ਜਾਂਦੇ।
ਜਿਹੋ ਜਿਹੀ ਭੀ ਕਿਸੇ ਦੇ ਮਨ ਭਾਉਂਦੀ,
ਉਹੀਓ ਗੁਰੂ ਦੀ ਸ਼ਕਲ ਬਣਾਈ ਜਾਂਦੇ।
ਪੁੱਛਿਆਂ ਸਿੱਖ ਆਖੇ ਸ਼ਬਦ ਗੁਰੂ ਮੇਰਾ,
ਮੱਥਾ ਮੂਰਤੀਂ ਮੜ੍ਹੀਏਂ ਘਸਾਈ ਜਾਂਦੇ।
ਬਾਹਰੀ ਬਾਣੇ ਨੂੰ ਪੂਰਾ ਸ਼ੰਗਾਰਦੇ ਹਾਂ,
ਐਪਰ ਸਿੱਖੀ ਕਿਰਦਾਰ ਗਵਾਈ ਜਾਂਦੇ।
ਗੁਰੂ ਹੁਕਮ ਸਿੱਖ ਭੁੱਲੇ ਜੇ ਆਖ ਦੇਈਏ,
ਮੰਨਦੇ ਨਹੀਂ ਸੱਚ ਤਾਈਂ ਝੁਠਲਾਈ ਜਾਂਦੇ।

ਇੱਕ ਓਅੰਕਾਰ ਨੂੰ ਅਸੀਂ ਭੁਲਾ ਬੈਠੇ,
ਮਾਲਾਂ ਖੰਡਿਆਂ ਦੇ ਸਿੱਖ ਅਖਵਾਈ ਜਾਂਦੇ।
ਕਰਤਾ ਛੱਡ ਕਰੀਏ ਅਸੀਂ ਕਿਰਤ ਪੂਜਾ,
ਜੈ ਤੇਗੰ ਦੀ ਜੋਸ਼ ਵਿੱਚ ਗਾਈ ਜਾਂਦੇ।
ਧਰਮ ਬਾਨੀ ਨੂੰ ਪਿੱਛੋਂ ਹਾਂ ਯਾਦ ਕਰਦੇ,
ਪਹਿਲੋਂ ਸਿੱਖ ਭਗੌਤੀ ਧਿਆਈ ਜਾਂਦੇ।

ਗੁਰੂ ਪਿਆਰਿਓ, ਆਪਣੇ ਗੁਰੂ ਦੇ ਹੁਕਮ (**ਸਭ ਸਿੱਖਨ ਕਉ ਹੁਕਮ ਹੈ ਗੁਰੂ ਮਾਨਿਓਂ ਗ੍ਰੰਥ**) ਨੂੰ ਮੰਨਦੇ ਹੋਏ, ਗੁਰੂਬਾਣੀ ਪੜ੍ਹੀਏ ਵਿਚਾਰੀਏ ਅਤੇ ਉਪਦੇਸ਼ ਅਨੁਸਾਰੀ ਜੀਵਨ ਬਣਾਈਏ। ਆਓ (**ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥ ਹਰਿ ਨਾਵੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥**) ਗੁਰ ਉਪਦੇਸ਼ ਅਨੁਸਾਰ, ਅਕਾਲ ਪੁਰਖ ਅੱਗੇ ਪ੍ਰਭੂ ਪਿਆਰਿਆਂ (ਗੁਰਮੁਖਾਂ) ਦੇ ਮੇਲ ਲਈ ਸਨਿਮਰ ਬੇਨਤੀ ਕਰੀਏ।

ਮਿਹਰਾਂ ਵਾਲਿਆ ਮਿਹਰ ਵਰਤਾਈਂ ਐਸੀ,
ਮਤਿ ਗੁਰੂ ਦੀ ਸਦਾ ਸਮਝਾਈਂ ਮੈਨੂੰ।
ਹੁਕਮ ਗੁਰੂ ਦਾ ਸਿੱਖੀ ਵਿਚਾਰ ਧਾਰਾ,
ਬਾਣੀ ਬਾਣੇ ਲਈ ਫ਼ਰਜ਼ ਸਿਖਲਾਈਂ ਮੈਨੂੰ।
ਸਿੱਖ ਹੋਣ ਦਾ ਸਦਾ ਹੀ ਮਾਣ ਹੋਵੇ,
ਚੋਗ ਗਿਆਨ ਦੀ ਸਦਾ ਚੁਗਾਈਂ ਮੈਨੂੰ।
ਸਿਮਰਨ ਸੇਵਾ ਸੁੱਚ ਸੰਜਮ ਦੀ ਕਰੀਂ ਬਖ਼ਸ਼ਿਸ਼,
ਅੰਮ੍ਰਿਤ ਨਾਮ ਦੀ ਰੰਗਤ ਚੜ੍ਹਾਈਂ ਮੈਨੂੰ।
ਸਮਝ ਸਕਾਂ ਗੁਰੂ ਬਾਣੀ ਦੀਆਂ ਗੁਹਜ਼ ਰਮਜ਼ਾਂ,
ਗੈਬੀ ਗਿਆਨ ਦੇ ਗੱਫੇ ਵਰਤਾਈਂ ਮੈਨੂੰ।
ਲਿਖਾਂ ਸੱਚ ਜੋ ਗੁਰਮਤਿ ਅਨੁਸਾਰ ਹੋਵੇ,
ਇੱਛਾ ਸ਼ੋਹਰਤ ਦੀ ਸਦਾ ਭੁਲਾਈਂ ਮੈਨੂੰ।
ਕਾਦਰ ਛੱਡ ਨਾ ਕੁਦਰਤ ਦੀ ਕਰਾਂ ਪੂਜਾ,
ਵਹਿਮਾਂ ਭਰਮਾਂ ਦੇ ਰਾਹ ਨਾ ਪਾਈਂ ਮੈਨੂੰ।
ਤੇਰੀ ਰਜ਼ਾ ਵਿੱਚ ਦਾਤਾ ਜੋ ਰਹਿਣ ਰਾਜ਼ੀ,
ਕਿਸ਼ਨ ਸੋਈ ਪਿਆਰੇ ਮਿਲਾਈਂ ਮੈਨੂੰ।

ਗੁਰੂ ਨਾਨਕ ਵਿਚਾਰਧਾਰਾ (ਸ਼ਬਦ ਗੁਰੂ) ਨੂੰ ਪ੍ਰਚਾਰਨ ਤਹਿਤ ਇਹ ਕਿਤਾਬਚਾ (ਖੋਜੁ ਦਿਲ ਹਰ ਰੋਜ) ਸਿੱਖ ਕੌਮ ਦੇ ਸੁਹਿਰਦ ਸੋਚ ਵਾਲੇ ਪਾਠਕਾਂ ਦੀ ਗੁਰਮਤਿ ਪਰਖ ਕਚਿਹਰੀ ਵਿੱਚ ਹਾਜਰ ਹੈ। ਰਹੀ ਊਣਤਾਈ ਲਈ ਗੁਰਬਾਣੀ ਵਿਚਾਰਧਾਰਾ ਤਹਿਤ ਜਾਣੂੰ ਕਰਾਉਣ ਲਈ ਤਹਿ ਦਿਲੋਂ ਧੰਨਵਾਦੀ ਹੋਵਾਂਗਾ।

ਕਿਸ਼ਨ ਸਿੰਘ

ਗੁਰ ਸੁਨੇਹਾ

ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ ॥
ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ ॥ਰਹਾਉ॥੭੨੭/੮॥

ਐ ਪ੍ਰਾਣੀ ਮਨ ਵਿੱਚ ਉੱਠਦੇ ਹਰ ਵਿਚਾਰ ਜਾਂ ਕੀਤੇ ਕਾਰਜ ਦੀ ਪੜਚੋਲ ਆਪਣੇ ਅੰਦਰੋਂ ਹੀ ਖੋਜ (ਢੰਢੋਲ, ਵਿਚਾਰ) ਆਪਣੇ ਹੀ ਮਨ ਨਾਲ ਕਰ। ਐਵੇਂ ਕਿਸੇ ਤਕਰਾਰ ਤਹਿਤ ਘਬਰਾਹਟ (ਪਰੇਸ਼ਾਨੀ) ਵਿੱਚ ਨਾਹ ਭਟਕ। ਇਹ ਜਗਤ ਜਾਦੂਈ (ਸੁਪਨੇ ਜਿਹਾ), ਤਮਾਸ਼ਾਈ ਮੇਲਾ ਹੈ। ਇਸ ਵਿੱਚੋਂ, ਅਗਿਆਨ ਤਹਿਤ ਕੀਤੇ ਜਾਂ ਹੋਏ ਵਿਵਾਦਾਂ ਰਾਹੀਂ ਹੱਥ-ਪੱਲੇ ਕੁੱਝ ਨਹੀਂ ਪੈਣ ਵਾਲਾ। ਜੋ ਪ੍ਰਾਪਤੀ ਹੋਵੇਗੀ, ਸੁਚੱਜੀ ਸੋਚ ਗਿਆਨ ਤਹਿਤ ਕੀਤੀ ਵਿਚਾਰ (**ਮਹਾ ਅਨੰਦੁ ਗੁਰ ਸਬਦੁ ਵੀਚਾਰਿ ॥੩੭੦/੧੬॥**), ਅੰਦਰੂਨੀ ਖੋਜ ਨਾਲ ਹੀ ਹੋਵੇਗੀ।

ਅਸੱਚ ਵਾਰੇ ਸਾਵਧਾਨ ਹੋਇਆ ਮਨ ਹੀ ਸੱਚ ਨਾਲ ਜੁੜ ਸਕਦਾ ਹੈ ਅਤੇ ਸੱਚ ਨਾਲ ਜੁੜਿਆ ਮਨ ਅਗਿਆਨਤਾਈ ਭੁੱਲਣ ਭੁਲਾਈਆਂ ਵਿੱਚ ਨਹੀਂ ਭਟਕਦਾ। ਸਤਿਗੁਰੂ (ਗੁਰੂ ਗ੍ਰੰਥ ਸਾਹਿਬ) ਜੀ ਦੀ ਬਾਣੀ ਪ੍ਰਾਣੀ ਨੂੰ ਗ੍ਰਿਸਤੀ ਜੀਵਨ ਦੇ ਫ਼ਰਜ਼ ਨਿਭਾਉਂਦਿਆਂ, ਮਾਇਆਵਾਦੀ ਸੰਸਾਰਕ ਮੋਹ ਬੰਧਨਾਂ (ਅਸੱਚ) ਵਲੋਂ ਸਾਵਧਾਨ (ਸੁਚੇਤ) ਰਹਿਣ ਅਤੇ ਪ੍ਰਭੂ ਪਿਆਰ (ਸੱਚ, ਗਿਆਨ) ਦਾ ਰਾਹ ਦਿਖਾਉਂਦੀ ਅਤੇ ਇਸ ਰਾਹ ਉੱਤੇ ਚੱਲਣਾ ਸਿਖਾਉਂਦੀ ਹੈ। ਗੁਰੂਬਾਣੀ, ਗੁਰ ਸੁਨੇਹਾ ਹੈ ਅਤੇ ਸ਼ਬਦ ਗੁਰੂ ਦੇ ਸਿੱਖ ਅਖਵਾਉਣ ਵਾਲੇ ਨੇ ਇਹ ਖੋਜ (ਵਿਚਾਰ) ਕਰਨੀ ਹੈ ਕਿ ਮੈਂ ਆਪਣੇ ਗੁਰੂ ਦਾ ਸੁਨੇਹਾ ਸੁਣਿਆਂ ਹੈ ? ਜੇ ਸੁਣਿਆ ਹੈ ਤਾਂ ਉਸ ਸੁਣੇ ਦੀ ਵਿਚਾਰ ਕੀਤੀ, ਉਸ ਨੂੰ ਮੰਨਿਆਂ ? **ਸੁਣਿਆ ਮੰਨਿਆ ਮਨਿ ਕੀਤਾ ਭਾਉ ॥ ਅੰਤਰਗਤਿ ਤੀਰਥਿ ਮਲਿ ਨਾਉ ॥** ਜਪੁ ਪਉੜੀ ੨੧॥ ਜਿਸ ਪ੍ਰਾਣੀ ਨੇ ਪ੍ਰਭੂ ਦੇ ਨਾਮ (ਸੱਚ, ਗਿਆਨ) ਨੂੰ ਸੁਣ ਲਿਆ ਅਤੇ ਉਸ ਸੁਣੇ ਨੂੰ ਸੱਚ ਜਾਣ ਉਸ ਵਿੱਚ ਸੁਰਤ ਜੋੜੀ (ਮੰਨਿਆਂ) ਹੈ, ਪ੍ਰਭੂ ਹੁਕਮ (ਗੁਰ ਉਪਦੇਸ਼) ਨਾਲ ਪਿਆਰ ਬਣਾਇਆ, ਵਿਚਾਰਿਆ ਹੈ, ਉਸ ਪ੍ਰਾਣੀ ਨੇ ਆਪਣੇ ਅੰਦਰਲੇ ਪ੍ਰਭੂ (**ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ ॥੧੩/੫॥**) ਨੂੰ ਜਾਣ ਲਿਆ ਤੇ ਆਪਣੇ ਦਿਲ ਦੀ ਭਰਮਈ ਮੈਲ ਧੋ ਲਈ (ਅੰਦਰ ਸੱਚ ਦਾ ਪ੍ਰਕਾਸ਼ ਹੋ ਗਿਆ) ਹੈ। ਸੱਚ (ਗੁਰ-ਉਪਦੇਸ਼, ਇੱਕ ਦੇ ਹੋ ਰਹੀਏ ਵਾਲੀ ਸੋਚ) ਨਾਲ ਜੁੜ ਜਾਣ ਵਾਲੇ ਮਨ ਨੂੰ, ਅਡੋਲਤਾ ਦੀ ਬੁੱਕਲ ਆਪਣੇ ਨਿੱਘ ਵਿੱਚ ਲੈ ਲੈਂਦੀ ਹੈ। ਫਿਰ ਜਗਤ ਭਰਮਾਊ (ਵਹਿਮ, ਭਰਮ ਤੇ ਕਰਮਕਾਂਡੀ) ਵਰਤਾਰੇ ਐਸੀ ਅਵਸਥਾ ਉੱਤੇ ਆਪਣਾ ਕੋਈ ਪ੍ਰਭਾਵ ਨਹੀਂ ਪਾ ਸਕਦੇ। ਇਹ ਭੀ ਇੱਕ ਸੱਚ ਹੀ ਹੈ ਕਿ ਸਿੱਖ ਕੌਮ ਨਾਲ ਸੰਬੰਧਿਤ

ਆਮ ਗੁਰਦੁਆਰੇ, ਇਤਿਹਾਸਕ ਹੋਣ ਜਾਂ ਆਮ ਪਿੰਡਾਂ ਵਿੱਚ ਬਣੇ ਹੋਏ, ਸਭ ਸਿਆਸਤੀ ਸੋਚ (Politician Thought) ਦੇ ਕਬਜ਼ੇ ਹੇਠ ਆ ਚੁੱਕੇ ਹਨ। ਗੁਰਮਤਿ ਅਨੁਸਾਰੀ ਸੋਚ ਨੂੰ ਤਾਂ ਇਹ ਸਿਆਸਤੀ ਸੋਚ ਗੁਰੂ ਘਰਾਂ ਦੇ ਨੇੜੇ ਭੀ ਨਹੀਂ ਫ਼ਰਕਣ (ਗੁਰੂਬਾਣੀ ਵਿਚਾਰਧਾਰਾ ਅਨੁਸਾਰ ਬੋਲਣ) ਦਿੰਦੀ। ਪਾਠ, ਕੀਰਤਨ, ਕਥਾ, ਰਾਗੀ ਢਾਡੀ ਸਭ ਠੇਕੇਦਾਰਾਂ ਦੀ ਠੇਕੇਦਾਰੀ ਦੇ ਅਧੀਨ ਹੀ ਚੱਲਦੇ ਹਨ। ਸਿੱਖ ਸਮਾਜ ਨਾਲ ਸੰਬੰਧਿਤ ਆਮ ਲੋਕਾਈ, ਸ਼ੁਹਰਤ ਲੋਚ ਸੋਚ ਅਧੀਨ ਫੋਕੇ ਦਿਖਾਵੇ ਅਤੇ ਬਣੇ ਬਣਾਏ (Ready Made ਬਸਤਰ, ਭੋਜਨ, ਭਗਤੀ ਤੇ ਪਾਠ ਫਲ ਕਰਮ) ਦੀ ਆਦੀ ਹੋ ਚੁੱਕੀ ਹੈ। ਸਿੱਖ ਧਰਮ ਨਾਲ ਸੰਬੰਧਿਤ ਅਖੌਤੀ ਪੂਜਾਰੀ ਸ਼੍ਰੇਣੀ ਨੂੰ, ਅੰਧੀ ਰਯਤਿ ਗਿਆਨ ਵਿਹੂਣੀ ਦੀ ਇਹ ਅਗਿਆਨਤਾ ਬੜੀ ਰਾਸ ਆ ਰਹੀ ਹੈ। ਜਾਂ ਇਹ ਕਹਿ ਲਵੋ ਕਿ ਸਿੱਖ ਸਮਾਜ ਦੀ ਬਹੁ ਗਿਣਤੀ (ਸਮੇਤ ਪੂਜਾਰੀ ਤੇ ਪ੍ਰਬੰਧਕ ਸ਼੍ਰੇਣੀ), ਮਨਮਤਿ ਖਾਣ, ਪਹਿਨਣ ਤੇ ਸੁਣਨ ਦੀ ਏਨੀ ਆਦੀ ਹੋ ਚੁੱਕੀ ਹੈ ਕਿ ਗੁਰਮਤਿ (ਗੁਰਬਾਣੀ) ਦੀ ਵਿਚਾਰਧਾਰਾ ਨੂੰ, ਇੰਨ੍ਹਾਂ ਦਾ ਹਾਜ਼ਮਾ ਜਾਂ ਵਿਚਾਰ ਬੁੱਧੀ, ਹਜ਼ਮ ਜਾਂ ਬਰਦਾਸ਼ਤ ਹੀ ਨਹੀਂ ਕਰਦੀ। ਵੈਸੇ ਭੀ ਇਹ ਇੱਕ ਸਚਾਈ ਹੀ ਹੈ ਕਿ, ਪੂਜਾਰੀ ਸ਼੍ਰੇਣੀ ਦੀ ਸੋਚ ਅਤੇ ਗਿਆਨ ਦਾ ਕੋਈ ਮੇਲ ਹੀ ਨਹੀਂ ਹੈ। ਇਸੇ ਕਰ ਕੇ ਪੁਰਾਤਨ ਸਿੱਖਾਂ ਨੂੰ ਕਹਿਣਾ ਪਿਆ, ਧਰਮਸਾਲ ਦੀਆਂ ਰੋਟੀਆਂ ਤਿੰਨ ਕੰਮ ਕਰੇਨ। ਹੱਡ ਗਾਲਣ, ਮੱਤ ਮਾਰਨ, ਕੰਮ ਕਰਨ ਨਾ ਦੇਣ। ਅਕਾਲ ਪੁਰਖ ਹੀ ਸਿੱਖ ਕੌਮ ਨੂੰ ਸੁਮੱਤ ਬਖ਼ਸ਼ੇ। ਲੋੜ ਹੈ ਗੁਰ ਉਪਦੇਸ਼ ਨੂੰ ਜਾਨਣ ਸਮਝਣ ਅਤੇ ਆਪਣੇ ਨਿੱਜੀ ਜੀਵਨ ਵਿੱਚ ਅਪਨਾਉਣ ਦੀ। **ਗੁਰਸਿਖ ਮੀਤ ਚਲਹੁ ਗੁਰ ਚਾਲੀ ॥ ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ ॥**੬੬੭/੧੫॥

ਇੱਕ ਦਾ ਬਰਖ਼ੁਰਦਾਰ

ਐ ਸਿੱਖ ਅਖਾਵਣ ਵਾਲਿਓ, ਕਦੀ ਬਾਣੀ ਪੜ੍ਹੋ ਵਿਚਾਰ।
ਸਾਰੀ ਦੁਬਿਧਾ ਮਨ ਦੀ ਮਿਟ ਜਾਊ, ਆਊ ਜੀਵਨ ਵਿੱਚ ਨਿਖ਼ਾਰ।

ਇਹ ਬ੍ਰਹਿਮੰਡ ਜੋ ਦਿੱਸਦਾ ਪਸਰਿਆ, ਜਿਸਦਾ ਅੰਤ ਨਾ ਪਾਰਾਵਾਰ।
ਇੱਕ ਦੇ ਹੁਕਮ ਵਿੱਚ ਸਭ ਚੱਲਦੀ, ਕੁਦਰਤ ਹੈ ਉਸਦੀ ਸਰਕਾਰ।

ਜਿੱਥੇ ਜਾਣ ਪਹਿਚਾਣ ਨਾ ਚੱਲਦੀ, ਰਿਸ਼ਵਤ ਖੋਰੀ ਵੀ ਦੁਸ਼ਵਾਰ।
ਉੱਥੇ ਅਸਲੀ ਖੇਡ ਪਿਆਰ ਦੀ, ਉਂਝ ਦੁਸ਼ਮਣ ਨਾ ਕੋਈ ਯਾਰ।

ਉਮਰਾਂ ਬੀਤੀਆਂ ਬਾਣੀ ਪੜ੍ਹਦਿਆਂ, ਰੋਟੀ ਰੋਜ਼ੀ ਦਾ ਵਿਉਪਾਰ।
ਮਿੱਥ ਮਿੱਥ ਰੌਲਾਂ ਪਾਠ ਲਈ ਲਗਦੀਆਂ, ਵੱਧ ਘੱਟ ਪੰਨਿਆਂ ਦੀ ਤਕਰਾਰ।

ਕਿਸ ਕੀ ਪੜ੍ਹਿਆ ਸੁਣਿਆਂ ਸਮਝਿਆ, ਫੋਕੀ ਸ਼ੋਹਰਤ ਸਿਰ ਅਸਵਾਰ।
ਕੀਤੇ ਹੋਏ ਪਾਠ ਮਿਲ ਜਾਂਵਦੇ, ਰੈਡੀਮੇਡ ਦਾ ਕਾਰੋਬਾਰ।

ਮਾਇਆ ਦਿਓ ਤੇ ਪਾਠ ਖ੍ਰੀਦ ਲਓ, ਸੌਖੇ ਰਾਹ ਪੈ ਗਿਆ ਸੰਸਾਰ।
ਅੰਨ੍ਹੀਂ ਸ਼ਰਧਾ ਦੁਸ਼ਮਣ ਗਿਆਨ ਦੀ, ਸ਼ਬਦ ਵਿਚਾਰ ਬਿਨ੍ਹਾਂ ਅੰਧਕਾਰ।

ਖਜ਼ਾਨਾਂ ਪਿਉ ਦਾਦੇ ਜੋ ਬਖ਼ਸ਼ਿਆ, ਉਸਦਾ ਬਣ ਜਾ ਪਹਿਰੇਦਾਰ।
ਪ੍ਰਭ ਦੀ ਸ਼ਰਨ ਪਇਆਂ ਸੁਖ ਪਾਈਦਾ, ਬਾਣੀ ਕਹੇ ਪੁਕਾਰ ਪੁਕਾਰ।

ਜੇਕਰ ਆਪਣੀਆਂ ਛੱਡ ਸਿਆਣਪਾਂ, ਲਈਏ ਬਚਨ ਗੁਰੂ ਰਿਦੈ ਧਾਰ।
ਬਾਣੀ ਕਾਗੋਂ ਹੰਸ ਬਣਾ ਦਏ, ਸਾਨੂੰ ਹੋ ਜਾਏ ਜੇ ਇਤਬਾਰ।

ਚੰਬੜੀਆਂ ਜੋਕਾਂ ਬਹੁ ਸਿੱਖ ਧਰਮ ਨੂੰ, ਆਪੂੰ ਬਣਨ ਜੋ ਬ੍ਰਹਮ ਅਵਤਾਰ।
ਬਗਲੇ ਨਿੱਤ ਕੌਤਕ ਕੋਈ ਸਿਰਜਦੇ, ਕਰਨ ਪਾਖੰਡਾਂ ਦਾ ਇਜ਼ਹਾਰ।

ਭੇਖੀਂ ਸਤਿਗੁਰ ਨਹੀਓਂ ਰੀਝਦਾ, ਲੋਭੀ ਮਨ ਦਾ ਭੇਖ ਆਧਾਰ।
ਸੱਚੇ ਸਤਿਗੁਰੂ ਦੀ ਸਿੱਖਿਆ, ਲਾਊ ਜੀਵਨ ਬੇੜਾ ਪਾਰ।

ਸੁਣ ਕੇ ਗੁਰ ਉਪਦੇਸ਼ ਨੂੰ ਮੰਨਣਾਂ, ਇਹੀ ਸਤਿਗੁਰ ਦਾ ਸਤਿਕਾਰ।
ਨਾਨਕ ਮਿਸ਼ਨ ਕਸੌਟੀ ਸੱਚ ਦੀ, ਸੱਚ ਤੋਂ ਉੱਪਰ ਸੱਚ ਆਚਾਰ।

ਸਿੱਖ ਦੀ ਬਾਂਹ ਤਦ ਹੀ ਗੁਰੂ ਫੜੇਗਾ, ਬਣ ਗਿਆ ਜਦ ਸਿੱਖੀ ਕਿਰਦਾਰ।
ਇੱਕ ਦਿਨ ਡੁੱਬਦਾ ਵਿੱਚ ਮੰਝਧਾਰ ਦੇ, ਜੋ ਦੋ ਬੇੜੀਂ ਅਸਵਾਰ।

ਤੇਰਾ ਗੁਰੂ ਗਿਆਨ ਦਾ ਬੋਹਿਥਾ, ਚੜ੍ਹ ਲੰਘ ਭਵ ਸਾਗਰ ਪਾਰ।
ਕਾਤੋਂ ਥ੍ਹਾਂ ਥ੍ਹਾਂ ਕਿਸ਼ਨ ਤੂੰ ਭਟਕਦਾ, ਬਣ ਜਾ ਇੱਕ ਦਾ ਬਰਖ਼ੁਰਦਾਰ।

ਅਕ੍ਰਿਤਘਣਤਾ

ਦੋ ਸੌ ਉਨਤਾਲੀ ਸਾਲ ਦਾ ਸਮਾਂ ਅਤੇ ਦਸ ਸਰੀਰਾਂ ਵਿੱਚ ਵਿਚਰੀ, ਇਸ ਇੱਕ (ਗੁਰੂਬਾਣੀ) ਵਿਚਾਰਧਾਰਕ ਗਿਆਨ ਜੋਤ ਨੇ, ਸਦੀਆਂ ਤੋਂ ਆਪਣੀ ਹੋਂਦ ਭੁਲਾ ਅਤੇ ਗ਼ੈਰਤ ਗਵਾ ਚੁੱਕਿਆਂ ਨੂੰ, ਸਵੈਮਾਣ ਨਾਲ ਜੀਣਾ ਸਿਖਾਇਆ। ਮਰ ਚੁੱਕੀ ਜ਼ਮੀਰ ਨੂੰ ਜਿੰਦਾ ਕਰਨ ਜਾਂ ਸਾਹਸ ਭਰਪੂਰ ਬਣਾਉਣ ਲਈ, ਸਿੱਖ ਸਤਿਗੁਰਾਂ ਨੂੰ ਆਪਣੀ, ਆਪਣੇ ਪਰਿਵਾਰ ਦੀ ਅਤੇ ਬੇਅੰਤ ਕੌਮੀ ਪੈਰੋਕਾਰਾਂ ਦੀ ਕੁਰਬਾਨੀ ਦੇਣੀ ਪਈ। ਜਦ ਤੋਂ ਇਤਿਹਾਸ, ਹੋਂਦ ਵਿੱਚ ਆਇਆ ਹੈ, ਗੁਰੂ ਨਾਨਕ ਦੇ ਘਰ ਦੀ ਵਿਚਾਰਧਾਰਾ ਅਤੇ ਗੁਰੂ ਨਾਨਕ ਦੇ ਘਰ ਦੀਆਂ ਅਦੁੱਤੀ ਕੁਰਬਾਨੀਆਂ ਦੀ ਮਿਸਾਲ, ਕਿਧਰੇ ਨਹੀਂ ਮਿਲਦੀ ਅਤੇ ਸਿੱਖ ਧਰਮ ਤੋਂ ਬਾਹਰ, ਮਿਲ ਭੀ ਨਹੀਂ ਸਕਦੀ। ਪਰ, ਦੁੱਖ ਹੁੰਦਾ ਹੈ ਅੱਜ ਸਿੱਖ ਕੌਮ ਦੀ ਤਰਸ ਯੋਗ ਹਾਲਤ ਦੇਖ ਕੇ, ਕਿ ਸਿੱਖ ਸਮਾਜ ਵਿੱਚ ਆਪਣੀ ਪੈਂਠ (Reputation) ਬਣਾ ਚੁੱਕਾ, ਭੇਖੀ ਅਤੇ ਪਾਖੰਡੀ ਸੰਤ ਸਮਾਜ (ਸਿੱਖੀ ਪਹਿਰਾਵੇ ਵਿੱਚ ਲਿਪਟੀ, ਸਨਾਤਨੀ ਸੋਚ ਵਾਲਾ ਬਹਿਰੂਪੀਆ) ਨਿਆਰੀ (ਵਿਲੱਖਣਤਾਈ) ਸਿੱਖੀ ਨੂੰ ਮਿਲਗੋਭਾ ਬਨਾਉਣ (ਇਸ ਦੀ ਨਿਆਰੀ ਵਿਲੱਖਣਤਾ ਨੂੰ ਗੰਧਲਾਉਣ) ਲਈ ਆਪਣਾ ਪੂਰਾ ਜੋਰ ਲਾਈ ਜਾ ਰਿਹਾ ਹੈ ਅਤੇ ਸਿੱਖ ਕੌਮ ਇਸ ਦੀ ਚਾਣਕੀਆ ਨੀਤੀ ਤੋਂ ਅਨਜਾਣ ਰਹਿ ਕੇ, ਇਸ ਸੋਚ ਨੂੰ ਪੂਰਾ ਮਾਣ ਤੇ ਸਤਿਕਾਰ ਦੇਈ ਜਾ ਰਹੀ ਹੈ। ਅੱਜ ਸਿੱਖ ਕੌਮ ਦੀ ਬਹੁ-ਗਿਣਤੀ ਆਪਣੇ ਸ਼ਬਦ ਗੁਰੂ ਦੀ ਵਿਚਾਰਧਾਰਾ ਵਲੋਂ ਸੱਖਣੀ ਹੋ ਕੇ (ਰਟਨਈ ਤੋਤਿਆਂ ਦੀ ਤਰ੍ਹਾਂ), ਸਾਧਾਂ ਸੰਤਾਂ ਦੇ ਜਾਲ ਵਿੱਚ ਫਸ ਚੁੱਕੀ ਹੈ ਅਤੇ ਕੌਮ ਨੂੰ ਇਸ ਅਗਿਆਨਤਾ ਵਿੱਚ ਲਿਆਉਣ ਦਾ ਪੂਰਾ ਜਿੰਮੇਂਵਾਰ ਹੈ ਸੰਤ ਸਮਾਜ। ਜੋ ਦਿਖਾਵਾ (ਪਹਿਰਾਵਾ) ਤਾਂ ਸਿੱਖ ਹੋਣ ਦਾ ਕਰਦਾ ਹੈ ਪਰ (**ਗੁਰ ਉਪਦੇਸ਼, ਜੀਅਹੁ ਮੈਲੇ ਬਾਹਰਹੁ ਨਿਰਮਲ॥ ਬਾਹਰਹੁ ਨਿਰਮਲ ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ॥੯੧੯/੧੩॥** ਅਨੁਸਾਰ) ਸੋਚ ਵਿੱਚ ਬਿੱਪਰ ਵਿਚਾਰਧਾਰਾ ਸਮਾਈ ਹੋਈ ਹੈ। ਸਿੱਖ ਕੌਮ ਅੰਦਰ ਜੋ ਭੀ ਵਿਵਾਦੀ (ਖਾਣ, ਪਹਿਨਣ, ਰਾਗ ਮਾਲਾ, ਨਿੱਤਨੇਮੀ ਬਾਣੀਆਂ, ਪਾਠਾਂ ਦੇ ਫਲ, ਵਰ, ਸਰਾਪ, ਗੁਰਮਤਿ ਵਿਰੋਧੀ ਲਿਖਤਾਂ ਆਦਿ) ਮਸਲੇ ਹਨ ਇਹ ਸਿੱਖ ਕੌਮ ਨੂੰ ਥਾਂ ਥਾਂ ਵੰਡਣ ਲਈ, ਸਭ ਇਸ ਅਖੌਤੀ ਸੰਤ ਸਮਾਜ ਨੇ ਹੀ ਪਾਏ ਹੋਏ ਹਨ। ਕਿਵੇਂ ਅਤੇ ਕਦੋਂ ਆਵੇਗੀ ਸਿੱਖ ਕੌਮ ਅੰਦਰ ਆਪਣੇ ਗੁਰੂ ਦੇ ਸੱਚ ਸਿਧਾਂਤ ਨੂੰ ਸਮਝਣ ਦੀ ਜਾਗਰੂਕਤਾ ? ਕਦੋਂ ਹੋਵੇਗੀ ਸਾਡੀ ਸੋਚ ਇਹ ਜਾਨਣ ਲਈ ਉਤਾਵਲੀ ਕਿ ਅਸੀਂ ਫੋਕੇ ਮਾਣ ਨਾਲ, ਸਿੱਖ ਅਖਵਾਉਣ ਵਾਲੇ, ਆਪਣੇ ਉਸ ਗੁਰੂ ਦੇ ਹੁਕਮਾਂ ਤੋਂ ਕਿੰਨੀ ਦੂਰ ਜਾ ਚੁੱਕੇ ਹਾਂ, ਜਿਨ੍ਹਾਂ ਨੇ ਸਾਡੀ (ਸਿੱਖ ਕੌਮ ਦੀ) ਹੋਂਦ ਕਾਇਮ ਰੱਖਣ ਲਈ, ਆਪਣਾ ਕੋਈ ਭੀ ਜੀਅ (ਆਪਣੀ ਬੰਸਾਵਲੀ ਚੱਲਦੀ ਰੱਖਣ ਲਈ) ਬਚਾ ਕੇ ਨਹੀਂ ਰੱਖਿਆ।

ਕੀ ਸਿੱਖ ਕੌਮ ਆਪਣੇ ਇਤਿਹਾਸ ਨੂੰ ਨਹੀਂ ਜਾਣਦੀ ? ਕੀ ਸਿੱਖ ਸਤਿਗੁਰਾਂ ਦੀਆਂ ਘਾਲੀਆਂ ਘਾਲਣਾਂ ਅਤੇ ਕੌਮ ਲਈ ਦਿੱਤੀਆਂ ਕੁਰਬਾਨੀਆਂ ਨੂੰ ਝੁਠਲਾਇਆ ਜਾ ਸਕਦਾ ਹੈ ? ਨਹੀਂ, ਸਿੱਖ ਸਤਿਗੁਰਾਂ ਦਾ ਇਤਿਹਾਸ ਤੇ ਗੁਰ ਕਿਰਦਾਰ ਤਾਂ ਸੂਰਜ ਦੀ ਤਰ੍ਹਾਂ ਰੌਸ਼ਨ ਹੋਇਆ। ਜਿਸ ਨੇ ਪਰਾਈ ਹਕੂਮਤ ਦੀਆਂ ਜੜ੍ਹਾਂ ਹਿਲਾ ਦਿੱਤੀਆਂ। ਸਿੱਖ ਕੌਮ ਹੀ ਏਨੀ ਅਵੇਸਲੀ ਹੋ ਗਈ ਹੈ ਜਿਸ ਨੂੰ ਆਪਣੇ ਕੌਮੀ ਇਤਿਹਾਸ ਅਤੇ ਸਿੱਖੀ ਕਿਰਦਾਰ ਦਾ ਮਾਣ ਮੱਤਾ ਵਿਰਸਾ ਹੀ ਭੁੱਲ ਗਿਆ ਹੈ। ਹੋਵੇਗਾ ਦੁਨੀਆਂ ਵਿੱਚ ਕੋਈ ਸਾਡੇ ਵਰਗਾ ਅਕ੍ਰਿਤਘਣ, ਮਤਲਵ ਪ੍ਰਸਤ, ਭੇਖੀ ਜਾਂ ਪਾਖੰਡੀ ? ਸ਼ਾਇਦ, ਨਹੀਂ। ਲੋੜ ਹੈ ਸਾਨੂੰ ਆਪਣੇ ਸ਼ਬਦ ਗੁਰੂ ਦੀ ਵਿਚਾਰਧਾਰਾ ਨੂੰ ਸਮਝ ਕੇ ਆਪਣੇ ਅੰਦਰ ਝਾਤੀ ਮਾਰਨ ਦੀ, ਕਿ ਅਸੀਂ ਗੁਰ ਉਪਦੇਸ਼ ਅਨੁਸਾਰੀ ਸਿੱਖ ਹਾਂ ? ਲੋੜ ਹੈ, ਸਿੱਖ ਵਿਰੋਧੀ ਸੋਚ ਦੀ ਹਰ ਚਾਲ ਨੂੰ ਸਮਝਣ, ਪਹਿਚਾਨਣ ਅਤੇ ਅਕ੍ਰਿਤਘਣਤਾ ਦੇ ਲੱਗ ਰਹੇ ਦਾਗ਼ ਨੂੰ ਧੋਣ ਦੀ। ਐ ਸਿੱਖ ਵਿਚਾਰਧਾਰਾ ਵਲੋਂ ਮੂੰਹ ਫੇਰਨ ਵਾਲੇ ਕੌਮ ਦੇ ਜਾਨਸ਼ੀਨੋਂ, ਕਿੱਥੇ ਗਈ ਤੁਹਾਡੀ ਮਰਦਾਨਗੀ (ਗ਼ੈਰਤ, ਅਣਖ)। ਸਿੱਖ ਸਤਿਗੁਰਾਂ ਅਤੇ ਗੁਰੂ ਪਿਆਰੇ ਸਿੱਖਾਂ ਦੀਆਂ, ਕੌਮ ਲਈ ਕੀਤੀਆਂ ਕੁਰਬਾਨੀਆਂ ਨੂੰ ਭੁਲਾ ਕੇ, ਸਿੱਖੀ ਦੀ ਪਹਿਚਾਣ ਨੂੰ ਗਵਾ ਕੇ, ਐਵੇਂ ਫੋਕੀਆਂ ਬੜਕਾਂ ਮਾਰਨ ਨਾਲ, ਸਿਰ ਚੜ੍ਹਿਆ ਕੌਮੀ ਕਰਜ਼ ਨਹੀਂ ਉਤਾਰਿਆ ਜਾ ਸਕਦਾ। ਲੋੜ ਹੈ ਇਹ ਜਾਨਣ ਸਮਝਣ ਦੀ ਕਿ ਸਾਡੇ ਪੂਰਬਜ਼ਾਂ (Ancestors) ਨੂੰ ਅਸਹਿ ਦੁੱਖ, ਤਸੀਹੇ ਕਿਉਂ ਝੱਲਣੇ ਪਏ ? ਅਨਗਿਣਤ ਕੁਰਬਾਨੀਆਂ ਕਿਉਂ ਦੇਣੀਆਂ ਪਈਆਂ ? ਜੇਕਰ ਸਾਨੂੰ ਇੰਨ੍ਹਾਂ ਸਵਾਲਾਂ ਦੀ ਸਮਝ ਆ ਜਾਵੇ ਤਾਂ ਸ਼ਾਇਦ ਸਾਡੇ ਅੰਦਰਲੀ ਬੇਪ੍ਰਵਾਹ ਅਤੇ ਖ਼ੁਦਗ਼ਰਜ਼ ਹੋ ਚੁੱਕੀ ਇਨਸਾਨੀਅਤ ਜਾਗ ਪਵੇ। ਫਿਰ ਸ਼ਾਇਦ ਅਸੀਂ ਆਪਣੇ ਸਤਿਗੁਰਾਂ ਦੇ ਦਰਸਾਏ ਗੁਰਮੁੱਖੀ ਰਸਤੇ ਦੇ ਰਾਹੀ ਬਣ ਸਕੀਏ। ਐ ਸ਼ਬਦ ਗੁਰੂ ਦੇ ਪੈਰੋਕਾਰ ਅਖਵਾਉਣ ਵਾਲਿਓ, ਆਪਣੇ ਗੁਰੂ (ਗੁਰੂ ਗ੍ਰੰਥ ਸਾਹਿਬ) ਦਾ ਉਪਦੇਸ਼ ਪੜ੍ਹੀਏ, ਸੁਣੀਏਂ, ਵਿਚਾਰੀਏ ਅਤੇ ਮੰਨੀਏਂ (ਗੁਰੂ ਦੀ ਸਿੱਖਿਆ ਅਨੁਸਾਰ, ਜੀਵਨ ਜੀਊਣ ਦੀ ਜਾਚ ਸਿੱਖੀਏ) ਅਤੇ ਸਿੱਖ ਹੋਣ, ਸਿੱਖ ਅਖਵਾਉਣ (I am proud to be a Sikh) ਦਾ ਮਾਣ ਕਰੀਏ। ਖ਼ਬਰਦਾਰ, ਖ਼ਬਰਦਾਰ ! ਮਧਹੋਸ਼ੀ ਬੇਪ੍ਰਵਾਹੀ ਅਤੇ ਖ਼ੁਦਗ਼ਰਜ਼ੀ ਦੇ ਅਸਰ ਅਧੀਨ ਸੁੱਤੀਏ ਜ਼ਮੀਰੇ ਜਾਗ ਅਤੇ ਆਪਣਾ ਫ਼ਰਜ਼ ਪਛਾਣਦਿਆਂ ਵਿਰੋਧੀ ਸੋਚ ਦੇ ਬੁਣੇ ਤਾਣੇ ਬਾਣੇ ਨੂੰ ਸਮਝਣ ਅਤੇ ਆਪਣੀ ਕੌਮ ਦੇ ਮੂਲ ਸਿਧਾਂਤ ਬਚਾਉਣ ਦੇ ਉਪਰਾਲੇ ਕਰ।

ਕੀ ਕਹੀਏ ?

ਚੱਕਰ ਚਿਹਨ ਵਰਨ ਜਾਤਿ ਬਾਹਰਾ ਜੋ, ਨਿਰੰਕਾਰ ਨਾ ਕਹੀਏ ਤਾਂ ਕੀ ਕਹੀਏ।
ਬਿਨ ਮੰਗਿਆਂ ਈਂ ਦਾਤਾਂ ਦਿੰਦਾ ਜੋ, ਦਾਤਾਰ ਨਾ ਕਹੀਏ ਤਾਂ ਕੀ ਕਹੀਏ।

ਹਵਾ ਪਾਣੀ ਧੁੱਪ ਤੇਲ ਗੈਸਾਂ ਦਾ, ਮੁੱਲ ਕਿੰਨਾਂ ਕਿਹੜਾ ਦੇ ਸਕਦੈ ?
ਦਾਤਾਂ ਦਾ ਮੁੱਲ ਕੁੱਝ ਲੈਂਦਾ ਨਹੀਂ, ਉਪਕਾਰ ਨਾ ਕਹੀਏ ਤਾਂ ਕੀ ਕਹੀਏ।

ਕੱਢ ਅਨਿਕ ਪਦਾਰਥ ਧਰਤੀ ਚੋਂ, ਇਹ ਸਰਬ ਸੰਸਾਰ ਹੈ ਵਰਤ ਰਿਹੈ,
ਉਸ ਕੀਤਾ ਜੋ ਉਹ ਹੀ ਕਰ ਸਕਦਾ, ਕਰਤਾਰ ਨਾ ਕਹੀਏ ਤਾਂ ਕੀ ਕਹੀਏ।

ਲੋੜੋਂ ਵੱਧ ਸੰਸਾਰ ਹੈ ਵਰਤ ਰਿਹਾ, ਉਹਦੇ ਤੋਟਿ ਖ਼ਜ਼ਾਨੀਂ ਆਉਂਦੀ ਨਹੀਂ,
ਦਾਤਾਂ ਲੈ ਸ਼ੁਕਰਾਨਾ ਜੋ ਨਹੀਂ ਕਰਦਾ, ਧਿਕਾਰ ਨਾ ਕਹੀਏ ਤਾਂ ਕੀ ਕਹੀਏ।

ਹੋਈ ਬਖ਼ਸ਼ਿਸ਼ ਸੱਚੀ ਬਾਣੀ ਦੀ, ਸਿੱਖ ਬਣ ਨਾ ਸੱਚ ਨੂੰ ਸਮਝ ਸਕੇ,
ਚੁਣ ਚੁਣ ਝੂਠੇ ਅਪਨਾ ਲਏ ਜੋ, ਵੱਕਾਰ ਨਾ ਕਹੀਏ ਤਾਂ ਕੀ ਕਹੀਏ।

ਅੰਮ੍ਰਿਤ ਬਾਣੀ ਹਰਿ ਹਰਿ ਤੇਰੀ, ਨਿੱਜ ਘਰਿ ਵਾਸਾ ਕਰਵਾ ਸਕਦੀ,
ਸੱਚ ਗਿਆਨ ਗੁਰੂ ਨਾਲੋਂ ਟੁੱਟਾ ਜੋ, ਕੂੜਿਆਰ ਨਾ ਕਹੀਏ ਤਾਂ ਕੀ ਕਹੀਏ।

ਸੁਹਣਾ ਸਿੱਖੀ ਬਾਣਾ ਦਿਸਦਾ ਏ, ਉਂਝ ਪੰਜ ਕਕ੍ਹਾਰ ਭੀ ਪਹਿਨੇ ਨੇ,
ਗੁਰੂ ਹੁਕਮ ਤੇ ਰਹਿਤਾਂ ਭੁੱਲਿਆ ਜੋ, ਠੱਗੀ ਮਾਰ ਨਾ ਕਹੀਏ ਤਾਂ ਕੀ ਕਹੀਏ।

ਸਿੱਖ ਸ਼ਬਦ ਗੁਰੂ ਦਾ ਬਣ ਕੇ ਜੋ, ਰੱਬ ਲੱਭਦਾ ਬੁੱਤ ਤਸਵੀਰਾਂ ਚੋਂ,
ਸਿੱਖੀ ਬਾਣੇ ਲਈ ਉਸ ਭੇਖੀ ਦਾ, ਖਿਲਵਾੜ ਨਾ ਕਹੀਏ ਤਾਂ ਕੀ ਕਹੀਏ।

ਉਂਝ ਸਿੱਖ ਅਖਵਾਉਂਦਾ ਇੱਕ ਦਾ ਜੋ, ਐਪਰ ਥ੍ਹਾਂ ਥ੍ਹਾਂ ਤੇ ਭਟਕ ਰਿਹੈ,
ਬੰਦੇ ਬਾਣੇ ਉੱਤੇ ਹੀ ਡੁੱਲਿਆ ਜੋ, ਅਵਾਜ਼ਾਰ ਨਾ ਕਹੀਏ ਤਾਂ ਕੀ ਕਹੀਏ।

ਬਾਣੀ ਪੜ੍ਹ ਸੁਣ ਮਨੋਂ ਵਿਚਾਰੀ ਨਹੀਂ, ਜੇ ਜੀਵਨ ਜੁਗਤਿ ਬਣਾਈ ਨਾ,
ਪਾ ਕੇ ਬਾਣਾ ਹੁੱਬਿਆ ਫਿਰਦਾ ਜੋ, ਹੰਕਾਰ ਨਾ ਕਹੀਏ ਤਾਂ ਕੀ ਕਹੀਏ।

ਸਿੱਖ ਭੀ ਅਖਵਾਉਣਾ ਚਾਹੁੰਦਾ ਏ, ਸਿੱਖੀ ਧਾਰਨ ਤੋਂ ਇਨਕਾਰੀ ਜੋ,
ਐਸੇ ਤਰਸ ਯੋਗ ਉਸ ਪ੍ਰਾਣੀ ਨੂੰ, ਲਚਾਰ ਨਾ ਕਹੀਏ ਤਾਂ ਕੀ ਕਹੀਏ।

ਕਿਰਦਾਰ ਸਿੱਖੀ ਦਾ ਭੁੱਲਕੇ ਜੋ, ਛਲ ਕਪਟੀ ਸੋਚ ਬਣਾ ਬੈਠਾ,
ਐਸੇ ਸ਼ੋਹਰਤ ਭੁੱਖੇ ਭੇਖੀ ਨੂੰ, ਮਕ੍ਹਾਰ ਨਾ ਕਹੀਏ ਤਾਂ ਕੀ ਕਹੀਏ।

ਜੱਗ ਅੰਦਰ ਵਿਰਲੇ ਕਿਸ਼ਨ ਕੋਈ, ਗੁਰੂ ਅੱਗੇ ਅਰਪਨ ਹੋ ਜਾਂਦੇ,
ਗੁਰੂ ਪ੍ਰੇਮ ਚ ਰੰਗੀਆਂ ਰੂਹਾਂ ਨੂੰ, ਖ਼ੁਦਾ ਯਾਰ ਨਾ ਕਹੀਏ ਤਾਂ ਕੀ ਕਹੀਏ।
ਗੁਰੂ ਪਿਆਰ ਨਾ ਕਹੀਏ ਤਾਂ ਕੀ ਕਹੀਏ।
ਗੁਰੂ ਪਿਆਰ ਨਾ ਕਹੀਏ ਤਾਂ ਕੀ ਕਹੀਏ।

ਤੇਰਾ ਕਵਣੁ ਗੁਰੂ ?

ਬਹੁਤ ਹੀ ਮਹੱਤਵ ਪੂਰਨ, ਸੂਖਸ਼ਮ ਅਤੇ ਗਿਆਨ ਤਹਿਤ ਵਿਚਾਰਨ ਯੋਗ ਮੁੱਦੇ ਦੀ ਪੜਚੋਲ ਕਰਨ ਜਾ ਰਹੇ ਹਾਂ। ਮੁੱਦਾ ਹੈ, ਤੇਰਾ ਕਵਣੁ ਗੁਰੂ ? ਗੁਰੂ ਕੀ ਹੈ ਅਤੇ ਗੁਰੂ ਕੌਣ ਹੋ ਸਕਦਾ ਹੈ ? ਸ਼ਬਦ (ਨਾਮ) ਗੁਰੂ ਅਤੇ ਸਰੀਰਕ ਗੁਰੂ ਦਾ ਕੀ ਅੰਤਰ ਹੈ ?

ਇਸ ਸੰਸਾਰ ਵਿੱਚ ਹਰ ਸਮਾਜ, ਹਰ ਧਰਮ ਦੇ ਪੈਰੋਕਾਰ ਆਪਣੀ ਮਨੌਤ ਦੇ ਧਾਰਮਿਕ ਗ੍ਰੰਥਾਂ ਅਤੇ ਆਪਣੇ ਸਮਾਜ ਦੀਆਂ ਪਰੰਪਰਾਈ ਰਹੁ-ਰੀਤਾਂ ਵਿੱਚ ਵਿਸ਼ਵਾਸ ਰੱਖਦੇ ਅਤੇ ਆਪਣੇ ਧਰਮ ਗ੍ਰੰਥਾਂ ਅਤੇ ਸਮਾਜਿਕ ਰਹੁ-ਰੀਤਾਂ ਦੀ ਵਿਚਾਰਧਾਰਾ ਅਨੁਸਾਰੀ ਵਿਆਖਿਆ ਕਰਦੇ ਤੇ ਕਰਵਾਉਂਦੇ ਹਨ। ਸਿੱਖ ਧਰਮ ਦੇ ਪੈਰੋਕਾਰ ਹੋਣ ਨਾਤੇ ਅਸੀਂ ਗੁਰਮਤਿ (ਗੁਰੂ ਗ੍ਰੰਥ ਸਾਹਿਬ ਜੀ ਵਿੱਚ ਪ੍ਰਕਾਸ਼ਮਾਨ ਗੁਰਬਾਣੀ) ਵਿਚਾਰਧਾਰਾ ਅਨੁਸਾਰੀ ਹੀ ਵਿਚਾਰ ਕਰਾਂਗੇ। ਇਹ ਸਮੂਹ ਸੰਸਾਰ ਅਕਾਲ ਪੁਰਖ ਦੀ ਰਚਨਾ ਹੈ ਅਤੇ ਆਪਣੀ ਸਮੂਹ ਰਚਨਾ (ਕਾਇਨਾਤ) ਵਿੱਚ ਕਰਤਾ ਪੁਰਖੁ ਆਪ ਸਮਾਇਆ ਹੋਇਆ ਹੈ। ਗੁਰ ਉਪਦੇਸ਼ :

> ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥
> ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ ॥੧੯/੮॥
> ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥
> ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ ॥੨੭੬/੧੮॥

ਗੁਰੂ ਪਰਮ ਆਤਮਾ (ਪਰਮਾਤਮਾ) ਹੈ :

> ਗੁਰੁ ਮੇਰਾ ਗਿਆਨੁ ਗੁਰੁ ਰਿਦੈ ਧਿਆਨੁ ॥
> ਗੁਰੁ ਗੋਪਾਲੁ ਪੁਰਖੁ ਭਗਵਾਨ ॥੮੬੪/੧੬॥

ਗੁਰੂ ਸੱਚ ਹੈ :

> ਗੁਰ ਸਾਚੇ ਤੇ ਸਾਚੁ ਕਮਾਵਹਿ ਸਾਚੈ ਦੂਖ ਨਿਵਾਰੀ ਹੇ ॥੧੦੫੧/੩॥

ਗੁਰੂ ਗਿਆਨ ਹੈ :

> ਕਲਿ ਕਾਲਖ ਅੰਧਿਆਰੀਆ ॥
> ਗੁਰ ਗਿਆਨ ਦੀਪਕ ਉਜਿਆਰੀਆ ॥੨੧੦/੧੩॥

ਗੁਰੂ ਅਬਿਨਾਸ਼ੀ ਹੈ :

> ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ ॥
> ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥੭੫੯॥

ਗੁਰੂ ਕੌਣ ? ੧ਓ ਦਾ ਵਿਸ਼ਵਾਸੀ। ਸਤਿ ਨਾਮੁ, ਦਾ ਗਿਆਤਾ। ਕਰਤਾ ਪੁਰਖੁ, ਦੇ ਹੁਕਮ ਦਾ ਪਾਬੰਦ। ਨਿਰਭਉ, ਨਿੱਡਰਤਾ ਅਤੇ ਨਿਰਵੈਰੁ, ਨਿਰਵੈਰਤਾ ਦਾ ਧਾਰਣੀ। ਅਕਾਲ ਮੂਰਤਿ ਅਜੂਨੀ, ਕਾਲ ਦੀ ਪਕੜ ਅਤੇ ਜੂਨੀ ਚੱਕਰ ਤੋਂ ਬਾਹਰੇ (ਸਦੀਵੀ ਅਮਰ) ਦੀ ਟੇਕ ਦੇ ਭਰੋਸੇ ਵਾਲਾ। ਸੈਭੰ, ਖ਼ੁਦ ਖ਼ੁਦਾਈ ਪ੍ਰਭੂਤਾ ਦਾ ਜਾਨਣਹਾਰ ਜਾਂ ਇਨ੍ਹਾਂ ਸਮੂਹ ਗੁਣਾਂ (ਵਿਸ਼ੇਸ਼ਤਾਈਆਂ) ਦਾ ਧਾਰਨੀ ਹਿਰਦਾ (ਗਿਆਨ ਜੋਤ) ਹੀ ਗੁਰੂ ਹੋ ਸਕਦੀ ਹੈ। ਗਿਆਨ ਜੋਤ ਦੇ ਘਰ (ਸਰੀਰ) ਨੇ ਤਾਂ ਮਰਨਾ ਹੀ ਹੈ ਪਰ ਗਿਆਨ ਜੋਤ ਮਰਦੀ ਨਹੀਂ ਆਪਣੇ ਮੂਲ (**ਪਵਨੈ ਮਹਿ ਪਵਨੁ ਸਮਾਇਆ ॥ ਜੋਤੀ ਮਹਿ ਜੋਤਿ ਰਲਿ ਜਾਇਆ ॥ ਮਾਟੀ ਮਾਟੀ ਹੋਈ ਏਕ ॥ ਰੋਵਨਹਾਰੇ ਕੀ ਕਵਨ ਟੇਕ** ॥੮੮੫/੧੨॥) ਨਾਲ ਮਿਲ ਜਾਂਦੀ ਹੈ। ਸੋ ਗੁਰਮਤਿ (ਗੁਰਬਾਣੀ) ਵਿਚਾਰਧਾਰਾ ਨੇ, ਸ਼ਬਦ ਗੁਰੂ, ਨਾਮ (ਗਿਆਨ ਜੋਤਿ) ਜੋ ਸਦੀਵੀ (ਅਬਿਨਾਸ਼ੀ) ਹੈ ਨੂੰ ਹੀ ਗੁਰੂ ਮੰਨਿਆ ਹੈ (**ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ॥ ਅਵਰੁ ਦੂਜਾ ਕਿਉ ਸੇਵੀਐ ਜੰਮੈ ਤੈ ਮਰਿ ਜਾਇ॥ ਨਿਹਫਲੁ ਤਿਨ ਕਾ ਜੀਵਿਆ ਜਿ ਖਸਮੁ ਨ ਜਾਣਹਿ ਆਪਣਾ ਅਵਰੀ ਕਉ ਚਿਤੁ ਲਾਇ** ॥੫੦੯/੫॥), ਸਰੀਰ (ਜੋ ਨਾਸ਼ਵਾਨ ਹੈ) ਨੂੰ ਗੁਰੂ ਨਹੀਂ ਪਰਵਾਨਿਆਂ।

ਇਸ ਸਮੂਹ ਪ੍ਰਭੂ ਪਾਸਾਰੇ ਵਿੱਚ ਹੀ ਹੈ ਇੱਕ ਦੇਸ਼ ਭਾਰਤ। ਗੁਰੂ ਸ਼ਬਦ ਨੂੰ ਭਾਰਤੀ ਵਿਦਵਾਨ, ਸੰਸਕ੍ਰਿਤ ਭਾਸ਼ਾ ਦਾ ਦੋ ਸ਼ਬਦੀ, ਗੁ ਅਤੇ ਰੂ ਦਾ ਜੋੜ ਬਿਆਨ ਕਰਦੇ ਹਨ। ਗੁ ਦੇ ਅਰਥ ਅੰਧਕਾਰ, ਹਨ੍ਹੇਰਾ ਤੇ ਖ਼ਾਸ ਕਰ ਕੇ ਅਗਿਆਨਤਾ ਕਰਦੇ ਹਨ ਅਤੇ ਰੂ ਦੇ ਅਰਥ ਰੌਸ਼ਨੀ, ਪ੍ਰਕਾਸ਼ ਅਤੇ ਗਿਆਨ (ਸੁਚੱਜੀ ਸੋਚ ਵਿਚਾਰ) ਕਰਦੇ ਹਨ।

ਅੰਧਕਾਰ ਹੈ ਹਨ੍ਹੇਰਾ, ਜਿਸ ਦੇ ਫੈਲਾ ਕਾਰਨ ਕੁਝ ਦਿਖਾਈ ਨਾ ਦੇਵੇ। ਅਗਿਆਨਤਾ, ਜੋ ਸੂਝ ਬੂਝ (ਸੱਚਾਈ) ਵਿਚਾਰਾਂ ਤੋਂ ਸੱਖਣੀ ਹੋਵੇ।

ਰੌਸ਼ਨੀ, ਪ੍ਰਕਾਸ਼ ਜੋ ਅੰਧਕਾਰ ਹਨੇਰੇ ਨੂੰ ਦੂਰ ਕਰ ਦੇਵੇ ਅਤੇ ਗਿਆਨ ਜੋ ਸੁਚੱਜੀ ਸੋਚ ਵਿਚਾਰ ਤਹਿਤ ਸੱਚ ਨੂੰ ਉਜਾਗਰ ਕਰੇ।

ਭਾਰਤੀ ਸੰਸਕ੍ਰਿਤੀ (ਬਹੁ ਗਿਣਤੀ) ਨੇ, ਉਪਦੇਸ਼ਕ ਜਾਂ ਸਿੱਖਿਅਕ (ਉਪਦੇਸ਼, ਗਿਆਨ ਵਿਚਾਰ, ਸਿੱਖਿਆ ਦੇਣ ਵਾਲੇ ਸਰੀਰ) ਨੂੰ ਹੀ ਗੁਰੂ ਮੰਨ ਲਿਆ ਹੈ, ਪਰ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਜੀ ਸੱਚ ਦੇ ਉਪਾਸ਼ਕ ਅਤੇ ਹੋਰ ਸੱਚ ਗਿਆਨ ਦੇ ਖੋਜੀਆਂ ਭਗਤਾਂ ਭੱਟਾਂ ਨੇ ਸਰੀਰ (ਜੋ ਨਾਸ਼ਵਾਨ ਹੈ, ਜੰਮਦਾ ਤੇ ਮਰ ਜਾਂਦਾ ਹੈ) ਨੂੰ ਗੁਰੂ ਨਹੀਂ ਪਰਵਾਨਿਆਂ। ਸਤਿਗੁਰੂ ਨਾਨਕ ਜੀ ਨੂੰ, ਗਰਿਸਤੀ ਜੀਵਨ ਤਿਆਗ ਚੁੱਕੇ ਜੋਗੀ ਸਵਾਲ ਪੁੱਛਦੇ ਹਨ। **ਕਵਣ ਮੂਲੁ ਕਵਣ ਮਤਿ ਵੇਲਾ॥ ਤੇਰਾ ਕਵਣੁ ਗੁਰੂ ਜਿਸਕਾ ਤੂ ਚੇਲਾ॥ ਕਵਣ ਕਥਾ ਲੇ ਰਹਹੁ ਨਿਰਾਲੇ** ॥੯੪੩/੧॥ ਜੀਵਨ ਦਾ ਕੀ ਮੂਲ ਹੈ ? ਕੇਹੜੀ ਸਿੱਖਿਆ ਲੈਣ ਦਾ (ਇਹ ਮਨੁੱਖਾ ਜਨਮ ਦਾ) ਸਮਾਂ ਹੈ ? ਤੂੰ ਕਿਸ ਗੁਰੂ ਦਾ ਚੇਲਾ ਹੈਂ ? ਕਿਹੜੀ ਸਿੱਖਿਆ ਨਾਲ ਤੂੰ ਮਾਇਆ (ਸੰਸਾਰੀ ਮੋਹ) ਤੋਂ ਨਿਰਲੇਪ ਰਹਿੰਦਾ ਹੈਂ? ਇਸ ਸਵਾਲ ਦਾ ਗਰਿਸਤੀ ਜੀਵਨ ਨੂੰ ਨਿਰਲੇਪਤਾ ਤਹਿਤ ਭੋਗਣ ਵਾਲੇ ਨਾਨਕ ਜੀ ਨੇ ਉੱਤਰ ਦਿੱਤਾ, **ਪਵਨ ਅਰੰਭੁ ਸਤਿਗੁਰ ਮਤਿ ਵੇਲਾ॥ ਸਬਦੁ ਗੁਰੂ ਸੁਰਤਿ ਧੁਨਿ**

ਚੇਲਾ ॥ ਅਕਥ ਕਥਾ ਲੇ ਰਹਉ ਨਿਰਾਲਾ ॥ ਨਾਨਕ ਜੁਗਿ ਜੁਗਿ ਗੁਰ ਗੋਪਾਲਾ ॥ ਏਕੁ ਸਬਦੁ ਜਿਤੁ ਕਥਾ ਵੀਚਾਰੀ ॥ ਗੁਰਮੁਖਿ ਹਉਮੈ ਅਗਨਿ ਨਿਵਾਰੀ ॥੯੪੩॥ ਪ੍ਰਾਣ (ਪਵਨ, ਸਵਾਸ) ਹੀ ਹਸਤੀ ਦਾ ਮੁੱਢ ਹਨ। ਇਹ (ਮਨੁੱਖਾ ਜਨਮ ਦਾ) ਸਮਾਂ ਸਤਿਗੁਰੂ ਦੀ ਸਿੱਖਿਆ ਲੈਣ ਦਾ ਹੈ। ਸ਼ਬਦ ਮੇਰਾ ਗੁਰੂ ਹੈ ਅਤੇ ਮੇਰੀ ਸੁਰਤਿ ਦਾ ਟਿਕਾਉ (ਉਸ ਗੁਰੂ ਦਾ) ਸਿੱਖ ਹੈ। ਮੈਂ ਅਕੱਥ ਪ੍ਰਭੂ ਦੀਆਂ ਗੱਲਾਂ ਕਰ ਕੇ (ਭਾਵ ਗੁਣ ਗਾ ਕੇ) ਮਾਇਆ (ਮੋਹ ਰੂਪੀ ਸੰਸਾਰ) ਤੋਂ ਨਿਰਲੇਪ ਰਹਿੰਦਾ ਹਾਂ। ਹੇ ਨਾਨਕ, ਉਹ ਗੁਰ-ਗੋਪਾਲ ਹਰੇਕ ਜੁੱਗ ਵਿੱਚ ਮੌਜੂਦ ਹੈ। ਕੇਵਲ ਗੁਰ-ਸ਼ਬਦ ਹੀ ਹੈ ਜਿਸ ਦੀ ਰਾਹੀਂ ਪ੍ਰਭੂ ਦੇ ਗੁਣ ਵਿਚਾਰੇ ਜਾ ਸਕਦੇ ਹਨ। ਇਸ ਸ਼ਬਦ ਦੀ ਰਾਹੀਂ ਹੀ ਗੁਰਮੁਖਿ ਮਨੁੱਖ ਨੇ ਹਉਮੈ (ਖ਼ੁਦਗਰਜ਼ੀ) ਦੀ ਅੱਗ (ਆਪਣੇ ਅੰਦਰੋਂ) ਦੂਰ ਕੀਤੀ ਹੈ। ਗੁਰੂ ਨਾਨਕ ਜੀ ਨੇ ਸ਼ਬਦ (ਨਾਮ) ਨੂੰ ਆਪਣਾ ਗੁਰੂ ਮੰਨਿਆਂ ਅਤੇ ਸਿੱਖ ਕੌਮ ਨੂੰ ਭੀ ਸ਼ਬਦ ਗੁਰੂ (ਗੁਰੂ ਗ੍ਰੰਥ ਸਾਹਿਬ ਜੀ) ਦੇ ਹੀ ਲੜ ਲਾਇਆ। ਸਮੂਹ ਸਿੱਖ ਕੌਮ ਨਿੱਤ ਪੜ੍ਹਦੀ ਹੈ, ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ। ਸਭ ਸਿੱਖਨ ਕਉ ਹੁਕਮ ਹੈ ਗੁਰੂ ਮਾਨਿਓਂ ਗ੍ਰੰਥ। ਸ਼ਬਦ ਗੁਰੂ ਦੇ ਕੁੱਝ ਪ੍ਰਮਾਣ :

ਸਬਦਿ ਗੁਰੂ ਭਵਸਾਗਰੁ ਤਰੀਐ ਇਤ ਉਤ ਏਕੋ ਜਾਣੈ ॥
ਚਿਹਨੁ ਵਰਨੁ ਨਹੀ ਛਾਇਆ ਮਾਇਆ ਨਾਨਕ ਸਬਦੁ ਪਛਾਣੈ ॥੯੪੪/੧੪॥
ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ ॥੬੩੫/
ਸਬਦ ਗੁਰੂ ਪਰਕਾਸਿਓ ਹਰਿ ਰਸਨ ਬਸਾਯਉ ॥੧੪੦੭/੩॥
ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੯੮੨/੧੦॥

ਪ੍ਰਭੂ ਪਿਆਰਿਆਂ ਨੇ, ਪ੍ਰਭੂ ਦੀ ਕ੍ਰਿਪਾ (ਬਖ਼ਸ਼ਿਸ਼) ਨਾਲ ਪ੍ਰਗਟ ਹੋਏ (**ਜਿਉ ਬੋਲਾਏ ਤਿਉ ਬੋਲੀਐ ਜਾ ਆਪਿ ਬੁਲਾਏ ਸੋਇ ॥੩੯/੪॥** ਅਤੇ, **ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥੭੬੩/੬॥** ਅਤੇ, **ਜਿਉ ਬੋਲਾਵਹਿ ਤਿਉ ਬੋਲਹ ਸੁਆਮੀ ਕੁਦਰਤਿ ਕਵਨ ਹਮਾਰੀ ॥੫੦੮/੧॥** ਅਤੇ, **ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥੭੨੨/੧੬॥**) ਪ੍ਰਭੂ ਹੁਕਮ (ਗਿਆਨ ਉਪਦੇਸ਼, ਸ਼ਬਦ, ਨਾਮ) ਨੂੰ ਗੁਰੂ ਮੰਨਿਆਂ ਹੈ ਅਤੇ ਨਾਮ (ਪ੍ਰਭੂ ਹੁਕਮ) ਅਬਿਨਾਸ਼ੀ ਹੈ। ਪ੍ਰਭੂ ਦੇ ਰੰਗ ਰੱਤੇ (ਪ੍ਰਭੂ ਦੇ ਹੁਕਮ ਨੂੰ ਜਾਨਣ ਸਮਝਣ ਹਾਰੇ) ਜੀਵਦਿਆਂ ਮਰ ਰਹੀਏ ਵਾਲੀ ਅਵਸਥਾ ਦੇ ਵਣਜਾਰੇ ਸਦਾ ਇਹੀ ਕਹਿੰਦੇ ਹਨ ਕਿ ਮੈਂ ਤਾਂ ਪ੍ਰਭੂ ਦੇ ਹੁਕਮ ਦਾ ਵਕਤਾ (ਬੁਲਾਰਾ) ਹਾਂ। ਸੰਸਾਰ ਦਾ ਕਰਤਾ ਜੋ ਮੇਰੇ ਕੋਲੋਂ ਬੁਲਵਾਉਂਦਾ ਹੈ ਮੈਂ ਉਹੀ ਬੋਲਦਾ ਹਾਂ। ਮੇਰਾ ਆਪਣਾ ਕੁੱਝ ਭੀ ਨਹੀਂ, ਕੋਈ ਦਾਹਵਾ ਨਹੀਂ, ਏਨੀ ਨਿਸ਼ਕਾਮਤਾ। ਵੈਸੇ ਭੀ ਇਹ ਸਰੀਰ ਤਾਂ, ਮਨ (ਪ੍ਰਭੂ ਜੋਤ) ਦੀ ਮਸ਼ੀਨ ਹੈ। ਜੋ ਮਨ ਦੇ ਚਲਾਉਣ ਨਾਲ ਹੀ ਚੱਲਦੀ ਹੈ। ਅੱਜ ਹਰ ਸਿੱਖ ਅਖਵਾਉਣ ਵਾਲਾ ਕਹਿੰਦਾ ਇਹੀ ਹੈ ਕਿ ਸਿੱਖ ਕੌਮ ਦਾ ਗੁਰੂ ਸ਼ਬਦ (ਗੁਰੂ ਗ੍ਰੰਥ ਸਾਹਿਬ ਜੀ) ਹੈ ਪਰ ਮੰਨਦਾ ਨਹੀਂ। ਕਿਸੇ ਸਿੱਖ, ਗ੍ਰੰਥੀ ਜਾਂ ਪ੍ਰਚਾਰਕ ਨੂੰ ਪੁੱਛ ਲਵੋ ਕਿ ਸਿੱਖ ਕੌਮ ਦੇ ਕਿੰਨੇ ਗੁਰੂ ਹਨ ? ਕੋਈ ਦਸ ਕੋਈ ਗਿਆਰਾਂ ਕਹੇਗਾ। ਸਿੱਖ ਸਟੇਜਾਂ

ਉੱਤੇ ਬੋਲਣ ਵਾਲੇ ਕਥਾਕਾਰ, ਹਰ ਇੱਕ ਸ਼ਬਦ ਨੂੰ, ਸਰੀਰ ਦਾ ਨਾਮ ਲੈ ਕੇ ਸੰਬੋਧਨ ਕਰਨਗੇ, ਕਿ ਇਹ ਬਚਨ ਇਸ (ਕੋਈ ਨਾਮ ਵਾਲੇ) ਸਰੀਰ ਦੇ ਹਨ। ਇਸ ਤਰ੍ਹਾਂ ਕਰਨ ਵਾਲੇ ਪੈਂਤੀ ਜਾਂ ਛੱਤੀ ਸਰੀਰਾਂ ਦੇ ਨਾਮ ਗਿਣ ਜਾਂਦੇ ਹਨ। ਸਰੀਰ ਅਬਿਨਾਸ਼ੀ ਨਹੀਂ ਨਾਸ਼ਵਾਨ ਹੈ ਅਤੇ ਸਿੱਖ ਕੌਮ ਦਾ ਗੁਰੂ ਅਬਿਨਾਸ਼ੀ ਹੈ। ਡੇਰੇਦਾਰਾਂ (ਸੰਤਾਂ ਸਾਧਾਂ) ਨੇ ਭੀ ਆਪਣੀ ਮਨੌਤ ਕਰਵਾਉਣ ਲਈ ਸਰੀਰ ਨੂੰ ਹੀ ਮਹੱਤਤਾ ਦਿੱਤੀ ਹੈ। ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ, ਸ਼ੁਹਰਤ ਅਤੇ ਸਰਮਾਇਆ ਹਾਸਲ ਕਰਨ ਵਾਲੇ ਇਹ ਬਹਿਰੂਪੀਏ, ਸਦਾ ਆਪਣੇ ਵੱਡੇ ਬਾਬਾ ਜੀ ਦੇ ਬਚਨ ਹੀ ਸੁਨਾਉਣਗੇ। ਕੌਣ ਹਨ ਇਹ ਠੱਗਾਉਗੀ ਸੰਤ ? ਅੰਗਰੇਜ਼ ਦੀ ਫੁੱਟ ਪਾਊ ਨੀਤੀ ਨੇ, ਆਪਣੀ ਹਕੂਮਤ ਤਹਿਤ ਸਿੱਖ ਫ਼ੌਜ ਵਿੱਚੋਂ, ਆਪਣਾ (ਅੰਗਰੇਜ਼ ਕੌਮ ਦਾ) ਹਿਤ ਪੂਰਨ ਵਾਲੇ ਸਰੀਰਾਂ ਦੀ ਭਾਲ ਕਰ ਕੇ ਉਨ੍ਹਾਂ ਨੂੰ, ਸ਼ੁਹਰਤ ਲੋਚ ਸੰਤ ਗੀਰੀ (S.L.S.G.) ਦੀ ਪੜ੍ਹਾਈ ਲਈ, ਪਾਬੰਦੀਆਂ ਰਹਿਤ ਸਹੂਲਤਾਂ ਪ੍ਰਦਾਨ ਕੀਤੀਆਂ। ਬੱਸ ਇਸੇ S.L.S.G. ਯੂਨੀਵਰਸਿਟੀ ਤੋਂ ਧ੍ਰੋਹ ਕਮਾਊ, ਵੰਡ ਪਾਊ ਤੇ ਕਬਜ਼ਾ ਜਮਾਊ ਮਜ਼ਬੂਨਾਂ ਤਹਿਤ, ਸੰਤ ਡਿਗਰੀਆਂ ਪ੍ਰਾਪਤ ਕਰ ਕੇ ਫ਼ੌਜ ਵਿੱਚੋਂ ਨਿਕਲੇ ਇਨ੍ਹਾਂ ਬੀ (B) ਐੱਸ (S) ਪੀ (P) (ਬ੍ਰਿਟਿਸ਼ ਸੋਚ ਦੀ ਪੈਦਾਇਸ਼) ਵਿਦਿਆਰਥੀਆਂ ਨੇ, ਬਹੁ ਭਾਂਤੀ ਕਠਿਨ ਤਪੱਸਿਆ ਦਾ ਦਿਖਾਵਾ ਕਰ ਕੇ, ਆਮ ਲੋਕਾਂ ਨੂੰ ਭਰਮਾਉਣ ਤੇ ਸੰਤ ਤਾਈ (ਸਰੀਰ) ਦੇ ਪਿੱਛੇ ਲਾਉਣ ਲਈ ਬੜੀਆਂ ਸਖਤ ਦਿਖਾਵਾਕਾਰੀ ਘਾਲਣਾਂ ਘਾਲੀਆਂ। ਇੰਨ੍ਹਾਂ ਘਾਲਣਾਂ ਨੇ ਹੀ, ਦਿਵਾਈਆਂ ਇੰਨ੍ਹਾਂ ਨੂੰ ਬ੍ਰਹਮ ਗਿਆਨ ਦੀਆਂ ਡਿਗਰੀਆਂ। ਸ਼ਬਦ ਗੁਰੂ (ਗੁਰੂ ਗ੍ਰੰਥ ਸਾਹਿਬ ਜੀ) ਦੀ ਹਜ਼ੂਰੀ (ਦਰਬਾਰ) ਵਿੱਚ, ਜਿੰਨਾਂ ਕੋਈ ਵਧ ਝੂਠ ਬੋਲ ਸਕਦਾ ਹੈ, ਅਣਕਿਆਸੇ ਗਪੌੜ ਸੁਣਾ ਸਕਦਾ ਹੈ, ਉਹ ਹੀ ਬ੍ਰਹਮ ਗਿਆਨੀ ਦਾ ਰੁਤਵਾ ਪਾ ਲੈਂਦਾ ਹੈ। ਸਮੂਹ ਡੇਰੇਦਾਰ ਆਪਣੇ ਵਡੇਰੇ ਸੰਤਾਂ ਸਾਧਾਂ (ਗੁਰਬਾਣੀ ਅਨੁਸਾਰ, ਭੇਖੀ ਦਿਖਾਵਾਕਾਰੀ ਠੱਗਾਂ) ਲਈ ਮਹਾਂਪੁਰਖ ਜਾਂ ਬ੍ਰਹਮਗਿਆਨੀ ਲਕਬ (ਉਪਾਧੀ) ਵਰਤਦੇ ਹਨ। ਕਿਸੇ ਸੂਝ ਵਾਲੇ ਪ੍ਰਾਣੀ ਨੇ, ਇੱਕ ਸੰਤ ਸੇਵਕ ਕਥਾਕਾਰ (ਜਿਸ ਨੇ ਕਿਸੇ ਸੰਤ ਲਈ ਬ੍ਰਹਮਗਿਆਨੀ ਲਕਬ ਵਰਤਿਆ ਸੀ) ਨੂੰ ਪੁੱਛ ਲਿਆ ਕਿ ਬ੍ਰਹਮ ਦਾ ਅਰਥ ਕੀ ਹੁੰਦਾ ਹੈ ? ਉਸ (ਸਰੀਰਕ ਸ਼ਰਧਾਵਾਨ) ਕਥਾਕਾਰ ਨੇ ਕਿਹਾ ਕਿ ਸਰੀਰ ਨੂੰ ਬ੍ਰਹਮ ਕਿਹਾ ਹੈ। ਕਿਸੇ ਕੋਸ਼ ਵਿੱਚ ਬ੍ਰਹਮ ਦਾ ਅਰਥ ਸਰੀਰ ਨਹੀਂ ਹੈ। ਦੇਖੀ ਇੰਨ੍ਹਾਂ ਸਰੀਰਕ ਸ਼ਰਧਾਵਾਨ ਕਥਾਕਾਰਾਂ ਦੀ ਸੂਝ ਬੂਝ। ਇਹ ਸਰੀਰ ਤਾਂ ਮਨ, ਅੰਤਰ ਆਤਮਾ (**ਮਨ ਤੂੰ ਜੋਤ ਸਰੂਪੁ ਹੈ ਆਪਣਾ ਮੂਲੁ ਪਛਾਣੁ** ॥੪੪੧/੩॥ **ਸਭ ਮਹਿ ਜੋਤ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ** ॥੧੩/੫॥) ਦੇ ਕਿਰਦਾਰੀ ਹੁਕਮ ਵਿੱਚ ਚੱਲਣ ਵਾਲੀ ਮਸ਼ੀਨਰੀ ਹੈ। ਮਨ ਇਸ ਸਰੀਰ ਦਾ ਚਲਾਵਾ (Driver) ਹੈ। ਜੋ ਗਿਆਨ ਜਾਂ ਅਗਿਆਨ (ਚੰਗੀ ਜਾਂ ਮਾੜੀ ਸੋਚ) ਮਨ ਕਬੂਲਦਾ ਹੈ, ਉਹੀ ਕੁੱਝ ਉਹ ਸਰੀਰ ਤੋਂ ਕਰਵਾਏਗਾ। ਸਰੀਰ ਮਨ ਦਾ ਗ਼ੁਲਾਮ ਹੈ। ਮਨ, ਜੋਤਿ ਜਾਂ ਸਵਾਸ ਰਹਿਤ ਸਰੀਰ, ਮ੍ਰਿਤਕ ਲੋਥ ਹੈ। ਗੁਰਬਾਣੀ ਨੇ ਤਾਂ ਗਿਆਨ ਤੋਂ ਸੱਖਣੇ ਜੀਉਂਦੇ ਸਰੀਰ ਨੂੰ ਭੀ ਮ੍ਰਿਤਕ (**ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥ ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ** ॥੨੫੩/੮॥) ਹੀ ਮੰਨਿਆਂ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਸਮੇਂ 8 ਜਨਵਰੀ, 2011 ਨੂੰ ਜਗਤ ਪੁਰ ਜੱਟਾਂ ਵਿੱਚ ਆਏ ਇੱਕ ਢਾਡੀ ਜਥੇ ਨੇ ਆਪਣੀ ਵਿਦਵਤਾ ਦਿਖਾਉਂਦੇ ਹੋਏ ਕਿਹਾ। ਕਈ ਕਹਿ ਦਿੰਦੇ ਹਨ ਕਿ ਭਗਤਾਂ ਨੂੰ ਗੁਰੂ ਨਾ ਕਹੋ। ਕਿਉਂ ਨਾ ਕਹੀਏ। ਭਗਤ ਤਾਂ ਉਹ ਪ੍ਰਭੂ ਦੇ ਸਨ, ਸਾਡੇ ਤਾਂ ਉਹ ਗੁਰੂ ਹੀ ਸਨ। ਮੈਨੂੰ ਇਹ ਸਮਝ ਨਹੀਂ ਆਉਂਦੀ ਕਿ ਭਗਤਾਂ ਨੂੰ ਗੁਰੂ ਕਹਿਣ ਨਾਲ ਇੰਨ੍ਹਾਂ ਨੂੰ ਕੀ ਤਕਲੀਫ਼ ਹੁੰਦੀ ਹੈ। ਜਿੰਨ੍ਹੇ ਪ੍ਰਾਣੀਆਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਹੈ ਉਹ ਸਾਰੇ ਹੀ ਗੁਰੂ ਹਨ। ਦੱਸੋ ਇਹੋ ਜਿਹੇ ਪ੍ਰਚਾਰਕ, ਜਿੰਨ੍ਹਾਂ ਨੂੰ ਸ਼ਬਦ ਅਤੇ ਸਰੀਰਕ ਗੁਰੂ ਵਿੱਚ ਕੀ ਅੰਤਰ ਹੈ ? ਦੀ ਸਮਝ ਨਹੀਂ, ਉਹ ਹੋਰ ਕਿਸੇ ਨੂੰ ਗੁਰਮਤਿ ਦੀ ਕੀ ਸੇਧ ਦੇਣਗੇ ? ਗੁਰਦੁਆਰੇ ਇਤਿਹਾਸਕ ਹੋਣ ਜਾਂ ਆਮ ਪਿੰਡਾਂ ਦੇ ਸਭ ਸਿਆਸਤੀ ਲੋਕਾਂ ਦੇ ਕਬਜ਼ੇ ਅਧੀਨ ਹਨ। ਗੁਰਮਤਿ ਅਨੁਸਾਰੀ ਸੋਚ ਨੂੰ ਤਾਂ ਸਿਆਸਤੀ ਲੋਕਾਂ ਵਲੋਂ ਗੁਰੂ ਘਰ ਦੇ ਨੇੜੇ (ਗੁਰਮਤਿ ਵਿਚਾਰ ਕਰਨ ਲਈ) ਭੀ ਨਹੀਂ ਫ਼ਰਕਣ ਦਿੱਤਾ ਜਾਂਦਾ। ਪਾਠ, ਕਥਾ, ਕੀਰਤਨ, ਰਾਗੀ ਢਾਡੀ ਸਭ ਠੇਕੇਦਾਰਾਂ ਦੀ ਠੇਕੇਦਾਰੀ ਦੇ ਥੱਲੇ ਹੀ ਚੱਲਦੇ ਹਨ। ਫਿਰ ਕਿੱਥੋਂ ਮਿਲੇਗੀ ਸਿੱਖ ਕੌਮ ਨੂੰ ਗੁਰਮਤਿ ਦੀ ਸਿੱਖਿਆ ? ਗੁਰੂ ਪਿਆਰਿਓ, ਸਿੱਖ ਕੌਮ ਦਾ ਗੁਰੂ ਸ਼ਬਦ ਹੈ। ਪ੍ਰਭੂ ਦੀ ਮਿਹਰ (ਬਖ਼ਸ਼ਿਸ਼) ਸਦਕਾ ਜਿਸ ਅੰਤਰ ਆਤਮਾ (ਮਨ) ਨੂੰ ਗਿਆਨ ਪ੍ਰਾਪਤ ਹੋਇਆ। ਉਸ ਅੰਤਰ ਆਤਮਾ ਨੇ ਸਰੀਰ (ਮੁੱਖ) ਦੇ ਜਰੀਏ ਉਹ ਗਿਆਨ ਉਪਦੇਸ਼ ਸੰਸਾਰ ਭਲਾਈ ਲਈ ਲੋਕਾਈ ਨੂੰ ਦਿੱਤਾ। ਜਿਸ ਤਰ੍ਹਾਂ ਢਲਦੀ ਬਰਫ ਅਤੇ ਮੀਂਹ ਦਾ ਪਾਣੀ ਨਾਲੇ, ਨਦੀਆਂ, ਦਰਿਆਵਾਂ ਦਾ ਰੂਪ ਲੈ ਕੇ ਵਗਦਾ ਹੈ ਤੇ ਸੰਸਾਰੀ ਲੋਕਾਂ ਨੇ ਇੰਨ੍ਹਾਂ ਨਾਲੇ, ਨਦੀਆਂ, ਦਰਿਆਵਾਂ ਦੇ ਨਾਮ ਰੱਖੇ ਹੋਏ ਹਨ। ਜਦ ਇਹ ਸਮੂਹ (ਨਾਲੇ, ਨਦੀਆਂ, ਦਰਿਆ) ਸਾਗਰ ਵਿੱਚ ਲੀਨ ਹੋ ਜਾਂਦੇ ਹਨ ਤਦ ਕੋਈ ਭੀ ਸਮਝਦਾਰ ਇਨਸਾਨ ਸਾਗਰ ਵਿੱਚੋਂ ਚੂਲ੍ਹੀ ਭਰ ਕੇ ਇਹ ਨਹੀਂ ਕਹਿੰਦਾ ਕਿ ਇਹ ਪਾਣੀ ਫਲਾਣੇ ਨਾਲੇ, ਨਦੀ ਦਰਿਆ ਦਾ ਹੈ। ਕਿਉਂਕਿ ਪਾਣੀ ਆਪਣੇ ਮੂਲ (ਪਾਣੀ ਦਾ ਮੂਲ ਸਾਗਰ ਹੈ ਅਤੇ ਨਾਲੇ, ਨਦੀਆਂ, ਦਰਿਆ ਹਨ ਇੰਨ੍ਹਾਂ ਦੇ ਮਿਲਾਪ ਦਾ ਸਾਧਨ ਜਾਂ ਜਰੀਆ) ਸਾਗਰ ਨਾਲ ਮਿਲ ਕੇ ਸਾਗਰ ਹੀ ਹੋ ਗਿਆ ਹੈ। ਇਸੇ ਤਰ੍ਹਾਂ ਰੱਬੀ ਰੰਗ ਵਿੱਚ ਰੱਤੇ ਪ੍ਰਭੂ ਪਿਆਰਿਆਂ ਦੇ ਸਰੀਰ ਤਾਂ, ਰੱਬੀ ਹੁਕਮ ਨੂੰ ਆਮ ਲੋਕਾਈ ਤੱਕ ਪਹੁੰਚਦਾ ਕਰਨ ਦਾ ਜਰੀਆ ਬਣਨ ਵਾਲੇ ਚਸ਼ਮੇਂ (ਨਾਲੇ, ਨਦੀਆਂ, ਦਰਿਆ) ਹਨ। ਪ੍ਰਭੂ ਬਖ਼ਸ਼ਿਸ਼ ਸਦਕਾ ਪ੍ਰਗਟੇ ਗਿਆਨ ਉਪਦੇਸ਼ (ਬਾਣੀ) ਦੇ ਚਸ਼ਮੇਂ ਜਦ ਗਿਆਨ ਦੇ ਅਥਾਹ ਸਾਗਰ, ਗੁਰੂ ਗ੍ਰੰਥ ਸਾਹਿਬ ਜੀ (**ਗੁਰੁ ਸਾਗਰੁ ਪੂਰਾ ਭੰਡਾਰ ॥ ਊਤਮ ਰਤਨ ਜਵਾਹਰ ਅਪਾਰ ॥੩੬੩॥**) ਵਿੱਚ ਸਮਾ (ਲੀਨ ਹੋ) ਗਏ, ਤਦ ਇਹ ਸਮੂਹ ਬਚਨ ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਦੇ ਹੋ ਗਏ ਹਨ। ਫਿਰ ਇਨ੍ਹਾਂ ਬਚਨਾਂ ਨੂੰ ਵੱਖ ਵੱਖ ਸਰੀਰਾਂ ਨਾਲ ਜੋੜਨਾ ਸ਼ਬਦ ਗੁਰੂ ਦੀ ਵਿਚਾਰਧਾਰਾ ਤੋਂ ਅਨਜਾਣਤਾ ਹੀ ਕਹੀ ਜਾ ਸਕਦੀ ਹੈ। ਅੱਜ ਤੱਕ ਸਿੱਖ ਕੌਮ ਵਿੱਚ ਆਪੂੰ ਬਣੇ ਜਾਂ ਗੁਰਮਤਿ ਵਿਚਾਰਧਾਰਾ ਤੋਂ ਅਨਜਾਣ ਸੋਚ ਦੇ ਬਣਾਏ ਮਹਾਂ ਪੁਰਖ, ਬ੍ਰਹਮ ਗਿਆਨੀ, ਵਿੱਦਿਆ ਮਾਰਤੰਡ ਅਤੇ ਵਿਦਵਾਨਾਂ ਨੂੰ ਸੁਣਦੇ ਆ ਰਹੇ ਹਾਂ, ਸਭ ਸ਼ਬਦ ਗੁਰੂ ਦੀ ਵਿਚਾਰਧਾਰਾ ਤੋਂ ਅਵੇਸਲੇ ਹੋ ਕੇ, ਹਰ ਸ਼ਬਦ ਦੀ

ਵਿਆਖਿਆ ਕਿਸੇ ਸਰੀਰ ਨਾਲ ਜੋੜ ਕੇ ਕਰਦੇ ਹਨ। ਪਤਾ ਨਹੀਂ ਅਜਿਹਾ ਕਰ ਕੇ ਇਹ ਆਪਣੀ ਵਿਦਵਤਾ ਦਾ ਇਜ਼ਹਾਰ ਕਰਦੇ ਹਨ ਜਾਂ ਗੁਰਮਤਿ ਵਿਚਾਰਧਾਰਾ ਨੂੰ ਖੋਰਾ ਲਾਉਣ ਜਾਂ ਖ਼ੁਦ ਗੁਰਮਤਿ ਵਿਚਾਰਧਾਰਾ ਤੋਂ ਭਟਕਣ ਦੇ ਗੁਨਹਗਾਰ ਬਣਦੇ ਹਨ ? ਸਿੱਖ ਦਾ ਆਪਣੇ ਗੁਰੂ ਨਾਲ ਕੋਈ ਖ਼ੂਨ ਦਾ ਰਿਸ਼ਤਾ ਨਹੀਂ ਹੈ। ਰਿਸ਼ਤਾ ਹੈ ਸਿਧਾਂਤ (ਵਿਚਾਰਧਾਰਾ) ਦਾ। ਰਿਸ਼ਤਾ ਹੈ ਗੁਰੂ ਹੁਕਮ (ਉਪਦੇਸ਼) ਨੂੰ ਸੁਣ ਸਮਝ ਕੇ ਕਬੂਲਤਾਈ ਦਾ। ਜੇ ਗੁਰ ਹੁਕਮ ਅਨੁਸਾਰੀ ਜੀਵਨ ਨਹੀਂ ਹੈ, ਤਾਂ ਸੱਚ ਜਾਣੋਂ ਗੁਰੂ ਨਾਲ ਕੋਈ ਰਿਸ਼ਤਾ ਹੀ ਨਹੀਂ ਹੈ। ਸਿੱਖ ਉਹ ਹੀ ਹੈ ਜੋ ਤੇਰਾ ਕਵਣੁ ਗੁਰੂ ਵਾਲੇ ਸਵਾਲ ਦੇ ਦਿੱਤੇ ਉੱਤਰ **ਸਬਦੁ ਗੁਰੂ ਸੁਰਤਿ ਧੁਨਿ ਚੇਲਾ॥** ਵਾਲੀਆਂ ਗੁਹਜ਼ ਰਮਜ਼ਾਂ ਸਮਝ ਸਕੇ।

ਕੀ ਸਿੱਖੀ ਜੱਦੀ ਹੈ?

ਕੁਝ ਸਾਲ ਪਹਿਲਾਂ ਬੀਤੀ ਹੋਈ ਇੱਕ ਘਟਨਾ ਦੀ ਯਾਦ ਆਈ। ਮੈਂ ਆਪਣੀ ਰਿਸ਼ਤੇਦਾਰੀ ਵਿੱਚ ਕਿਤੇ ਮਿਲਣ ਵਾਸਤੇ ਗਿਆ। ਸਾਡੇ ਉਹ ਰਿਸ਼ਤੇਦਾਰ (ਪਤੀ-ਪਤਨੀ ਦੋਵੇਂ) ਅਧਿਆਪਕ ਲੱਗੇ ਹੋਏ ਸਨ, ਜੋ ਅੱਠਵੀਂ ਤੋਂ ਦਸਵੀਂ ਤਕ ਦੀਆਂ ਕਲਾਸਾਂ ਨੂੰ ਪੜ੍ਹਾਉਂਦੇ ਸਨ। ਸੁੱਖ-ਸਾਂਦ ਪੁੱਛੀ ਦੱਸੀ, ਚਾਹ-ਪਾਣੀ ਛਕਿਆ ਅਤੇ ਘਰੇਲੂ ਗੱਲਾਂ-ਬਾਤਾਂ ਹੁੰਦੀਆਂ ਰਹੀਆਂ। ਗੱਲਾਂ ਗੱਲਾਂ ਵਿੱਚ ਹੀ, ਕਿਸੇ ਤਰ੍ਹਾਂ ਸਿੱਖ ਧਰਮ ਵਿੱਚ ਦਾਖ਼ਲੇ (ਪਾਹੁਲ) ਬਾਰੇ ਗੱਲ-ਬਾਤ ਚੱਲ ਪਈ। ਵਿਚਾਰਾਂ ਕਰਦਿਆਂ, ਮੈਂ ਉਨ੍ਹਾਂ ਨੂੰ ਕਹਿ ਬੈਠਾ ਕਿ ਤੁਸੀਂ ਵੀ ਸਿੱਖ ਧਰਮ ਵਿੱਚ ਦਾਖ਼ਲਾ (ਖੰਡੇ ਬਾਟੇ ਦੀ ਪਾਹੁਲ) ਲੈ ਕੇ ਗੁਰੂ ਵਾਲੇ ਜਰੂਰ ਬਣੋਂ। ਦੋਵੇਂ, ਮੇਰੀ ਗੱਲ ਨੂੰ ਬੋਚਦੇ ਹੋਏ ਬੋਲੇ, ਦੇਖੋ ਜੀ, ਅਸੀਂ ਕਦੇ ਰੋਮਾਂ ਦੀ ਬੇਅਦਬੀ ਨਹੀਂ ਕੀਤੀ ਅਤੇ ਨਾ ਹੀ ਅਸੀਂ ਕੁੱਝ ਖਾਂਦੇ ਪੀਂਦੇ (ਉਨ੍ਹਾਂ ਦਾ ਭਾਵ ਆਂਡਾ ਮਾਸ ਸ਼ਰਾਬ ਤੋਂ ਸੀ) ਹਾਂ। ਸੋ ਸਿੱਖ ਤਾਂ ਅਸੀਂ ਹਾਂ ਹੀ। ਬੱਸ ਅੰਮ੍ਰਿਤ ਹੀ ਨਹੀਂ ਛਕਿਆ। ਗੁਰੂ ਦੀ ਬਖ਼ਸ਼ੀ ਬੁੱਧ ਅਨੁਸਾਰ ਮੈਂ ਸਮਝਾਉਣ ਦੀ ਪੂਰੀ ਕੋਸ਼ਿਸ਼ ਕੀਤੀ ਕਿ ਧਰਮ ਧਾਰਿਆ (ਅਪਨਾਇਆ) ਜਾਂਦਾ ਹੈ ਕੋਈ ਵੀ ਧਰਮ ਜਨਮ ਦੇ ਨਾਲ ਨਹੀਂ ਆਉਂਦਾ। ਮਾਤਾ ਪਿਤਾ ਵਾਲਾ ਜਾਂ ਵਿਸ਼ਵਾਸ ਅਨੁਸਾਰੀ ਧਰਮ ਧਾਰਨ ਕਰਨ ਲਈ, ਉਸ ਧਰਮ ਦੀ ਬਣਾਈ ਰਹੁ-ਰੀਤ ਕਰਨ ਉਪਰੰਤ ਹੀ ਉਸ ਧਰਮ ਦੇ ਧਾਰਨੀ ਬਣੀਂਦਾ ਹੈ। ਧਰਮ ਧਾਰਨੀ ਰਹੁ-ਰੀਤ ਨਿਭਾਉਣ ਤੋਂ ਬਿਨ੍ਹਾਂ ਨਹੀਂ। ਉਹ ਬੋਲੇ, ਦੇਖੋ ਜੀ, ਸਾਡੇ ਮਾਪੇ ਸਿੱਖ ਸਨ, ਭਾਵੇਂ ਕਿ ਅੰਮ੍ਰਿਤ ਤਾਂ ਸ਼ਾਇਦ ਉਨ੍ਹਾਂ ਭੀ ਛਕਿਆ ਸੀ ਜਾਂ ਨਹੀਂ, ਸਾਨੂੰ ਨਹੀਂ ਪਤਾ, ਪਰ, ਸਿੱਖੀ ਅਸੂਲਾਂ ਦੇ ਬੜੇ ਪੱਕੇ ਸਨ। ਸੋ ਅਸੀਂ ਵੀ ਉਨ੍ਹਾਂ ਤੋਂ ਮਿਲੀ ਸਿੱਖਿਆ ਅਨੁਸਾਰ ਹੀ, ਸਿੱਖੀ ਨਿਭਾ ਰਹੇ ਹਾਂ। ਬੜੀਆਂ ਵਿਚਾਰਾਂ ਹੋਈਆਂ, ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਉਹ ਜੱਦੀ (ਜਨਮ ਨਾਲ ਮਿਲੀ) ਸਿੱਖੀ ਦੇ ਆਪਣੇ ਸਿਧਾਂਤ ਉੱਤੇ ਅੜੇ ਰਹੇ।

ਅੰਨ-ਪਾਣੀ ਛਕਿਆ ਹੀ ਸੀ ਕਿ ਉਨ੍ਹਾਂ ਦਾ ਲੜਕਾ ਆ ਗਿਆ ਤੇ ਮੈਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਸਾਡੇ ਕੋਲ ਬੈਠ ਗਿਆ। ਮੈਂ ਪੁੱਛਿਆ, ਕਾਕਾ ਕੀ ਕਰਦਾ ਹੁੰਦਾ ਏਂ? ਉਹ ਬੋਲਿਆ, ਜੀ ਬੱਸ ਵਿਹਲਾ ਹੀ ਹਾਂ। ਵਿਹਲੇ ਦਾ ਕੀ ਮਤਲਵ? ਤੇ ਪੜ੍ਹਾਈ? ਮੈਂ ਬੜੀ ਉਤਸੁਕਤਾ ਨਾਲ ਪੁੱਛਿਆ। ਪੜ੍ਹਾਈ ਤਾਂ ਛੱਡ ਦਿੱਤੀ ਏ, ਹੁਣ ਕੋਈ ਕੰਮ-ਕਾਰ ਦੇਖਾਂਗਾ। ਮੈਂ ਖੇਤੀ ਕਰਨੀ ਚਹੁੰਦਾ ਹਾਂ। ਖੇਤੀ ਕਰਨੀ ਐਂ ਤੇ ਪੜ੍ਹਿਆ ਕਿੱਥੋਂ ਤੱਕ ਏਂ? ਮੈਂ ਫਿਰ ਪੁੱਛਿਆ। ਲੜਕੇ ਦੇ ਪਿਤਾ ਜੀ ਵਿੱਚੋਂ ਹੀ ਬੋਲ ਪਏ, ਪੜ੍ਹਨਾ ਇਸ ਨੇ ਕੀ ਏ, ਪਲੱਸ ਟੂ (10+2) ਵਿਚੇ ਹੀ ਛੱਡ ਦਿੱਤੀ ਹੈ, ਤੇ ਹੁਣ ਕਹਿੰਦਾ ਏ ਕਿ ਮੈਂ ਖੇਤੀ ਕਰਨੀ ਹੈ। ਅੱਜ ਕੱਲ੍ਹ ਖੇਤੀ ਤਾਂ ਮਸ਼ੀਨਰੀ ਦੀ ਹੈ, ਤੇ

ਮਸ਼ੀਨਰੀ ਲੈਣ ਜੋਗੀ ਸਾਡੀ ਸਮਰੱਥਾ ਵੀ ਨਹੀਂ ਹੈ। ਮੈਂ ਕੁੱਝ ਸੋਚ ਕੇ ਕਿਹਾ, ਵੀਰ ਜੀ (ਲੜਕੇ ਦੇ ਪਿਤਾ ਨੂੰ) ਇਹਨੂੰ ਮਾਸਟਰ ਲਗਵਾ ਦਿਓ। ਉਹ ਹੈਰਾਨੀ ਜਿਹੀ ਨਾਲ ਮੇਰੇ ਮੂੰਹ ਵੱਲ ਦੇਖਦਾ ਹੋਇਆ ਬੋਲਿਆ, ਇਸਨੇ ਪਲੱਸ ਟੂ ਵਿਚੇ ਹੀ ਛੱਡ ਦਿੱਤੀ ਹੈ। ਇਹ ਕੋਈ ਜੇ.ਬੀ.ਟੀ., ਬੀ.ਏ., ਬੀ.ਐੱਡ. ਜਾਂ ਐੱਮ.ਏ., ਐੱਮ.ਐੱਡ. ਪੜ੍ਹਿਆ ਹੋਇਆ ਤਾਂ ਹੈ ਨਹੀਂ, ਜੋ ਇਸਨੂੰ ਮਾਸਟਰ ਲਗਵਾ ਦੇਈਏ। ਮੈਂ ਕਿਹਾ ਵੀਰ ਜੀਓ ਘਾਬਰੋ ਨਾ, ਕੀ ਹੋਇਆ ਜੇ ਇਸ ਨੇ ਕਿਸੇ ਕਾਲਜ ਜਾਂ ਯੂਨੀਵਰਸਿਟੀ ਵਿੱਚ ਦਾਖ਼ਲਾ ਲੈ ਕੇ ਮਾਸਟਰ ਬਨਣ ਦਾ ਕੋਰਸ (ਡਿਗਰੀ) ਨਹੀਂ ਕੀਤਾ ? ਚੰਗੀ ਕਿਸਮਤ ਨਾਲ ਇਹ ਮਾਸਟਰ ਮਾਤਾ ਪਿਤਾ ਦੇ ਘਰ ਜੰਮਿਆਂ ਹੋਇਆ ਤਾਂ ਹੈ ਹੀ ਨਾ। ਜੇ ਨਿਰੰਕਾਰੀ ਕੰਮਾਂ ਲਈ, ਧਰਮੀ ਮਾਂ-ਪਿਓ ਦੇ ਘਰ ਜੰਮ ਕੇ, ਧਰਮੀ ਅਖਵਾਉਣ ਦਾ ਦਾਹਵਾ ਕੀਤਾ ਜਾ ਸਕਦਾ ਹੈ, ਤਾਂ, ਸੰਸਾਰੀ ਕੰਮਾਂ ਵਿੱਚ ਡਿਗਰੀ ਪ੍ਰਾਪਤ, ਮਾਤਾ ਪਿਤਾ ਦੇ ਘਰ ਜਨਮ ਲੈ ਕੇ ਡਿਗਰੀ ਦਾ ਦਾਹਵਾ ਕਿਉਂ ਨਹੀਂ ਕੀਤਾ ਜਾ ਸਕਦਾ ? ਤੀਰ ਨਿਸ਼ਾਨੇ ਜਾ ਲੱਗਾ। ਉਹ ਮੇਰੇ ਵਲੋਂ ਕੀਤੀ ਤਰਕ ਸਮਝ ਗਏ ਤੇ ਹੱਸਦਿਆਂ ਹੋਇਆਂ ਕਹਿਣ ਲੱਗੇ, ਹੁਣ ਸਾਨੂੰ ਇਸ ਗੱਲ ਦੀ ਸਮਝ ਆ ਗਈ ਹੈ ਅਤੇ ਅਸੀਂ ਜਿੰਨ੍ਹੀ ਵੀ ਜਲਦੀ ਹੋ ਸਕਿਆ, ਆਪਣੇ ਸਿੱਖ ਧਰਮ ਵਿੱਚ ਦਾਖ਼ਲਾ ਲੈ ਕੇ ਹੀ ਸਿੱਖੀ ਦੇ ਦਾਹਵੇਦਾਰ ਅਖਾਵਾਂਗੇ।

ਓਇ ਹਰਿ ਕੇ ਸੰਤ ਨ ਆਖਿਅਹਿ

ਸੰਨ 1997 ਦੇ ਅਗੱਸਤ ਮਹੀਨੇ, ਇੰਗਲੈਂਡ ਵਿੱਚ ਕੁੱਝ ਦਿਨਾਂ ਲਈ ਇੱਕ ਬਹੁ ਚਰਚਿਤ ਡੇਰੇਦਾਰ ਨਾਲ ਵਿਚਰਨ ਦਾ ਸਬੱਬ ਬਣਿਆਂ। ਜੋ ਕੁੱਝ ਡੇਰੇਦਾਰ ਕਰਦੇ ਜਾਂ ਆਪਣੇ ਚਹੇਤਿਆਂ ਤੋਂ ਕਰਵਾਉਂਦੇ ਹਨ, ਉਸ ਅਸਲੀਅਤ ਨੂੰ ਤਾਂ ਉਹੀ ਜਾਣਦਾ ਹੈ ਜਿਸ ਨਾਲ ਬੀਤੀ ਹੋਵੇ ਪਰ ਮੌਕੇ ਸਿਰ ਹਾਜਰ, ਅੱਖੀਂ ਦੇਖਦੇ ਕੰਨੀਂ ਸੁਣਨਹਾਰੇ ਭੀ ਕੁੱਝ ਦੇਖ ਸੁਣ ਕੇ ਭਾਂਪ ਹੀ ਜਾਂਦੇ ਹਨ। ਉਨ੍ਹਾਂ ਦਿਨਾਂ ਦੀਆਂ ਕੁੱਝ ਬੀਤੀਆਂ ਯਾਦਾਂ, ਪਾਠਕਾਂ ਨਾਲ ਸਾਂਝੀਆਂ ਕਰਾਂਗਾ। ਉਨ੍ਹਾਂ ਬੀਤੇ ਦਿਨਾਂ ਦੀ ਯਾਦ ਜਦ ਵੀ ਆਉਂਦੀ, ਮਨ ਵਿੱਚ ਕਈ ਪ੍ਰਕਾਰ ਦੀਆਂ ਸੋਚਾਂ ਦੀ ਜੰਗ ਛਿੜ ਜਾਂਦੀ। ਇੰਗਲੈਂਡ ਦੇ ਹੀਥਰੋ ਹਵਾਈ ਅੱਡੇ ਦੇ ਬਾਹਰ ਸਿੱਖ ਪਹਿਰਾਵੇ ਦੀ ਦਿੱਖ, ਅਨੂੰਠੀ ਮਸਤੀ ਵਿੱਚ ਝੂਮ ਰਹੀ ਸੀ। ਹੀਥਰੋ ਹਵਾਈ ਅੱਡਾ, ਅੱਜ ਇੰਗਲੈਂਡ ਦਾ ਨਹੀਂ ਬਲਕਿ ਪੰਜਾਬ ਦੇ ਕਿਸੇ ਸ਼ਹਿਰ ਦਾ ਹਵਾਈ ਅੱਡਾ ਨਜ਼ਰ ਆ ਰਿਹਾ ਸੀ। ਹਰ ਚਿਹਰੇ ਉੱਪਰ ਇੱਕ ਅਨੋਖੀ ਖ਼ੁਸ਼ੀ ਦਾ ਪ੍ਰਭਾਵ ਦਿਖਾਈ ਦੇ ਰਿਹਾ ਸੀ। ਇੱਕ ਸਿੰਘ ਨੂੰ ਪੁੱਛਣ ਤੇ ਪਤਾ ਲੱਗਾ ਕਿ ਕੋਈ ਸੰਤ ਆਤਮਾ ਕਿਸੇ ਮਹਾਂ-ਪੁਰਖ ਦੇ ਰੂਪ ਵਿੱਚ, ਜਹਾਜੀ ਯਾਤਰਾ ਨੂੰ ਸਫਲ ਕਰਦੀ ਹੋਈ, ਇੰਗਲੈਂਡ ਦੀ ਧਰਤੀ ਨੂੰ ਭਾਗ ਲਾ ਰਹੀ ਹੈ। ਕਿਤੇ ਜਾਣਾ ਚਾਹੁੰਦੇ ਹੋਏ ਭੀ ਮਨ ਠਹਿਰਨ ਲਈ ਮਜਬੂਰ ਹੋ ਗਿਆ। ਥੋੜੇ ਹੀ ਚਿਰ ਬਾਅਦ ਅੱਠ ਨੌਂ ਕੁ ਚਿੱਟੇ ਚੋਲ੍ਹੇ ਪਹਿਨੀ ਅਤੇ ਚਿੱਟੀਆਂ ਗੋਲ ਸਜਾਈਆਂ ਦਸਤਾਰਾਂ ਵਾਲਿਆਂ ਦਾ ਇੱਕ ਟੋਲ੍ਹਾ ਆਉਂਦਾ ਨਜ਼ਰੀਂ ਪਿਆ। ਇੱਕ ਛੇ ਕੁ ਫੁੱਟ ਦੇ ਕੱਦ ਕਾਠ ਵਾਲਾ ਅਤੇ ਸਵਾ ਕੁ ਕੁਇੰਟਲ ਵਜ਼ਨੀ ਆਦਮੀ, ਜਿਸ ਦੇ ਇੱਕ ਹੱਥ ਵਿੱਚ ਸ਼ੇਰ ਮੂੰਹੀਂ ਚਾਂਦੀ ਦੀ ਖੂੰਡੀ ਅਤੇ ਦੂਜੇ ਹੱਥ ਚਿੱਟੇ ਜਿਹੇ ਮਣਕਿਆਂ ਦੀ ਮਾਲਾ ਫੜੀ ਹੋਈ ਸੀ ਨੂੰ, ਜਿਸਦੇ ਸਾਥੀਆਂ ਨੇ ਕਮਾਂਡੋ ਦੀ ਤਰ੍ਹਾਂ ਘੇਰਾ ਪਾਇਆ ਹੋਇਆ ਸੀ, ਬਾਹਰ ਵਲ ਆਉਂਦਾ ਦਿਸਿਆ। ਏਅਰ ਪੋਰਟ ਦੇ ਬਾਹਰੀ ਦਰਵਾਜੇ ਤੋਂ ਬਾਹਰ ਪੈਰ ਰੱਖਣ ਦੀ ਦੇਰ ਹੀ ਸੀ, ਕਿ ਸੁਹਣੇ ਪ੍ਰਕਾਸ਼ ਕੀਤੇ ਦਾੜ੍ਹਿਆਂ ਤੇ ਪਹਿਰਾਵੇ ਦੇ ਉਪਰੋਂ ਦੀ ਸਜਾਈਆਂ ਕਿਰਪਾਨਾਂ ਵਾਲੇ ਸਿੱਖ ਅਤੇ ਸਿੱਖੀ ਪਹਿਰਾਵੇ ਵਿੱਚ ਸਜੀਆਂ ਸਿੱਖ ਬੀਬੀਆਂ, ਧੜਾ ਧੜ ਉਸ ਵਡ ਆਕਾਰੀ ਮਹਾਂ-ਪੁਰਖ ਦੇ ਪੈਰਾਂ ਉੱਤੇ ਡਿਗ ਰਹੇ ਸਨ। ਕੋਈ ਕੋਈ ਬੀਬੀ ਤਾਂ, ਇਸ ਬਾਬਾ ਜੀ ਨੂੰ ਘੁੱਟ ਕੇ ਜੱਫੀ ਵਿੱਚ ਲੈਣ ਦਾ ਅਸਫਲ ਯਤਨ ਵੀ ਕਰਦੀ ਪਰ, ਬੋਹੜ ਕੱਦ ਜੱਫੀ ਵਿੱਚ ਕਿਵੇਂ ਆਵੇ। ਹਾਂ, ਕਿਸੇ ਭਾਗਾਂ ਵਾਲੀ ਬੀਬੀ ਨੂੰ ਇਸ ਵਡ ਆਕਾਰੀ ਬੋਹੜ ਬਾਬੇ ਦਾ ਥਾਪੜਾ ਜ਼ਰੂਰ ਮਿਲ ਜਾਂਦਾ ਅਤੇ ਬਾਬਾ ਜੀ ਦੀ ਦਿਖਾਵੇ ਦੀ ਮਾਲਾ ਦਾ ਮਣਕਾ ਵੀ ਅੱਗੇ ਪਿੱਛੇ ਹੁੰਦਾ ਦਿਸ ਆਉਂਦਾ।

ਇਹ ਸੰਤ ਬਾਣੇ ਦੇ ਉਪਾਸ਼ਕ, ਸਿੱਖੀ ਵਿਚਾਰਧਾਰਾ ਜਾਂ ਸਿੱਖ ਇਤਿਹਾਸ ਤੋਂ ਬਿਲਕੁਲ ਹੀ ਅਨਜਾਣ ਜਾਂ ਜਾਣ ਬੁੱਝ ਕੇ ਅਵੇਸਲੇ ਹੋਏ ਜਾਪਦੇ ਸਨ। ਗੁਰੂ ਨਾਨਕ ਜੀ ਦੇ ਜਨਮ (ਅਪ੍ਰੈਲ, 1469 ਈ:) ਤੋਂ ਲੈ ਕੇ, ਮਹਾਰਾਜਾ ਰਣਜੀਤ ਸਿੰਘ ਰਾਜ ਦੇ ਅੰਤ (1849 ਈ:, ਜਾਣੀ ਕੇ 380 ਸਾਲ) ਤੱਕ, ਸਿੱਖ ਧਰਮ ਵਿੱਚ ਕਿਸੇ ਵੀ ਸਿੱਖ ਜਾਂ ਸਿੱਖ ਧਰਮ ਵਿਰੋਧੀ ਸੋਚ (ਜੋ ਗੁਰੂ ਨਾਨਕ ਜੀ ਦੇ ਸਮੇਂ ਤੋਂ ਹੀ, ਸਿੱਖੀ ਵਿੱਚ ਘੁਸਪੈਠ ਕਰ ਕੇ, ਸਿੱਖੀ ਦੀ ਨਿਰੋਲ ਵਿਚਾਰਧਾਰਾ ਵਿੱਚ, ਬਿੱਪ੍ਰ ਸੋਚ ਨੂੰ ਮਿਲਾਈ ਰੱਖਣ ਲਈ, ਹਰ ਹੀਲਾ ਵਰਤ ਰਹੀ ਸੀ) ਨੇ ਆਪਣੇ ਆਪ ਨੂੰ ਸੰਤ ਅਖਵਾਉਣ ਦੀ ਲਾਲਸਾ ਨਹੀਂ ਸੀ ਦਿਖਾਈ। 27 ਜੂਨ, 1839 ਈ: ਨੂੰ ਰਣਜੀਤ ਸਿੰਘ ਅਕਾਲ ਚਲਾਣਾ ਕਰ ਗਿਆ ਅਤੇ ਅੰਗਰੇਜ਼ਾਂ ਨੇ ਪੰਜਾਬ ਨੂੰ ਆਪਣੇ ਰਾਜ ਵਿੱਚ ਮਿਲਾਉਣ ਲਈ ਆਪਣੀ ਕੂਟਲਨੀਤੀ ਵਰਤਣੀ ਸ਼ੁਰੂ ਕਰ ਦਿੱਤੀ। ਸਿੱਖਾਂ ਨਾਲ ਅੰਗਰੇਜ਼ਾਂ ਦੀਆਂ ਪੰਜ (ਜੰਗ ਮੁੱਦਕੀ, 18 ਦਸੰਬਰ 1945। ਜੰਗ ਫੇਰੂਮਾਨ, 21, 22 ਦਸੰਬਰ, 1845। ਜੰਗ ਬੱਦੋਵਾਲ, 21 ਜਨਵਰੀ 1846। ਜੰਗ ਅਲੀਵਾਲ, 28 ਜਨਵਰੀ 1846। ਜੰਗ ਸਭਰਾਵਾਂ, 10 ਫ਼ਰਵਰੀ, 1846) ਲੜਾਈਆਂ ਹੋਈਆਂ। ਅੰਗਰੇਜ਼ਾਂ ਨੇ ਸਿੱਖਾਂ ਨੂੰ ਹਰਾਉਣ ਲਈ ਧੋਖਾਧੜੀ ਵਾਲਾ ਹਰ ਹੀਲਾ (ਕੀਤੇ ਵਾਇਦੇ ਤੋੜਨਾ, ਫੁੱਟ ਪਾਉਣੀ, ਗ਼ਦਾਰਾਂ ਨੂੰ ਹਰ ਲਾਲਚ ਦੇ ਕੇ ਖ਼ਰੀਦਣਾ ਆਦਿ) ਵਰਤਿਆ। ਸਿੱਖ ਰਾਜੇ ਦਲੀਪ ਸਿੰਘ ਦਾ 29 ਮਾਰਚ, 1849 ਨੂੰ ਆਖ਼ਰੀ ਸਿੱਖ ਦਰਬਾਰ ਲੱਗਾ। 5 ਅਪ੍ਰੈਲ, 1849 ਨੂੰ, ਲਹੌਰ ਸ਼ਹਿਰ ਤੋਂ ਸਿੱਖ ਰਾਜ ਦਾ ਝੰਡਾ ਲਹਿ ਗਿਆ ਅਤੇ ਅੰਗਰੇਜ਼ਾ ਦਾ ਝੰਡਾ ਝੂੱਲ ਗਿਆ। ਸਿੱਖਾਂ ਨਾਲ ਅੰਗਰੇਜ਼ਾਂ ਦੀਆਂ ਹੋਈਆਂ ਲੜਾਈਆਂ ਵਿੱਚ ਜੋ ਅੰਗਰੇਜ਼ ਕੌਮ ਦਾ ਜਾਨੀ ਨੁਕਸਾਨ ਹੋਇਆ, ਉਹ ਸਾਰੇ ਭਾਰਤ ਨੂੰ ਜਿੱਤਣ ਵਾਲੇ ਹੋਏ ਨੁਕਸਾਨ ਤੋਂ ਵੱਧ ਸੀ। ਜਿਸ ਕਰ ਕੇ ਅੰਗਰੇਜ਼ ਇਸ ਕੌਮ ਦੀ ਏਕਤਾ ਨੂੰ ਤੋੜ ਕੇ ਇਸ ਨੂੰ ਕਮਜ਼ੋਰ ਕਰਨਾ ਚਹੁੰਦਾ ਸੀ। ਅੰਗਰੇਜ਼ ਫ਼ੌਜ ਵਿੱਚ ਸਿੱਖਾਂ ਦੀ ਭਰਤੀ ਸ਼ੁਰੂ ਹੋਈ ਅਤੇ ਇਸ ਫ਼ੌਜੀ ਸਿਖਲਾਈ (ਅੰਗਰੇਜ਼ਾਂ ਦੀ ਕੂਟਲਨੀਤੀ) ਨੇ, ਖ਼ੁਸ਼ਾਮਦੀ ਸੋਚ ਵਾਲੇ ਕਈ ਛੜੇ (ਗ੍ਰਿਸਤੀ ਜੀਵਨ ਤੋਂ ਭਗੌੜੇ, ਜਾਂ ਆਰਥਿਕ ਤੰਗੀ ਭੋਗਦੇ) ਸੰਤ ਪੈਦਾ ਕੀਤੇ। ਜਿਨ੍ਹਾਂ ਨੇ ਫ਼ੌਜ ਵਿੱਚੋਂ ਬਾਹਰ ਆ ਕੇ ਆਪਣੀ ਪੂਰੀ ਜਿੰਮੇਂਵਾਰੀ (ਗੁਰੂ ਨਾਨਕ ਦੀ ਨਿਰੋਲ ਸਿੱਖੀ ਨੂੰ ਬਿੱਪ੍ਰਵਾਦ ਦੀ ਰੰਗਤ ਚਾੜ੍ਹਨ ਅਤੇ ਨਿੱਜੀ ਡੇਰੇ ਬਣਾ ਕੇ, ਵੰਡ ਪਾਉਣ ਵਾਲੀ) ਨਿਭਾਈ। ਸਤਿਗੁਰੂ ਜੀ ਦੇ ਬਚਨ ਹਨ, **ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ ॥ ਅਵਰ ਦੂਜਾ ਕਿਉ ਸੇਵੀਐ ਜੰਮੈ ਤੈ ਮਰਿ ਜਾਇ ॥੫੦੯/੫॥ ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ ॥ ਦੇਵਨ ਕਉ ਏਕੈ ਭਗਵਾਨੁ ॥੨੮੧/੩॥ ਅਬਿਨਾਸੀ ਪ੍ਰਭੁ ਮਨ ਮਹਿ ਰਾਖੁ ॥ ਮਾਨੁਖ ਕੀ ਤੂ ਪ੍ਰੀਤਿ ਤਿਆਗੁ ॥੨੮੩/੧੭॥ ਹਿਰਦੈ ਜਿਨ੍ ਕੇ ਕਪਟੁ ਵਸੈ ਬਾਹਰਹੁ ਸੰਤ ਕਹਾਹਿ ॥ ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ ॥੪੮੧/੩॥ ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ ॥ ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ ॥੯੫੪/੧੬॥** ਸੋ ਅੰਧ ਵਿਸ਼ਵਾਸੀ ਸੋਚ ਦੇ ਗ਼ੁਲਾਮ ਸੰਤ ਸ਼ਰਧਾਲੂਆਂ ਨੂੰ ਗੁਰੂ ਉਪਦੇਸ਼ ਜਾਂ ਸਿੱਖੀ ਨਾਲ ਵਰਤੇ ਵਰਤਾਰੇ ਦੀ ਕੀ ਪ੍ਰਵਾਹ ਹੈ, ਇਹ ਤਾਂ ਦੇਹ (ਸਰੀਰ) ਦੇ ਪੂਜਾਰੀ ਹਨ। ਸਰੀਰਾਂ ਦੀ ਪੂਜਾ ਅਤੇ ਗ਼ੁਲਾਮੀ ਹੀ ਕਰਨਗੇ। ਸੰਤ ਉਪਾਸ਼ਕ ਸਿਰਫ਼ ਇਸ ਗੱਲ ਤੋਂ ਹੀ

ਨਾਰਾਜ਼ ਹੋ ਜਾਂਦੇ ਹਨ ਕਿ ਸੰਤਾਂ ਵਾਰੇ ਕੋਈ ਕੁੱਝ ਲਿਖਦਾ, ਬੋਲਦਾ ਕਿਉਂ ਹੈ। ਉਨ੍ਹਾਂ ਦੀ ਸੋਚ ਵਿੱਚ ਆਈ ਖੜੋਤ, ਇਹ ਸੋਚਣ ਦੇ ਅਸਮਰੱਥ ਹੁੰਦੀ ਹੈ ਕਿ ਜੇਕਰ 380 ਸਾਲ ਵਿੱਚ ਕਿਸੇ ਸਿੱਖ ਅੰਦਰ ਸੰਤ ਬਣਨ ਦੀ ਲਾਲਸਾ ਪੈਦਾ ਨਹੀਂ ਹੋਈ ਤਾਂ, ਅੰਗਰੇਜ਼ ਫ਼ੌਜ ਵਿੱਚ ਭਰਤੀ ਹੋਏ ਸਿੱਖਾਂ ਵਿੱਚੋਂ, ਸਿਰਫ਼ ਪੰਜ ਸਾਲ ਦੇ ਅੰਦਰ ਹੀ, ਚਾਰ ਪੰਜ ਸੰਤ ਕਿਵੇਂ ਪੈਦਾ ਹੋ ਗਏ ? ਜੇ ਕਿਸੇ ਕੋਲ ਇਸ ਸਵਾਲ ਦਾ ਜਵਾਬ ਹੈ ਤਾਂ ਸਿੱਖ ਕੌਮ ਨੂੰ ਜਰੂਰ ਸਮਝਾਵੇ ਕਿ ਅੰਗਰੇਜ਼ਾਂ ਦੀ ਫ਼ੌਜੀ ਛਾਉਣੀ ਵਿੱਚ ਉਹ ਕਿਹੜਾ ਵਿੱਦਿਅਕ ਅਦਾਰਾ ਸੀ, ਜਿੱਥੋਂ ਇੰਨ੍ਹਾਂ ਨੇ ਸੰਤ ਉਪਾਧੀਆਂ ਹਾਸਲ ਕੀਤੀਆਂ ? ਸਿੱਖ ਕੌਮ ਵਿੱਚ ਵੰਡੀਆਂ ਪਾ ਕੇ ਆਪਣੇ ਵੱਖਰੇ ਮੱਤ ਚਲਾਉਣ ਵਾਲੇ, ਰਾਧਾ ਸੁਆਮੀ ਅਤੇ ਨਾਮਧਾਰੀਏ ਕਿਸ ਨੇ ਪੈਦਾ ਕੀਤੇ ? ਸੰਤ ਸਮਾਜ, ਨਾਨਕ ਸਰੀਏ, ਰਾੜੇ ਵਾਲੇ, ਟਕਸਾਲਾਂ ਅਤੇ ਹੋਰ ਜਥੇਬੰਦੀਆਂ ਜੋ ਸ਼ਬਦ ਸਰੂਪ ਗੁਰੂ ਗ੍ਰੰਥ ਸਾਹਿਬ ਜੀ ਦੀ ਨਿਰੋਲ ਵਿਚਾਰਧਾਰਾ ਵਿੱਚ, ਬਿੱਪ੍ਰ ਸੋਚ ਨੂੰ ਰਲਗੱਡ ਕਰਨ ਦੇ ਯਤਨ ਕਰਦੀਆਂ ਹਨ, ਇਹ ਕਿਸ ਨੇ ਪੈਦਾ ਕੀਤੀਆਂ ਹਨ ਅਤੇ ਇਨ੍ਹਾਂ ਨੂੰ ਆਰਥਿਕ ਅਤੇ ਰਾਜਸੀ ਤਾਕਤ ਦੀ ਸ਼ਹਿ ਕੌਣ ਦੇ ਰਿਹਾ ਹੈ ? ਜੇ ਅਸੀਂ ਸਿੱਖ ਕੌਮ ਦੇ ਸ਼ੁਭਚਿੰਤਕ ਹਾਂ, ਤਦ ਸਾਨੂੰ ਇਹ ਸਮਝ ਕਿਉਂ ਨਹੀਂ ਆਉਂਦੀ ? ਅਸੀਂ ਪਾਖੰਡੀਆਂ ਦੀ ਝੋਲੀ ਕਿਉਂ ਚੁੱਕੀ ਫਿਰਦੇ ਹਾਂ ? ਸਿੱਖ ਦਿਸਦੇ ਸਰੀਰ ਅੰਦਰ ਜੇ ਥੋੜੀ ਜਿਹੀ ਭੀ ਸਿੱਖੀ ਸੋਚ ਹੈ ਤਦ ਗੁਰਬਾਣੀ ਦੇ ਨਿਰੋਲ ਸੱਚ ਨੂੰ ਸਮਝਦੇ ਹੋਏ, ਦੁੱਧ ਸਿੱਖੀ ਵਿੱਚ ਬਿੱਪ੍ਰ ਸੋਚ ਦੀ ਕਾਂਜੀ ਪਾਉਣ ਵਾਲੇ ਭੇਖੀ, ਬਹਿਰੂਪੀਏ ਠੱਗਾਂ ਦੇ ਕਿਰਦਾਰ ਨੂੰ ਸਮਝਣ ਦੀ ਕੋਸ਼ਿਸ਼ ਕਰੋ। ਸੁਖਵਿੰਦਰ ਸਿੰਘ ਸਭਰਾ, ਵਲੋਂ ਕਿਤਾਬ ਸੰਤਾਂ ਦੇ ਕੌਤਕ ਕਈ ਭਾਗ ਛਪ ਚੁੱਕੇ ਹਨ। ਪੜ੍ਹੋ ਤੇ ਹੋਰਾਂ ਨੂੰ ਪੜ੍ਹਾਓ। ਹਰ ਗੁਰਸਿੱਖ ਦਾ ਫ਼ਰਜ਼ ਬਣਦਾ ਹੈ ਕਿ ਆਪਣੇ ਗਿਆਨ ਗੁਰ ਉਪਦੇਸ਼ ਦਾ ਹੋਕਾ ਦੇ ਕੇ ਅੰਧੀ ਸ਼ਰਧਾ ਵਿੱਚ ਘੂਕ ਸੁੱਤੀ ਹੋਈ ਸਿੱਖੀ ਜ਼ਮੀਰ ਨੂੰ ਜਗਾਵੇ।

ਹੀਥਰੋ ਏਅਰ ਪੋਰਟ ਉੱਤੇ ਹੋ ਰਹੇ ਇਨ੍ਹਾਂ ਬਾਬਿਆਂ (ਆਪੂੰ ਬਣੇ ਮਹਾਂਪੁਰਖਾਂ ਜਾਂ ਬ੍ਰਹਮ ਗਿਆਨੀਆਂ) ਦੇ ਸਤਿਕਾਰ ਵਾਰੇ ਅਤੇ ਸਿੱਖ ਕੌਮ ਦੇ ਜੁੱਗੋ ਜੁੱਗ ਅਟੱਲ, ਸ਼ਬਦ ਸਰੂਪ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਵਾਰੇ ਸੋਚ ਰਿਹਾ ਸੀ। ਇਸ ਸੰਤ ਬਾਬਾ ਜੀ ਨੂੰ ਲੈਣ ਵਾਸਤੇ ਆਏ ਬਾਬਾ ਜੀ ਦੇ ਸ਼ਰਧਾਲੂਆਂ ਦੀ ਅਤੇ ਕਾਰਾਂ ਦੀ ਗਿਣਤੀ ਕਰਨੀ ਮੁਸ਼ਕਿਲ ਸੀ। ਜੇਕਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਸਵਾਰਾ, ਇੱਕ ਥ੍ਹਾਂ ਤੋਂ ਦੂਜੀ ਥ੍ਹਾਂ ਲਿਜਾਣਾ ਹੋਵੇ ਤਾਂ ਅੱਜ ਪੰਜ ਸਿੰਘ ਇਕੱਠੇ ਕਰਨੇ ਮੁਸ਼ਕਿਲ ਹੋ ਜਾਂਦੇ ਹਨ। ਜੇਕਰ ਸਿੱਖ ਕੌਮ ਦੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ, ਪ੍ਰਦੇਸਾਂ ਨੂੰ ਲਿਜਾਣਾ ਹੋਵੇ ਤਾਂ ਰੁਮਾਲਿਆਂ ਵਿੱਚ ਵਲ੍ਹੇਟ ਕੇ ਜਾਂ ਕਿਸੇ ਬਕਸੇ ਵਿੱਚ ਪਾ ਕੇ ਇਕੱਲਾ ਸਿੱਖ ਹੀ ਜਾਂ ਕਈ ਵੇਰ ਅਸਿੱਖ (ਜਿਸ ਨੇ ਸਿੱਖੀ ਧਾਰਨ ਭੀ ਨਾ ਕੀਤੀ ਹੋਵੇ) ਹੀ, ਚੁੱਕ ਲਿਆਉਂਦਾ ਹੈ ਅਤੇ ਜਿਸ ਹਵਾਈ ਅੱਡੇ ਉੱਤੇ ਉਤਰਨਾ ਹੋਵੇ, ਉੱਥੇ ਕਿਸੇ ਨੂੰ ਇਹ ਪਤਾ ਵੀ ਨਹੀਂ ਹੁੰਦਾ ਕਿ ਸਿੱਖ ਕੌਮ ਦੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਲਿਆਏ ਜਾ ਰਹੇ ਹਨ। ਭਾਵੇਂ ਸਿੱਖਾਂ ਦਾ ਸ਼ਬਦ ਗਿਆਨ ਗੁਰੂ ਹਰ ਗਿਆਨਵਾਨ ਸਿੱਖ ਦੇ ਹਿਰਦੇ ਵਿੱਚ ਵੱਸਦਾ ਹੈ। ਫਿਰ ਵੀ ਇਸ ਸ਼ਬਦ ਗਿਆਨ

ਜੋਤ ਦੇ ਲਿਖਤੀ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਲਾ ਸਨਮਾਨ ਜਾਂ ਸਤਿਕਾਰ ਹੋਰ ਕਿਸੇ ਗ੍ਰੰਥ ਜਾਂ ਕਿਸੇ ਦੇਹ-ਧਾਰੀ, ਆਪੂੰ ਡਿਗਰੀਆਂ ਪ੍ਰਾਪਤ ਬੰਦੇ ਨੂੰ ਨਹੀਂ ਦਿੱਤਾ ਜਾ ਸਕਦਾ। ਇਨ੍ਹਾਂ ਬਾਬਾ ਜੀ ਦੇ ਪੈਰੀਂ ਡਿਗ ਰਹੇ ਸ਼ਰਧਾਲੂਆਂ ਵਾਰੇ ਸੋਚ ਰਿਹਾ ਸਾਂ ਕਿ ਇਹ ਗੁਰਬਾਣੀ ਪੜ੍ਹਦੇ ਜਰੂਰ ਹੋਣਗੇ ਪਰ ਬਾਣੀ **ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥ ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ॥**੯੩੫/੧੨॥ ਵਾਲੀ ਸੋਚ ਨੂੰ, ਇੰਨ੍ਹਾਂ ਦੇ ਬਾਬੇ ਨੇੜੇ ਹੀ ਨਹੀਂ ਫ਼ਰਕਣ ਦਿੰਦੇ। ਇਸੇ ਕਰ ਕੇ ਇਨ੍ਹਾਂ ਨੇ ਭੀ ਕਦੀ (**ਸਤਿਗੁਰੁ ਸਾਹਿਬੁ ਛਡਿਕੈ ਮਨਮੁਖੁ ਹੋਇ ਬੰਦੇ ਦਾ ਬੰਦਾ।** ਭਾ: ਗੁ: ਜੀ ਵਾਰ ੧੫/ਪਉੜੀ ੪) ਪੜ੍ਹਿਆ, ਸੁਣਿਆਂ ਤੇ ਵਿਚਾਰਿਆ ਨਹੀਂ ਹੋਵੇਗਾ ?

ਚਤੁਰਾਈ ਕਿਨੈ ਨ ਪਾਇਆ

ਸਵੇਰ ਦਾ ਵੇਲਾ ਸੀ। ਇੰਗਲੈਂਡ ਦੇ ਸ਼ਹਿਰ ਲੰਡਨ ਦੇ, ਇੱਕ ਇਲਾਕੇ ਹੇਜ਼ ਦੀ ਪਾਰਕ ਵਿੱਚ, ਥੋੜੇ ਦਿਨ ਪਹਿਲਾਂ ਭਾਰਤ ਤੋਂ ਆਏ ਇੱਕ (ਇਨ੍ਹਾਂ ਦੇ ਸ਼ਰਧਾਵਾਨਾਂ ਦਾ ਦਿੱਤਾ ਨਾਮ) ਮਹਾਂਪੁਰਖ ਸੈਰ ਕਰ ਰਹੇ ਸਨ। ਸ਼ਹਿਰ ਬ੍ਰਮਿੰਘਮ ਦੇ ਇਲਾਕੇ, ਹੈਂਡਜ਼ ਵਰਥ ਤੋਂ, ਵੀਰ ਗੁਰਮੀਤ ਸਿੰਘ ਅਤੇ ਇਨ੍ਹਾਂ ਸਤਰਾਂ ਦਾ ਲਿਖਾਰੀ (ਕਿਸ਼ਨ ਸਿੰਘ) ਵੀ ਨਾਲ ਸੀ। ਤੁਰਦਿਆਂ ਫਿਰਦਿਆਂ ਕਿਸੇ ਕਿਸੇ ਵੇਲੇ, ਵੀਰ ਗੁਰਮੀਤ ਸਿੰਘ ਜੀ, ਕੋਈ ਸਵਾਲ ਬਾਬਾ ਜੀ ਨੂੰ ਪੁੱਛ ਲੈਂਦੇ, ਤਦ ਬਾਬਾ ਜੀ ਆਪਣੀ ਸੂਝ ਬੂਝ ਮੁਤਾਬਿਕ ਜਵਾਬ ਦੇ ਦਿੰਦੇ। ਗੁਰਮੀਤ ਸਿੰਘ ਦਾ ਇੱਕ ਸਵਾਲ ਸੀ, ਬਾਬਾ ਜੀ ਕਈ ਪ੍ਰੇਮੀ ਪ੍ਰਾਣੀ ਸਾਨੂੰ ਪੁੱਛਦੇ ਹਨ ਕਿ ਬਾਬਾ ਜੀ ਜਿਉਂ ਸਵੇਰੇ ਵੇਲੇ ਸਿਰ ਤੋਂ ਉੱਠਦੇ ਹਨ, ਸਵੇਰ ਦੀ ਸੈਰ, ਸ਼ਰਧਾਲੂਆਂ ਦੇ ਘਰੀਂ ਚਰਨ ਪਾਉਣੇ, ਗੁਰੂ ਘਰੀਂ ਜਾ ਕੇ ਰਾਗ ਅਲਾਪ ਕਥਾ ਕਹਾਣੀਆਂ ਸੁਨਾਉਣੀਆਂ ਅਤੇ ਆਪਣੇ ਬਣਾਏ ਡੇਰਿਆਂ ਦੇ ਪ੍ਰਬੰਧ ਲਈ ਟੈਲੀਫੂਨ ਰਾਹੀ ਸੁਨੇਹੇ ਦਿੰਦਿਆਂ, ਰਾਤ ਦੇ ਬਾਰਾਂ ਭੀ ਵੱਜ ਜਾਂਦੇ ਹਨ। ਅਸੀਂ ਬਾਬਾ ਜੀ ਨੂੰ ਕਦੀ ਨਿੱਤ-ਨੇਮ ਜਾਂ ਪਾਠ ਕਰਦਿਆਂ ਨਹੀਂ ਦੇਖਿਆ। ਕੀ ਬਾਬਾ ਜੀ ਹੋਰਾਂ ਵਾਸਤੇ ਨਿੱਤ-ਨੇਮ ਜਾਂ ਪਾਠ ਕਰਨਾ ਜਰੂਰੀ ਨਹੀਂ ? ਬਾਬਾ ਜੀ ਕੁੱਝ ਪਲ ਚੁੱਪ ਰਹਿਣ ਤੋਂ ਬਾਅਦ ਬੋਲੇ। ਗੁਰਮੀਤ ਸਿਆਂ, ਇੱਕ ਬੀਬੀ ਸੰਤਾਂ ਮਹਾਂਪੁਰਖਾਂ ਦੀ ਬਹੁਤ ਸ਼ਰਧਾਲੂ ਸੀ। ਮਨੋ ਤਨੋ ਸੰਤ ਮਹਾਪੁਰਖਾਂ ਦੀ ਬੜੀ ਸੇਵਾ ਕਰਦੀ ਅਤੇ ਨਾਮ ਜਪਦੀ। ਉਸ ਬੀਬੀ ਦਾ ਪਤੀ ਨਾ ਕਦੀ ਸੰਤਾਂ ਮਹਾਂਪੁਰਖਾਂ ਦੀ ਸੰਗਤ ਕਰਦਾ ਅਤੇ ਨਾ ਹੀ ਕਦੀ ਨਾਮ ਜਪਦਾ। ਪਤਨੀ ਹਰ ਵੇਲੇ ਉਸਨੂੰ ਰੱਬ ਦਾ ਨਾਮ ਲੈਣ ਲਈ ਕਹਿੰਦੀ ਰਹਿੰਦੀ ਕਿ ਮੈਂ ਤੁਹਾਨੂੰ ਰੱਬ ਦਾ ਨਾਮ ਲੈਂਦੇ ਜਾਂ ਜਪਦੇ ਕਦੀ ਨਹੀਂ ਦੇਖਿਆ। ਇੱਕ ਦਿਨ ਪਤਨੀ ਲੱਡੂ ਵੰਡਦੀ ਬਹੁਤ ਖ਼ੁਸ਼ ਦਿਖਾਈ ਦੇ ਰਹੀ ਸੀ। ਉਸ ਨੇ ਆਪਣੇ ਪਤੀ ਨੂੰ ਵੀ ਲੱਡੂ ਦਿੱਤਾ ਅਤੇ ਕਿਹਾ। ਅੱਜ ਮੈਂ ਬਹੁਤ ਖ਼ੁਸ਼ ਹਾਂ। ਪਤੀ ਨੇ ਪੁੱਛਿਆ ਭਾਗਾਂ ਵਾਲੀਏ ਮੈਨੂੰ ਨਹੀਂ ਦਸੇਂਗੀ ਕਿ ਅੱਜ ਤੂੰ ਏਨੀ ਖ਼ੁਸ਼ ਕਿਉਂ ਏਂ ? ਪਤਨੀ ਬੋਲੀ, ਸੁਆਮੀ ਜੀ ਅੱਜ ਪਹਿਲੀ ਵੇਰ ਮੈਂ ਆਪ ਜੀ ਦੇ ਮੂਹੋਂ ਪਰਮਾਤਮਾ ਦਾ ਨਾਮ ਸੁਣਿਆਂ ਹੈ। ਮੇਰੇ ਮਨ ਦੀ ਤਮੰਨ੍ਹਾਂ ਪੂਰੀ ਹੋਈ ਹੈ ਅਤੇ ਇਸੇ ਖ਼ੁਸ਼ੀ ਵਿੱਚ ਮੈਂ ਲੱਡੂ ਵੰਡ ਰਹੀ ਹਾਂ। ਉਸਦਾ ਪਤੀ ਲੱਡੂ ਖਾਂਦਾ ਖਾਂਦਾਂ ਇੱਕ ਦਮ ਰੁੱਕ ਗਿਆ ਅਤੇ ਹੈਰਾਨ ਹੋ ਕੇ ਆਪਣੀ ਪਤਨੀ ਦੇ ਮੂੰਹ ਵਲ ਦੇਖਦਾ ਹੋਇਆ ਬੋਲਿਆ। ਹੈਂ, ਤੂੰ ਮੈਨੂੰ ਪਰਮਾਤਮਾ ਦਾ ਨਾਮ ਜਪਦੇ ਦੇਖ ਤੇ ਸੁਣ ਲਿਆ ਹੈ ? ਪਤਨੀ ਖ਼ੁਸ਼ੀ ਵਿੱਚ ਝੂਮਦੀ ਹੋਈ ਕਹਿਣ ਲੱਗੀ ਹਾਂ, ਹਾਂ, ਹਾਂ। ਉਸਦਾ ਪਤੀ ਚੁੱਪ ਕਰਕੇ ਚਾਦਰ ਤਾਣ ਲੰਮਾ ਪੈ ਗਿਆ। ਪਤਨੀ ਨੇ ਬੁਲਾਉਣ ਦੀ ਕੋਸ਼ਿਸ਼ ਕੀਤੀ। ਨਾ ਬੋਲਿਆ ਤਾਂ ਹਿਲਾਕੇ ਬੁਲਾਉਣ ਲੱਗੀ। ਪਰ

ਉਹ ਜੇ ਕਰ ਹੁੰਦਾ ਤਦ ਬੋਲਦਾ। ਉਸਦੀ ਆਤਮਾ ਸਰੀਰਕ ਚੋਲ੍ਹਾ ਛੱਡ ਕੇ ਜਾ ਚੁੱਕੀ ਸੀ। ਸੋ ਗੁਰਮੀਤ ਸਿਆਂ ਸੰਤ ਮਹਾਂਪੁਰਖ, ਕਿਸੇ ਦੇ ਸਾਹਮਣੇ ਨਾਮ ਨਹੀਂ ਜਪਦੇ। ਮੈਂ ਸੁਣਿਆਂ ਤੇ ਸੋਚ ਰਿਹਾ ਸੀ ਵਾਹ ਬਾਬਿਓ ਵਾਹ, ਕਿਨ੍ਹੀ ਹੁਸ਼ਿਆਰੀ ਨਾਲ ਆਪਣੀਆਂ ਕਮਜ਼ੋਰੀਆਂ ਨੂੰ ਪਾਖੰਡੀ ਪਰਦਿਆਂ ਹੇਠ ਛਿਪਾਉਂਦੇ ਅਤੇ ਪਿਛਲੱਗਾਂ ਉੱਤੇ ਆਪਣਾ ਪ੍ਰਭਾਵ ਕਿਵੇਂ ਬਣਾਉਂਦੇ ਹੋ।

ਐ, ਗਿਆਨ ਉਪਦੇਸ਼ ਸਬਦ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿੱਖੋ, ਸਦਾ ਸਦਾ ਲਈ ਸੱਚ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਸਰਾ ਛੱਡ ਕੇ ਬਿਨਸਨ ਹਾਰ ਪ੍ਰਾਣੀਆਂ ਦਾ ਆਸਰਾ ਭਾਲਦਿਆਂ, ਅਸੀਂ ਆਪਣੇ ਸਤਿਗੁਰੂ ਦੀ ਸਿੱਖਿਆ (**ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨ ॥ ਦੇਵਨ ਕਉ ਏਕੈ ਭਗਵਾਨੁ** ॥੨੮੧/੩॥) ਤੋਂ ਬੇਮੁਖ ਜਾਂ ਬੇਪ੍ਰਵਾਹੇ ਤਾਂ ਨਹੀਂ ਹੋ ਰਹੇ ? ਗੁਰ ਉਪਦੇਸ਼ (**ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ**) ਨੂੰ ਵਿਚਾਰਦਿਆਂ ਆਪਣੇ ਅੰਦਰ ਝਾਤ ਜਰੂਰ ਮਾਰੀਏ।

ਖ਼ਿਆਲੀ ਬਾਦਸ਼ਾਹ

ਆਪਣੀ ਚਤਰ (ਸ਼ੈਤਾਨ ਜਾਂ ਹੁਸ਼ਿਆਰ) ਬੁੱਧੀ ਤਹਿਤ ਨਿੱਤ ਬਹੁ ਭਾਂਤੀ ਲੋਕਾਂ ਨੂੰ ਗੱਲੀਂ ਬਾਤੀਂ ਭਰਮਾਉਣ (ਆਪਣੀ ਚਾਲ ਵਿੱਚ ਫਸਾਉਣ) ਵਾਲੇ ਇਸ ਬਾਬੇ ਨੇ ਗੁਰਮੀਤ ਸਿੰਘ ਦੇ ਪਹਿਲੇ ਸਵਾਲ ਕੀ ਬਾਬਾ ਜੀ ਹੋਰਾਂ ਵਾਸਤੇ ਨਿੱਤ-ਨੇਮ ਜਾਂ ਪਾਠ ਕਰਨਾ ਜਰੂਰੀ ਨਹੀਂ ? ਉੱਤੇ ਤਾਂ ਆਪਣੀ ਚਤੁਰਤਾ ਦਾ ਪਰਦਾ ਪਾ ਦਿੱਤਾ ਗਿਆ। ਗੁਰਮੀਤ ਸਿੰਘ ਦਾ ਦੂਸਰਾ ਸਵਾਲ ਸੀ। ਬਾਬਾ ਜੀ ਸਿੱਖ ਨਿੱਤ ਅਰਦਾਸ ਕਰਦੇ ਪੜ੍ਹਦੇ ਹਨ, ਰਾਜ ਕਰੇਗਾ ਖ਼ਾਲਸਾ। ਕੀ ਖ਼ਾਲਸਾ ਕਦੀ ਰਾਜ ਕਰੇਗਾ ਭੀ ? ਬਾਬਾ ਜੀ ਹੱਸ ਕੇ ਬੋਲੇ। ਗੁਰਮੀਤ ਸਿਆਂ, ਰਾਜ ਕਰਾਂਗੇ ਤੇ ਜਰੂਰ ਕਰਾਂਗੇ। ਸਿੱਖ ਕੌਮ ਉੱਤੇ ਰਾਜ ਕੇਵਲ ਅਸੀਂ (ਗਾੜੇ ਵਾਲੇ) ਹੀ ਕਰ ਸਕਦੇ ਹਾਂ ਅਤੇ ਅਸੀਂ ਹੀ ਕਰਾਂਗੇ। ਹਾਂ, ਬਾਕੀ ਸਿੱਖ ਜਥੇ-ਬੰਦੀਆਂ ਨੂੰ ਉਨ੍ਹਾਂ ਦਾ ਬਣਦਾ ਹਿੱਸਾ ਜਰੂਰ ਦੇਵਾਂਗੇ। ਅਸੀਂ ਤਾਂ ਮਹਿਕਮਿਆਂ ਦੀ ਵੰਡ ਵਾਰੇ ਵੀ ਸੋਚ ਰੱਖਿਆ ਹੈ ਕਿ ਕਿਹੜਾ ਮਹਿਕਮਾਂ ਕਿਸ ਜਥੇ-ਬੰਦੀ ਨੂੰ ਦੇਣਾ ਹੈ। ਸਿੱਖ ਕੌਮ ਦੀ ਰਾਜ ਤਾਕਤ ਸਾਡੇ (ਗਾੜੇ ਵਾਲਿਆਂ ਦੇ) ਹੱਥ ਵਿੱਚ ਹੋਵੇਗੀ। ਰੱਖਿਆ-ਸੁਰੱਖਿਆ (Defence) ਦਾ ਮਹਿਕਮਾਂ, ਦਮਦਮੀ ਟਕਸਾਲ ਨੂੰ ਦੇਵਾਂਗੇ। ਹੋਮ ਗਾਰਡ ਮਹਿਕਮਾਂ, ਬੱਬਰਾਂ ਦੀ ਜਥੇ-ਬੰਦੀ ਨੂੰ ਦੇਵਾਂਗੇ। ਸੀ, ਆਰ, ਪੀ ਰਾਧਾ ਸੁਆਮੀਆਂ ਨੂੰ। ਨਸ਼ਿਆਂ ਦੇ ਸਾਰੇ ਠੇਕੇ, ਨਿਹੰਗ-ਸਿੰਘ ਜਥੇ-ਬੰਦੀਆਂ ਨੂੰ ਦੇਵਾਂਗੇ। ਅਤੇ ਕੁੱਝ ਛੋਟੇ ਮੋਟੇ ਕੰਮ, ਨਾਨਕ ਸਰੀਆਂ ਨੂੰ ਸੰਭਾਲ ਦੇਵਾਂਗੇ। ਬਾਬੇ ਦੀਆਂ ਗੱਲਾਂ ਸੁਣਕੇ ਮੇਰਾ ਸਰੀਰ ਸੁਨ੍ਹ ਹੁੰਦਾ ਜਾ ਰਿਹਾ ਸੀ। ਸੋਚ ਰਿਹਾ ਸਾਂ ਇਨ੍ਹਾਂ ਮਹਾਂਪੁਰਖਾਂ ਵਾਰੇ। ਜਿਨ੍ਹਾਂ ਨੂੰ ਆਪਣੇ ਪੁਰਖਾਂ ਦੀ ਜੱਦੀ ਜਾਇਦਾਦ ਵਿੱਚੋਂ ਸ਼ਾਇਦ ਕੁੱਝ ਮਿਲਿਆ ਹੋਵੇ ਜਾਂ ਨਾ ਪਰ, ਸਾਧ ਚੋਲਾ (ਪਖੰਡੀ, ਭੇਖੀ ਪਹਿਰਾਵਾ) ਪਹਿਨਕੇ, ਸੰਤ ਪਦਵੀ ਧਾਰਨ ਕਰਨ ਤੋਂ ਬਾਦ ਬਣਾਈ ਇਨ੍ਹਾਂ ਦੀ ਜਾਇਦਾਦ ਕਿੰਨੇ ਕੁ ਦੀ ਹੈ ? ਅੰਦਾਜ਼ਾ ਲਾਉਣਾ ਮੁਸ਼ਕਿਲ ਹੈ। ਸੋਚ ਰਿਹਾ ਸਾਂ, ਜਿਨ੍ਹਾਂ ਮਸੰਦਾਂ, ਮਹੰਤਾਂ, ਸੰਤਾਂ ਤੇ ਡੇਰੇ-ਦਾਰਾਂ ਨੇ, ਕਿਸੇ ਭੀ ਸਿੱਖੀ ਸੰਘਰਸ਼ ਵਿੱਚ ਕੰਡਾ ਚੁੱਭਣ ਜਿੰਨੀ ਤਕਲੀਫ਼ ਭੀ ਨਹੀਂ ਝੱਲੀ। ਭੋਲੇ ਅਤੇ ਅੰਧ-ਵਿਸ਼ਵਾਸੀ ਸਿੱਖਾਂ ਨੂੰ ਭਰਮਾ ਕੇ, ਉਨ੍ਹਾਂ ਵਲੋਂ ਅੰਧੀ ਸ਼ਰਧਾ ਤਹਿਤ ਦਿੱਤੀ ਮਾਇਆ ਨਾਲ ਬਣਾਏ ਆਲੀਸ਼ਾਨ ਰਿਹਾਇਸ਼ੀ ਡੇਰੇ, ਖੇਤੀ ਬਾੜੀ ਫਾਰਮ, ਫਾਰਮਾਂ ਵਿੱਚ ਵਰਤੀ ਜਾਣ ਵਾਲੀ ਬੇ-ਕੀਮਤੀ ਮਸ਼ੀਨਰੀ, ਚੰਗਾ ਖਾਣ ਪਕਵਾਨ ਬਨਾਉਣ ਲਈ ਮੱਝਾਂ ਗਾਵਾਂ, ਵਧੀਆ ਤੋਂ ਵਧੀਆ ਦੇਸੀ ਬਿਦੇਸੀ ਕਾਰਾਂ, ਸਿੱਖੀ ਸਿਧਾਂਤਾਂ ਤੋਂ ਅਨਜਾਣ ਸ਼ਰਧਾਲੂਆਂ ਵਲੋਂ ਮਿਲੀ ਵਡਿਆਈ ਅਤੇ ਦੇਹ ਦੇ ਪੁਜਾਰੀ ਚੇਲ੍ਹੇ ਚੇਲ੍ਹੀਆਂ ਵਲੋਂ ਮਿਲ ਰਹੀ ਸਰੀਰਕ ਸੇਵਾ ਵਾਲੇ ਬਾਬੇ, ਸੰਤ, ਮਹਾਂਪੁਰਖ, ਬ੍ਰਹਮ-ਗਿਆਨੀ ਸਿੱਖ ਕੌਮ ਉੱਤੇ ਰਾਜ ਕਰਨ ਦੀਆਂ ਕਲਪਨਾਤਮਿਕ ਵਿਉਂਤਾਂ ਬਣਾ ਰਹੇ ਹਨ। ਐ ਗਿਆਨ

ਗੁਰੂ ਦੇ ਸਿੱਖੋ, ਸਤਿਗੁਰੂ ਜੀ ਦੇ ਉਪਦੇਸ਼ ਨੂੰ ਵਿਚਾਰੋ, **ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ ॥ ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ** ॥੯੫੪/੧੫॥ ਐ ਗਿਆਨ ਗੁਰੂ ਦੇ ਸਿੱਖੋ, ਵਡਿਆਈ-ਖੋਰੀ ਸੋਚ ਤੋਂ ਕੁੱਝ ਪ੍ਰਾਪਤੀ ਨਹੀਂ ਹੋਣੀ। ਯਾਦ ਰੱਖਿਓ,

ਸਿੱਖ ਪੰਥ ਬਗੀਚੀ ਨੂੰ ਲੱਗਾ ਸੰਤ ਸਮਾਜੀ ਤੇਲਾ।
ਬਹੁਤ ਪਛਤਾਵੋਗੇ ਸਿੱਖੋ ਬੀਤ ਗਿਆ ਜਦ ਵੇਲਾ।

ਗੁਰਮਤਿ ਵਿਰੋਧੀ ਸੋਚ ਸਿੱਖ ਕੌਮ ਨੂੰ ਐਸੀ ਜਿੱਲ੍ਹਣ ਵਿੱਚ ਧੱਕੀ ਜਾ ਰਹੀ ਹੈ, ਜਿੱਥੋਂ ਫਸਿਆਂ ਨੂੰ ਨਿਕਲਣਾ ਬੜਾ ਮੁਸ਼ਕਿਲ ਹੋਵੇਗਾ। ਸੋ ਸੁਚੇਤ ਹੋਵੋ ਅਤੇ ਆਪਣੇ ਗੁਰੂ ਦੇ ਉਪਦੇਸ਼ ਨੂੰ ਪੜ੍ਹ ਵਿਚਾਰ ਕੇ, ਗੁਰ ਸਿੱਖਿਆ ਅਨੁਸਾਰੀ ਜੀਵਨ ਬਣਾਓ।

ਐਸੇ ਲੋਗਨ ਸਿਉ ਕਿਆ ਕਹੀਐ

ਇੰਗਲੈਂਡ, ਕਨੇਡਾ, ਅਮਰੀਕਾ ਅਤੇ ਹੋਰ ਬਾਹਰਲੇ ਦੇਸ਼ਾਂ ਵਿੱਚ। ਸਿੱਖੀ ਸਿਧਾਂਤਾਂ ਤੋਂ ਅਨਜਾਣ ਸਿੱਖ ਧਰਮ ਦੇ ਸ਼ਰਧਾਲੂਆਂ ਅਤੇ ਸਿੱਖੀ ਧਾਰਨ ਕੀਤੇ ਬਿਨ੍ਹਾਂ ਹੀ, ਸਿੱਖ ਅਖਵਾਉਣ ਵਾਲੇ ਅੰਧ-ਵਿਸ਼ਵਾਸੀਆਂ ਵਿੱਚ, ਗੁਰਮਤਿ ਵਿਚਾਰਧਾਰਾ ਦੀ ਵਿਰੋਧੀ ਸੋਚ ਦੇ ਬਣਾਏ ਜਾਂ ਆਪੂੰ ਬਣੇਂ ਸੰਤ ਬਾਬਿਆਂ ਨੂੰ ਆਪਣੇ ਘਰੀਂ ਬੁਲਾਕੇ ਚਰਨ ਪਵਾਉਣ ਵਾਲੀ ਦੇਖਾ ਦੇਖੀ ਦੀ ਰੀਤ, ਦਿਨੋ ਦਿਨ ਬਹੁਤ ਜੋਰ ਫੜਦੀ ਜਾ ਰਹੀ ਹੈ। ਜਿਸ ਕਰਕੇ ਭੇਖੀ ਪਹਿਰਾਵੇ ਵਾਲੇ ਅਨੇਕ ਟੋਲ੍ਹੇ, ਵਿਦੇਸ਼ੀ ਮਾਇਆ ਬਟੋਰਨ ਲਈ, ਵਹੀਰਾਂ ਪਾਈ ਭਾਰਤ ਦੇਸ਼ ਤੋਂ ਬਾਹਰ ਵਿਦੇਸ਼ਾਂ ਦੇ ਚੱਕਰ ਲਾ ਰਹੇ ਹਨ। ਸਾਲ 1997 ਦੇ ਅਗਸਤ ਵਿੱਚ ਇੰਗਲੈਂਡ ਦੇ ਸ਼ਹਿਰ ਲਿਸਟਰ ਵਿੱਖੇ, ਭਾਰਤ ਤੋਂ ਆਏ ਇੱਕ ਅਖੌਤੀ ਬਾਬਾ ਜੀ, ਕਿਸੇ ਗਿਆਨਹੀਨ ਸ਼ਰਧਾਵਾਨ ਦੇ ਘਰ ਚਰਨ ਪਾਉਣ ਲਈ ਪਧਾਰੇ। ਬਾਬਾ ਬੋਹੜ ਜੀ ਸਮੇਤ, ਤੀਹ ਪੈਂਤੀ ਆਦਮੀ ਔਰਤਾਂ ਦਾ ਕਾਫਲਾ ਸੰਤ ਸੇਵਕਾਂ ਦੇ ਘਰ ਅੱਗੇ ਪਹੁੰਚ ਗਿਆ। ਦਰਵਾਜੇ ਦੇ ਬਾਹਰ ਹੀ, ਇੱਕ ਤੀਹ ਬੱਤੀ ਸਾਲ ਦੀ ਬੀਬੀ, ਬਾਬਾ ਬੋਹੜ ਜੀ ਦੇ ਪੈਰਾਂ ਉੱਤੇ ਸਿਰ ਰੱਖ ਕੇ, ਉੱਚੀ ਉੱਚੀ ਭੁੱਬਾਂ ਮਾਰ ਰੋਣ ਲੱਗ ਪਈ। ਬਾਬਾ ਜੀ ਨੇ ਕਿਹਾ ਉੱਠੋ ਬੀਬੀ ਉੱਠੋ ਬਹੁਤਾ ਵੈਰਾਗ ਵਿੱਚ ਨਹੀਂ ਆਈਦਾ। ਬੀਬੀ ਹੋਰ ਉੱਚੀ ਭੁੱਬਾਂ ਮਾਰਦੀ ਹੋਈ ਬੋਲੀ, ਸਤਿਗੁਰੂ ਜੀਓ, ਕਿਨ੍ਹਾਂ ਕੁ ਚਿਰ ਹੋਰ ਆਪਣੇ ਆਪ ਨੂੰ ਲੁਕਾਈ ਰਖੋਗੇ। ਜ਼ਾਹਰ ਕਿਉਂ ਨਹੀਂ ਕਰਦੇ ਕਿ ਤੁਸੀਂ ਗੁਰੂ ਗੋਬਿੰਦ ਸਿੰਘ ਜੀ ਹੋ ਅਤੇ ਸਿੱਖਾਂ ਦੇ ਕਲਿਆਣ ਲਈ ਇਹ ਰੂਪ ਧਾਰ ਕੇ ਆਏ ਹੋ। ਜ਼ਾਹਰ ਕਰੋ ਬਾਬਾ ਜੀ, ਆਪਣੇ ਆਪ ਨੂੰ ਜ਼ਾਹਰ ਕਰੋ ਕਹਿੰਦੀ ਹੋਈ ਰੋਈ ਜਾ ਰਹੀ ਸੀ। ਬਾਬਾ ਜੀ ਨੇ ਝੁੱਕ ਕੇ ਬੀਬੀ ਜੀ ਦੀ ਪਿੱਠ ਉੱਤੇ ਥਾਪੜਾ ਦਿੱਤਾ ਤੇ ਕਿਹਾ, ਧੀਰਜ ਥੋੜਾ ਧੀਰਜ ਰੱਖੋ। ਉਸ ਭੇਖੀ ਬਾਬਾ ਜੀ ਦੇ ਮੂੰਹੋਂ ਇੱਕ ਸ਼ਬਦ ਭੀ ਨਾ ਨਿਕਲਿਆ ਕਿ ਬੀਬੀ ਐਡਾ ਕੁਫਰ ਕਿਉਂ ਤੋਲਦੀ ਏਂ। ਬਾਬਾ ਜੀ ਤਾਂ ਜੋ ਚਾਹੁੰਦੇ ਸਨ ਉਨ੍ਹਾਂ ਦੀ ਸ਼ੁਹਰਤ ਲੋਚ ਤ੍ਰਿਸ਼ਨਾ ਨੂੰ ਵਡਿਆਈ ਦੀ ਖੁਰਾਕ ਮਿਲ ਰਹੀ ਸੀ। ਉਹ ਉਸ ਬੀਬੀ ਨੂੰ ਕਿਵੇਂ ਵਰਜਦੇ। ਸੁਰਜੀਤ ਸਿੰਘ ਸਰਪੰਚ (ਰਾਪੁਰ ਫਰੌਲਾ ਵਾਲੇ) ਅਤੇ ਗੁਰਿੰਦਰ ਸਿੰਘ ਮਲਵਈ ਇਹ ਸੁਣਕੇ ਚੁੱਪ ਨਾ ਰਹਿ ਸਕੇ ਅਤੇ ਬੋਲੇ, ਬਾਬਾ ਜੀ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਜੀ ਕਿਵੇਂ ਅਖਵਾ ਸਕਦੇ ਹਨ ? ਕੋਲ ਹੀ ਖੜੇ ਸਾਧ ਦੇ ਚੇਲੇ ਕਰਮ ਸਿੰਘ ਅਤੇ ਅਵਤਾਰ ਸਿੰਘ (ਅਵਤਾਰ ਸਿੰਘ ਕਿਸੇ ਦੂਰ ਦੀ ਰਿਸ਼ਤੇਦਾਰੀ ਤੋਂ, ਸ਼ਾਇਦ ਰੋਣ ਵਾਲੀ ਬੀਬੀ ਦਾ ਭਰਾ ਲੱਗਦਾ ਸੀ) ਬੋਲੇ। ਭਾਈ ਜੀਓ, ਇਹ ਬੀਬੀ ਜੀ ਸੱਚ ਹੀ ਤਾਂ ਕਹਿ ਰਹੇ ਹਨ। ਇਹ ਦਸਵੇਂ ਪਾਤਿਸ਼ਾਹ ਜੀ ਹੀ ਬਾਬਾ ਜੀ ਦਾ ਰੂਪ ਧਾਰਕੇ ਆਏ ਹੋਏ ਹਨ। ਇਸੇ ਕਰਕੇ ਇਨ੍ਹਾਂ ਦੇ ਕਹਿਣ ਨਾਲ,

ਅੰਮ੍ਰਿਤ ਛਕਣ ਵਾਲਿਆਂ ਦੀਆਂ ਲਾਈਨਾਂ ਲੱਗ ਜਾਂਦੀਆਂ ਹਨ। ਅਫ਼ਸੋਸ ਹੈ ਕਿ ਤੁਹਾਡੇ ਜਿਹੇ, ਸ਼ਰਧਾ ਹੀਨ ਪ੍ਰਾਣੀਆਂ ਨੂੰ ਇਸ ਦਾ ਗਿਆਨ ਹੀ ਨਹੀਂ ਹੈ। ਸਾਨੂੰ ਤਾਂ ਇਹ ਸ਼ਾਖਸਾਤ ਗੁਰੂ ਗੋਬਿੰਦ ਸਿੰਘ ਜੀ ਹੀ ਦਿੱਸਦੇ ਹਨ। ਸੁਰਜੀਤ ਸਿੰਘ ਤੇ ਗੁਰਿੰਦਰ ਸਿੰਘ ਥੋੜਾ ਗਰਮ ਹੋ ਗਏ। ਸ਼ਾਇਦ ਕਰਮ ਸਿੰਘ ਹੋਰਾਂ ਨਾਲ ਹੱਥੋ-ਪਾਈ ਵੀ ਹੋ ਜਾਂਦੇ ਪਰ ਕਿਸੇ ਦੂਸਰੇ ਦੇ ਘਰ ਰੌਲਾ ਪੈਣ ਤੋਂ ਗੁਰੇਜ਼ ਕਰ ਗਏ। ਬੀਬੀ ਦੇ ਮੂੰਹ ਤੋਂ ਆਪਣੀ ਉਪਮਾ ਸੁਣ ਕੇ, ਬਾਬਾ ਜੀ ਦੇ ਚਿਹਰੇ ਉੱਤੇ ਖ਼ੁਸ਼ੀ ਦੇ ਆਸਾਰ ਸਾਫ਼ ਦਿਖਾਈ ਦੇ ਰਹੇ ਸਨ। ਇਸੇ ਕਰ ਕੇ ਤਾਂ ਉਨ੍ਹਾਂ ਨੇ ਬੀਬੀ ਨੂੰ ਇਹ ਕਹਿਣ ਤੋਂ ਵਰਜਿਆ ਨਹੀਂ। ਵਰਜਦੇ ਵੀ ਕਿਵੇਂ ਅੱਜ ਦੇ ਸੰਤ ਬਾਬੇ ਤਾਂ ਸਿੱਖ ਸਤਿਗੁਰਾਂ ਦੀ ਨਹੀਂ ਸਿਰਫ਼ ਆਪਣੀ ਅਤੇ ਆਪਣੇ ਵੱਡੇ ਪਿਤਰ ਬਾਬੇ ਦੀ ਉਪਮਾ ਕਰਨ ਅਤੇ ਸੁਣਨ ਦੇ ਹੀ ਚਾਹਵਾਨ ਹੁੰਦੇ ਹਨ। ਇਹ ਅਖੌਤੀ ਬਾਬੇ ਸੱਚੇ ਸਤਿਗੁਰੂ ਦੇ ਦਰਬਾਰ ਵਿੱਚ, ਗੁਰਬਾਣੀ ਉਪਦੇਸ਼ ਵਿਰੋਧੀ ਵੱਡੇ ਤੋਂ ਵੱਡਾ ਝੂਠ ਬੋਲਣ ਵਿੱਚ ਭੀ ਰਤਾ ਗੁਰੇਜ਼ ਨਹੀਂ ਕਰਦੇ। ਅਸਟ੍ਰੇਲੀਆ ਦੇ ਸ਼ਹਿਰ ਮਿਲਬੌਰਨ ਵਿਖੇ, ਗੁਰੂ ਦਰਬਾਰ ਵਿੱਚ ਗਾਥਾਂ ਸੁਣਾ ਰਹੇ ਇੱਕ ਗੱਪੀ (ਗੱਪੀ ਤਦ ਲਿਖਿਆ ਹੈ ਕਿਉਂਕਿ ਬੁਲਾਰਾ ਖ਼ੁਦ ਕਹਿ ਰਿਹਾ ਸੀ, ਹੋਰ ਗੱਪ ਸੁਣੋਂ) ਬੁਲਾਰੇ ਵਲੋਂ, ਟਾਹਲੀ ਦੇ ਬੂਟੇ ਅਤੇ ਇੱਟਾਂ ਸੀਮੈਂਟ ਦੇ ਥੱਮਲਿਆਂ (ਪੀਲਪਾਵਿਆਂ) ਵਿੱਚੋਂ ਸਿੱਖ ਸਤਿਗੁਰਾਂ ਦੇ ਸਾਖ਼ਸ਼ਾਤ ਦਰਸ਼ਣ ਕਰਵਾ ਦੇਣੇ ਇਨ੍ਹਾਂ ਦੇ ਮਾਮੂਲੀ ਚੋਜ ਹਨ। ਵੈਸੇ ਇਨ੍ਹਾਂ ਦੀ ਗੁਰਮਤਿ ਵਾਰੇ ਜਾਣਕਾਰੀ ਕਿੰਨ੍ਹੀ ਕੁ ਹੈ ਇਹ ਆਪ ਹੀ ਉਸ ਦਾ ਸਬੂਤ ਦੇ ਦਿੰਦੇ ਹਨ। ਸਤਿਗੁਰੂ ਜੀ ਦੇ ਬਚਨ ਹਨ:

ਅਸੰਤੁ ਅਨਾੜੀ ਕਦੇ ਨ ਬੂਝੈ ॥
ਕਥਨੀ ਕਰੇ ਤੈ ਮਾਇਆ ਨਾਲਿ ਲੂਝੈ ॥
ਅੰਧੁ ਅਗਿਆਨੀ ਕਦੇ ਨ ਸੀਝੈ ॥੧੬੦/੧੭॥

ਗੁਰੂ ਦਰਬਾਰ ਵਿੱਚ, ਸਟੇਜ਼ ਉੱਤੇ ਬੈਠ ਸਮੂਹ ਸੁਣਨਹਾਰਿਆਂ ਨੂੰ ਸੰਬੋਧਨ ਹੋ ਕੇ ਕਹਿਣਾ ਕਿ ਇੱਕ ਹੋਰ ਗੱਪ ਸੁਣੋਂ। ਐਡਾ ਅਹੰਕਾਰ, ਹੈ ਕੋਈ ਗੁਰੂ ਦੇ ਭਉ ਜਾਂ ਸਤਿਕਾਰ ਵਾਲੀ ਭਾਵਨਾ। ਸੱਚ ਦੇ ਦਰਬਾਰ ਵਿੱਚ ਗੱਪਾਂ ਦੀਆਂ ਗਾਥਾਵਾਂ ਸੁਨਾਉਣ ਅਤੇ ਸੁਣਨ ਵਾਲਿਆਂ ਦੀ, ਆਤਮਾ ਕਿਉਂ ਨਹੀਂ ਕੰਬਦੀ? ਇਹੀ ਹੈ ਸਾਡਾ ਆਪਣੇ ਗੁਰੂ ਪ੍ਰਤੀ ਸਤਿਕਾਰ? ਇਹੋ ਜਿਹੀ ਅੰਨ੍ਹੀ ਸ਼ਰਧਾ, ਕੀ ਸਿੱਖ ਨੂੰ ਆਪਣੇ ਗੁਰੂ ਦਾ ਉਪਦੇਸ਼, **ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ ॥ ਦੇਵਨ ਕਉ ਏਕੈ ਭਗਵਾਨੁ** ॥੨੮੧/੩॥ ਅਤੇ **ਸੂਖ ਮੰਗਲ ਕਲਿਆਣ ਜਿਸਹਿ ਘਰਿ ਤਿਸ ਹੀ ਸਰਣੀ ਪਾਈਐ ॥ ਤਿਸਹਿ ਤਿਆਗਿ ਮਾਨੁਖੁ ਜੇ ਸੇਵਹੁ ਤਉ ਲਾਜ ਲੋਨੁ ਹੋਇ ਜਾਈਐ** ॥੧੨੧੪/੫॥ ਹੀ ਭੁੱਲ ਜਾਵੇ। ਕੀ ਪ੍ਰਾਪਤੀ ਕਰ ਲਵੋਗੇ ਇਹੋ ਜਿਹੇ ਗੱਪਾਂ ਸੁਨਾਉਣ ਵਾਲਿਆਂ ਨੂੰ ਸੁਣ ਕੇ? ਗੁਰ ਉਪਦੇਸ਼ ਹੈ, **ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ ॥ ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ** ॥੧੩੬੯/੧੯॥ ਜੇ ਅਸੀਂ ਸਿੱਖ ਹਾਂ, ਤਦ ਸਾਡਾ ਇਹ ਸੋਚਣਾ ਨਹੀਂ ਬਣਦਾ ਕਿ ਅਸੀਂ ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਦੇ ਸਿੱਖ ਹਾਂ, ਜਾਂ ਗੁਰਮਤਿ ਵਿਚਾਰਧਾਰਾ ਦੇ ਜੜ੍ਹੀਂ ਤੇਲ ਦੇਣ ਵਾਲੇ ਭੇਖੀ ਤੇ ਗੱਪੀ ਬਾਬਿਆਂ ਦੇ?

ਗਿਆਨ ਗੁਰੂ ਦੇ ਸਿੱਖ ਅਖਵਾਉਣਾ ਅਤੇ ਅਗਿਆਨੀਆਂ ਵਲੋਂ ਫੈਲਾਏ ਫੰਧੇ ਵਿੱਚ ਫਸ ਜਾਣਾ, ਇਹ ਸੁਚੱਜੀ ਸਿਆਣਪਤਾ ਨਹੀਂ ਹੈ। ਐਸੇ ਫੰਦੇ ਵਿੱਚ ਫਸਿਆਂ ਨੂੰ, ਅਗਿਆਨਮਈ ਠੋਕਰਾਂ ਤੋਂ ਬਿਨਾਂ ਕੋਈ ਪ੍ਰਾਪਤੀ ਨਹੀਂ ਹੋ ਸਕਦੀ।

ਐ ਸਿੱਖ ਕੌਮ ਦੇ ਵਾਰਸੋ, ਜਿਸ ਦੌਰ ਵਿੱਚੋਂ ਸਿੱਖ ਕੌਮ ਗੁਜ਼ਰ ਰਹੀ ਹੈ, ਇਸ ਵਿੱਚ ਪਹਿਰਾਵਾ (ਦਸਤਾਰ, ਚੋਲਾ, ਪੰਜ ਕਕਾਰੀ ਵਰਦੀ) ਤਾਂ ਦਿਖਾਈ ਦਿੰਦਾ ਹੈ ਪਰ ਗੁਰਮਤਿ ਵਿਚਾਰਧਾਰਾ ਦਾ ਬਚਾ ਬਿਲਕੁਲ ਨਜ਼ਰ ਨਹੀਂ ਆਉਂਦਾ। ਸੰਤ ਸਮਾਜ ਅਤੇ ਸਮੂਹ ਡੇਰੇਦਾਰ (ਭੇਖੀ, ਪਾਖੰਡੀ ਤੇ ਅਖੌਤੀ ਪ੍ਰਚਾਰਕ) ਅਮਰਵੇਲ (ਇਹ ਇੱਕ ਐਸੀ ਵੇਲ ਹੈ ਜੋ ਜਿਸ ਬੂਟੇ ਦਾ ਸਹਾਰਾ ਲੈਂਦੀ ਹੈ ਉਸੇ ਦੇ ਪੱਤਿਆਂ ਦਾ ਰਸ ਚੂਸਕੇ ਪਲਦੀ ਅਤੇ ਬੂਟੇ ਨੂੰ ਮੁਰਝਾ ਸੁਕਾ ਦਿੰਦੀ ਹੈ) ਦੀ ਤਰ੍ਹਾਂ ਸਿੱਖੀ ਉੱਤੇ ਛਾ ਚੁੱਕੇ ਹਨ। ਇਹ ਆਪਣੇਂ ਪਿਛਲੱਗਾਂ ਨੂੰ ਪਹਿਰਾਵਾ ਤਾਂ ਦਿੰਦੇ ਹਨ ਪਰ ਗੁਰਮਤਿ ਵਿਚਾਰਧਾਰਾ ਤੋਂ ਸੱਖਣਾ। ਇਹੀ ਵਜਾਹ ਹੈ ਕਿ ਬਾਬਿਆਂ ਦੇ ਸ਼ਰਧਾਲੂ ਗੁਰਮਤਿ ਗਿਆਨ ਦੀ ਗੱਲ ਕਰਨ ਸੁਣਨ ਵਲ ਰਤਾ ਧਿਆਨ ਨਹੀਂ ਦਿੰਦੇ। ਜੇ ਗੁਰਮਤਿ ਵਿਚਾਰਧਾਰਾ ਨੂੰ ਬਚਾਉਣਾ ਚਾਹੁੰਦੇ ਹੋ ਤਾਂ ਸਮੂਹ ਡੇਰੇਦਾਰਾਂ ਦਾ ਕੌਮੀ ਗੁਰੂ ਘਰਾਂ ਵਲੋਂ ਪੂਰਨ ਬਾਈਕਾਟ ਕਰੋ। ਸਿੱਖ ਕੌਮ ਨੂੰ ਠੱਗ ਕੇ, ਸਿੱਖ ਕੌਮ ਦੇ ਸਰਮਾਏ ਨਾਲ, ਇਨ੍ਹਾਂ ਵਲੋਂ ਬਣਾਈਆਂ ਅਰਬਾਂ ਰੁਪਈਆਂ ਦੀਆਂ ਜਾਇਦਾਦਾਂ, ਡੇਰਿਆਂ ਅਤੇ ਟਰੱਸਟਾਂ ਉੱਪਰ ਸਿੱਖ ਕੌਮ ਦਾ ਕੋਈ ਅਧਿਕਾਰ ਨਹੀਂ ਹੈ। ਇਹ ਇਨ੍ਹਾਂ ਦੀ ਗੱਦੀ ਦੀਆਂ ਨਿੱਜੀ (ਆਪਣੀਆਂ, ਮਲਕੀਅਤਾਂ) ਜਾਇਦਾਦਾਂ ਹਨ। ਸੋਚੋ, ਸਮਝੋ, ਅਤੇ ਬਚਾਓ, ਸਿੱਖ ਕੌਮ ਦੀ ਗਿਆਨਮਈ ਵਿਚਾਰਧਾਰਾ ਅਤੇ ਕੌਮ ਦੇ ਸਰਮਾਏ ਨੂੰ।

ਐਸੇ ਲੋਗਨ ਸਿਉ ਕਿਆ ਕਹੀਐ ॥
ਜੋ ਪ੍ਰਭ ਕੀਏ ਭਗਤਿ ਤੇ ਬਾਹਜ ਤਿਨ ਤੇ ਸਦਾ ਡਰਾਨੇ ਰਹੀਐ ॥੩੩੨/੩॥

ਕੀ ਦਿੱਤਾ ਬਾਬਾ ਲੋਧੀ ਨੇ ?

ਇੰਗਲੈਂਡ ਦੇ ਸ਼ਹਿਰ ਲਿਸਟਰ ਵਿੱਚ, ਇੱਕ ਸਾਧ ਸੇਵਕ ਦੇ ਘਰ, ਭਾਰਤ ਤੋਂ ਆਏ ਅਤੇ ਆਪਣੇ ਸੇਵਕਾਂ ਵਲੋਂ ਹੀ ਪ੍ਰਾਪਤ ਕੀਤੀ ਬ੍ਰਹਮ ਗਿਆਨੀ ਦੀ ਡਿਗਰੀ ਵਾਲੇ ਮਹਾਂ ਪੁਰਖਾਂ ਨੇ, ਆਪਣੇ ਜਥੇ ਸਮੇਤ ਚਰਨ ਪਾਏ। ਬੈਠਣ ਵਾਲੇ ਕਮਰੇ ਵਿੱਚ, ਬਾਬਾ ਜੀ ਨੂੰ ਗੱਦੀ-ਦਾਰ ਕੁਰਸੀ ਉੱਤੇ ਬਿਠਾਇਆ ਗਿਆ। ਬਾਬਾ ਜੀ ਦੇ ਨਾਲ ਆਏ ਤੀਹ ਪੈਂਤੀ ਕੁ ਪ੍ਰਾਣੀ (ਲੇਖਕ ਸਮੇਤ) ਥੱਲੇ ਬਿਰਾਜ ਗਏ। ਕੁੱਝ ਮਿੰਟਾਂ ਵਿੱਚ ਹੀ, ਬਾਬਾ ਜੀ ਅੱਗੇ ਰੱਖੇ ਮੇਜ਼ ਉੱਤੇ, ਕਾਜੂ ਪਿਸਤਾ ਬਦਾਮ ਅਤੇ ਸੌਗੀ ਦੀਆਂ ਪਲੇਟਾਂ ਸੱਜ ਗਈਆਂ। ਸਟੀਲ ਦੇ ਗਲਾਸ ਵਿੱਚ ਗਰਮ ਗਰਮ ਦੁੱਧ ਲਿਆ ਕੇ ਰੱਖਿਆ ਗਿਆ, ਜਿਸ ਵਿੱਚੋਂ ਉੱਡਦੀ ਭਾਫ਼ ਕਮਰੇ ਵਿੱਚ ਛੋਟੀ ਇਲਾਇਚੀ ਪਾ ਉਬਾਲੇ ਦੁੱਧ ਦੀ ਖ਼ੁਸ਼ਬੂ ਬਖੇਰ ਰਹੀ ਸੀ। ਨਾਲ ਆਈ ਸਾਧ ਸੰਗਤ ਦੀ ਵੀ ਜਲ-ਪਾਣੀ ਨਾਲ ਸੇਵਾ ਕੀਤੀ ਗਈ। ਬਾਬਾ ਜੀ ਨੇ ਸਮੂਹ ਪਲੇਟਾਂ ਵਿੱਚੋਂ ਵਾਰੋ ਵਾਰੀ ਚੋਗ ਚੁਗਿਆ ਅਤੇ ਗਰਮ ਦੁੱਧ ਦੀਆਂ ਚੁਸਕੀਆਂ ਲੈ ਲੈ ਪੂਰਾ ਅਨੰਦ ਮਾਣਿਆਂ। ਜੁੜ ਬੈਠੇ ਸਭ ਸਾਧ ਸ਼ਰਧਾਵਾਨ, ਬਾਬਾ ਜੀ ਦੇ ਚੋਜ ਨਿਹਾਰ ਰਹੇ ਸਨ। ਅੱਧੇ ਕੁ ਘੰਟੇ ਬਾਅਦ, ਬਾਬਾ ਜੀ ਨੇ ਨਕੋਰ ਤੌਲੀਏ ਨਾਲ ਹੱਥ ਸਾਫ਼ ਕੀਤੇ, ਤਦ ਇੱਕ ਵੀਰ ਨੇ ਬੇਨਤੀ ਕੀਤੀ। ਬਾਬਾ ਜੀ ਕੋਈ ਬਚਨ ਸੁਣਾਓ। ਬਾਬਾ ਜੀ ਨੇ ਬੈਠ ਰਹੇ ਸਮੂਹ ਪ੍ਰਾਣੀਆਂ ਵਲ ਬੜੇ ਧਿਆਨ ਨਾਲ ਦੇਖਿਆ ਅਤੇ ਚੁੱਪ ਨੂੰ ਤੋੜਦੇ ਹੋਏ ਬੋਲੇ। ਕਾਲਾ ਸੀ, ਕਲੱਤਰ ਸੀ। ਕਾਲੇ ਪਿਓ ਦਾ ਪੁੱਤਰ ਸੀ। ਆਡੋਂ ਪਾਣੀ ਪੀਂਦਾ ਸੀ, ਬਰੂਟੀ ਛਾਵੇਂ ਬਹਿੰਦਾ ਸੀ। ਬਾਬਾ ਜੀ ਦੇ ਸਾਹਮਣੇ ਬੈਠੇ ਸਭ ਪ੍ਰੇਮੀ, ਚੁੱਪ ਧਾਰੀ ਬਾਬਾ ਜੀ ਦੇ ਚਿਹਰੇ ਵਲ ਦੇਖ ਰਹੇ ਸਨ। ਬਾਬਾ ਜੀ ਮਿੰਨ੍ਹਾਂ ਮਿੰਨ੍ਹਾਂ ਮੁਸਕਾਏ ਤੇ ਬੋਲੇ, ਮੇਰੇ ਮੂੰਹ ਵਲ ਕੀ ਦੇਖਦੇ ਹੋ। ਇਹ ਬੁੱਝਣ ਵਾਲੀ ਬੁਝਾਰਤ ਹੈ ਇਸਨੂੰ ਬੁੱਝੋ। ਬੈਠਿਆਂ ਵਿੱਚੋਂ ਕਿਸੇ ਨੇ ਕਿਹਾ, ਇਹ ਬੈਂਗਣ (ਬਤਾਊਂ) ਹੈ। ਬਾਬਾ ਜੀ ਫਿਰ ਬੋਲੇ। ਬਾਹਰੋਂ ਆਇਆ ਬਾਬਾ ਲੋਧੀ। ਅੱਠ ਟੰਗਾਂ ਇੱਕ ਬੋਦੀ। ਤੱਕੜੀ, ਇਹ ਭੀ ਬੈਠਿਆਂ ਵਿੱਚੋਂ ਹੀ ਕਿਸੇ ਦੀ ਆਵਾਜ਼ ਸੀ। ਬੁਝਾਰਤਾਂ ਪਾਉਣ ਤੇ ਬੁੱਝਣ ਦਾ ਇਹ ਮਨੋਰੰਜਕ ਸਿਲਸਿਲਾ, ਅੱਧਾ ਕੁ ਘੰਟਾ ਚੱਲਦਾ ਰਿਹਾ। ਸੋਚੀਂ ਡੁੱਬੇ ਹੋਏ ਨੂੰ ਮੈਨੂੰ ਪਤਾ ਵੀ ਨਾ ਲੱਗਾ ਕਿ ਕਿਵੇਂ ਅਤੇ ਕਿਉਂ ਮੇਰੇ ਮੂਹੋਂ ਨਿਕਲ ਗਿਆ। ਆਂਡੇ ਸੀ ਤਾਂ ਬੋਲਦੇ ਸੀ, ਬੱਚੇ ਬੋਲਣੋਂ ਰਹਿ ਗਏ। ਅਕਲੋਂ ਅੰਧੇ ਬੁੱਝ ਨਹੀਂ ਸਕਦੇ, ਸੱਚ ਸਿਆਣੇ ਕਹਿ ਗਏ। ਬਾਬਾ ਜੀ ਸਮੇਤ ਇਸ ਬੁਝਾਰਤ ਨੂੰ ਕੋਈ ਨਾ ਬੁੱਝ ਸਕਿਆ। ਸਾਰੇ ਮੈਨੂੰ ਦੱਸਣ ਵਾਸਤੇ ਕਹਿ ਰਹੇ ਸਨ। ਮੇਰੇ ਦੱਸਣ ਤੋਂ ਇਨਕਾਰ ਕਰਨ ਨਾਲ ਇਹ ਬੁਝਾਰਤੀ ਮਹਿਫ਼ਲ ਖ਼ਤਮ ਹੋ ਗਈ। ਬਾਬਾ ਬੋਹੜ ਜੀ ਆਪਣੇ ਸਡੌਲ ਸਰੀਰ ਨੂੰ ਸੰਭਾਲਦੇ ਅਤੇ ਚਲੋ ਬਈ ਚੱਲੀਏ ਕਹਿੰਦੇ ਹੋਏ ਉੱਠ

ਕੇ ਤੁਰ ਪਏ ਅਤੇ ਨਾਲ ਆਏ ਸਭ ਪ੍ਰੇਮੀ ਵੀ ਉੱਠ ਤੁਰੇ। ਵਾਪਸ ਜਾਂਦਿਆਂ ਮੈਂ ਅੱਜ ਦੀ ਸਜੀ ਮਹਿਫ਼ਲ ਵਾਰੇ ਵਿਚਾਰ ਰਿਹਾ ਸੀ ਕਿ ਜਿਨ੍ਹਾਂ ਸਾਧ ਸੇਵਕਾਂ ਨੇ ਆਪਣੇ ਘਰ ਬਾਬਾ ਜੀ ਦੇ ਚਰਨ ਪਵਾਏ ਹਨ। ਉਨ੍ਹਾਂ ਨੇ ਅੱਜ ਦੀ ਇਸ ਮਹਿਫ਼ਲ ਵਿੱਚੋਂ ਕੀ ਸਿੱਖਿਆ ਪ੍ਰਾਪਤ ਕੀਤੀ ਹੋਵੇਗੀ ? ਬਾਬਾ ਲੋਧੀ ਦੀ ਬੁਝਾਰਤ ਨੇ ਸੁਣਨ ਵਾਲਿਆਂ ਨੂੰ ਗਿਆਨ ਦੀਆਂ ਕੀ ਰਮਜ਼ਾਂ ਸਮਝਾਈਆਂ ? ਸੰਤਾਂ ਸਾਧਾਂ ਅਤੇ ਬਾਬਿਆਂ ਦੇ ਉਪਾਸ਼ਕ, ਮਹਾਂਪੁਰਖਾਂ ਦੇ ਮੂਹੋਂ ਨਿਕਲੀਆਂ ਬੁਝਾਰਤਾਂ, ਲੋਕ ਗਾਥਾਵਾਂ ਅਤੇ ਗੁਰਮਤਿ ਵਿਰੋਧੀ ਸਾਖੀਆਂ ਨੂੰ, ਸਾਧ-ਵਚਨ (ਪ੍ਰਵਚਨ) ਕਹਿਕੇ ਕਿਉਂ ਸਵੀਕਾਰਦੇ ਹਨ ? ਇਹ ਅਖਾਉਤੀ ਬ੍ਰਹਮ-ਗਿਆਨੀ, ਮਹਾਂ-ਪੁਰਖ, ਬਾਬੇ, ਸਿੱਖੀ ਦਦਿ ਗਿਆਨਮਈ ਵਿਚਾਰਧਾਰਾ ਦਾ ਮਜ਼ਾਕ ਕਿਉਂ ਉਡਾਉਂਦੇ ਹਨ ? ਵਿਚਾਰ ਕੀਤਿਆਂ ਕਸੂਰ ਸਾਡਾ ਆਪਣਾ ਹੀ ਨਜ਼ਰ ਆਉਂਦਾ ਹੈ। ਅਸੀਂ ਹੀ (**ਸਤਿਗੁਰ ਸਾਹਿਬੁ ਛਡਿ ਕੈ ਮਨਮੁਖੁ ਹੋਇ ਬੰਦੇ ਦਾ ਬੰਦਾ।** ਭਾ: ਗੁ: ੧੫/੪) ਬੰਦਿਆਂ (ਦੇਹ, ਸਰੀਰ) ਦੇ ਬੰਦੇ ਬਣਦੇ ਜਾ ਰਹੇ ਹਾਂ, ਅਤੇ ਠੱਗ ਮੰਡਲੀ ਦੇ ਹੌਸਲੇ ਬੁਲੰਦ ਹੋਈ ਜਾ ਰਹੇ ਹਨ।

ਬਾਹ ਬਾਹ ਵਾਲੇ ਬਾਬੇ

ਸਾਲ 1997 ਦੇ ਪਹਿਲੇ ਅੱਧ ਦੀ ਇੱਕ ਯਾਦ, ਸਿੱਖ ਕੌਮ ਦੇ ਦਰਦੀਆਂ ਨਾਲ ਸਾਂਝੀ ਕਰ ਰਿਹਾ ਹਾਂ। ਅਸਟ੍ਰੇਲੀਆ ਦੇ ਸ਼ਹਿਰ, ਸਿਡਨੀ ਵਿੱਖੇ, ਕਿਸੇ ਮਹਾਂਪੁਰਖ ਦਾ ਆਉਣਾ ਸੁਣਿਆਂ। ਇਹ ਵੀ ਸੁਣਿਆਂ ਕਿ, ਸਿਡਨੀ ਤੋਂ ਕਿਸੇ ਸੰਤ ਸੇਵਕ ਨੇ, ਇਕੱਲਿਆਂ ਹੀ ਇਸ ਮਹਾਂ ਪੁਰਖ ਦੇ ਜਥੇ (ਜੋ ਅੱਠ ਕੁ ਪ੍ਰਾਣੀਆਂ ਦਾ ਟੋਲਾ ਸੀ) ਨੂੰ ਮੰਗਵਾਉਣ ਲਈ, ਜਹਾਜੀ ਸਫ਼ਰ ਦੀਆਂ ਟਿਕਟਾਂ ਦੀ ਸੇਵਾ ਕੀਤੀ ਸੀ। ਇਹ ਭੀ ਸੁਣਿਆਂ ਕਿ ਸਿਰਫ਼ ਦੋ ਹਫ਼ਤੇ ਵਿੱਚ ਇਹ ਜੱਥਾ, ਅਸਟ੍ਰੇਲੀਆ ਦੇ ਸਿਡਨੀ, ਵੂਲਗੂਲਗਾ, ਰੈਨਮਾਰਕ, ਮਿਲਬੌਰਨ, ਗ੍ਰਿਫ਼ਥ ਦੇ ਗੁਰਦੁਆਰੀਂ ਦਿਵਾਨਾਂ ਵਿੱਚ ਅਤੇ ਸੰਤ ਸੇਵਕਾਂ ਦੇ ਘਰੀਂ, ਚਰਨ-ਪਾਊ ਪ੍ਰੋਗਰਾਮਾਂ ਦਾ, ਤੂਫ਼ਾਨੀ ਦੌਰਾ ਕਰੇਗਾ। ਜਿਸ ਦਿਨ ਇਨ੍ਹਾਂ ਮਹਾਂਪੁਰਖਾਂ ਦੇ ਜਥੇ ਨੇ, ਮਿਲਬੌਰਨ ਆਉਣਾ ਸੀ। ਪੰਜ ਕੁ ਕਾਰਾਂ, ਉਨ੍ਹਾਂ ਨੂੰ ਲੈਣ ਹਵਾਈ ਅੱਡੇ ਪਹੁੰਚੀਆਂ। ਸਬੱਬ ਨਾਲ ਹੀ ਬਾਬਾ ਜੀ ਸਾਡੀ ਕਾਰ ਵਿੱਚ ਆ ਬੈਠੇ ਅਤੇ ਸਮੂਹ ਕਾਰਾਂ ਦਾ ਕਾਫਲਾ, ਕਰੇਗੀਬਰਨ ਗੁਰਦੁਆਰੇ ਪਹੁੰਚ ਗਿਆ। ਪ੍ਰਬੰਧਕਾਂ ਵਲੋਂ ਜਥੇ ਨੂੰ, ਗੁਰੂ ਘਰ ਠਹਿਰਾਉਣ ਦਾ ਹੀ ਪ੍ਰੋਗਰਾਮ ਬਣਾਇਆ ਗਿਆ ਸੀ। ਬਾਬਾ ਜੀ ਨੇ ਦੇਖਿਆ, ਗੁਰੂ ਘਰ ਸ਼ਹਿਰੋਂ ਦੂਰ ਅਤੇ ਰੌਣਕ-ਰਹਿਤ ਹੈ। ਰੌਣਕ (ਖ਼ੁਸ਼ਾਮਦੀ ਸੇਵਕਾਂ ਦੀ ਭੀੜ) ਦੀ ਅਨੰਦਤਾ ਮਾਨਣ ਵਾਲੇ ਬਾਬਾ ਜੀ ਦਾ ਮਨ, ਇੱਥੇ ਗੁਰੂ ਘਰ ਵਿੱਚ ਠਹਿਰਣ ਲਈ ਨਾ ਮੰਨਿਆਂ। ਤਦ ਘੰਟੇ ਕੁ ਬਾਅਦ ਹੀ, ਸਾਰੇ ਜਥੇ ਨੂੰ, ਇੱਕ ਸਿੰਘ ਦੇ ਘਰ ਠਹਿਰਾਇਆ ਗਿਆ। ਰਾਤ ਦਾ ਦਿਵਾਨ ਗੁਰੂ ਘਰ ਵਿੱਚ ਹੋਇਆ। ਸਟੇਜ ਉੱਪਰ ਬਾਬਾ ਜੀ ਦੇ ਨਾਲ, ਸੱਤ ਕੁ ਸਾਥੀ ਹੋਰ ਸੁਸ਼ੋਭਿਤ ਸਨ। ਸਾਜ਼ਿੰਦਿਆਂ ਸਾਜ ਬਜਾਉਣੇ ਸ਼ੁਰੂ ਕੀਤੇ। ਬਾਜਾ, ਢੋਲਕੀ, ਚਿਮਟੇ ਅਤੇ ਖੜਤਾਲਾਂ ਨੇ, ਕੁੱਝ ਦੇਰ ਖ਼ੂਬ ਰੰਗ ਬੰਨ੍ਹਿਆਂ। ਜਾਪਦਾ ਇਸ ਤਰ੍ਹਾਂ ਸੀ ਕਿ, ਦਿਵਾਨ ਸ਼ੁਰੂ ਕਰਨ ਲਈ ਇਸ ਜਥੇ ਦੇ ਇਸ ਤਰ੍ਹਾਂ ਸਾਜ਼ ਬਜਾਉਣੇ, ਆਪਣੀ ਇੱਕ ਵੱਖਰੀ ਪਹਿਚਾਣ ਕਰਾਉਣ ਦੇ ਸੰਕੇਤ ਹਨ। ਕੁੱਝ ਦੇਰ ਤੋਂ ਬਾਅਦ, ਬਾਬਾ ਜੀ ਆਪੂੰ ਬਣਾਈ ਧਾਰਨਾ ਉਚਾਰ ਰਹੇ ਸਨ, ਤੇਰੇ ਏਸ ਵਿਛੋੜੇ ਨਾਲੋਂ, ਸਾਨੂੰ ਮਰਨਾ ਚੰਗਾ ਸੀ। ਗੁਰੂ-ਦਰਬਾਰ ਵਿੱਚ ਹਾਜ਼ਰ ਸੰਗਤ, ਬਾਬਾ ਜੀ ਦੇ ਪਿੱਛੇ ਬੋਲਣ ਦਾ, ਪੂਰਾ ਸਾਥ ਦੇ ਰਹੀ ਸੀ। ਵਿਛੋੜੇ ਦੇ ਬੈਰਾਗ ਵਿੱਚ, ਬਾਬਾ ਜੀ ਦੀਆਂ ਅੱਖਾਂ ਵਿੱਚੋ ਛਲਕਦੇ ਅੱਥਰੂ, ਬਾਬਾ ਜੀ ਦੀ ਵਿਆਕੁਲਤਾ ਦਾ, ਪ੍ਰਮਾਣ ਦੇ ਰਹੇ ਸਨ। ਸਾਜ਼ ਬਜਾਉਣੇ ਬੰਦ ਕਰਕੇ, ਬਾਬਾ ਜੀ ਨੇ ਸ਼ਬਦ ਪੜ੍ਹਨਾਂ ਸ਼ੁਰੂ ਕੀਤਾ :

ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਏ ॥੧੩੬੫॥

ਦੂਜੀ ਧਾਰਨਾ ਸੀ, ਜਿਨ੍ਹਾਂ ਅੱਖਾਂ ਨੇ ਦੀਦਾਰ ਤੇਰਾ ਕੀਤਾ, ਅੱਜ ਤੈਨੂੰ ਤਰਸਦੀਆਂ, ਅਤੇ ਸ਼ਬਦ ਪੜ੍ਹਿਆ, **ਦਰਸਨੁ ਦੇਖੁ ਜੀਵਾ ਗੁਰ ਤੇਰਾ**॥੭੪੨॥ ਬਾਬਾ ਜੀ ਆਪਣੀ ਹੀ ਬੁੱਧੀ ਅਨੁਸਾਰ, ਸ਼ਬਦ ਵਿਆਖਿਆ ਕਰ ਰਹੇ ਸਨ ਅਤੇ ਵਿੱਚ ਵਿੱਚ, ਆਹਾ, ਬਾਹ, ਬਾਹ। ਬਾਹ ਬਈ ਬਾਹ, ਵਾਰ ਵਾਰ ਕਹੀ ਜਾ ਰਹੇ ਸਨ। ਬਹੁਤੀ ਵੇਰ ਤਾਂ ਇਸ ਆਹਾ ਦਾ ਜਾਂ ਬਾਹ ਬਾਹ ਦਾ ਕੋਈ ਮਤਲਵ ਭੀ ਨਹੀਂ ਸੀ ਬਣਦਾ। ਬਾਬਾ ਜੀ ਤਾਂ ਸ਼ਾਇਦ, ਆਪਣੀ ਤੁੱਕ ਬੰਨਣ ਲਈ ਜਾਂ ਕੋਈ ਖ਼ਾਸ ਪ੍ਰਭਾਵ ਪਾਉਣ ਲਈ, ਆਹ ਜਾਂ ਬਾਹ ਉਚਾਰ ਰਹੇ ਸਨ। ਦੀਵਾਨ ਦੀ ਸਮਾਪਤੀ ਉਪਰੰਤ ਕੁੱਝ ਸੰਤ ਸੇਵਕ ਗੱਲਾਂ ਬਾਤਾਂ ਕਰ ਰਹੇ ਸਨ। ਇੱਕ ਵੀਰ ਬੋਲਿਆ, ਬਾਹ ਬਈ ਬਾਹ ਅੱਜ ਤਾਂ ਬਾਬਾ ਜੀ ਦੇ ਕੀਰਤਨ ਦਾ ਅਨੰਦ ਆ ਗਿਆ। ਦੂਸਰਾ ਬੋਲਿਆ, ਬਾਬਾ ਜੀ ਦਾ ਕੀਰਤਨ ਤਾਂ ਹਮੇਸ਼ਾ ਹੀ ਅਨੰਦ-ਮਈ ਹੁੰਦਾ ਹੈ, ਸੱਚ ਜਾਣੋਂ ਇੱਕ ਸੁੰਨ ਛਾਈ ਰਹਿੰਦੀ ਹੈ ਦੀਵਾਨ ਵਿੱਚ। ਉਨ੍ਹਾਂ ਦੀ ਵਾਰਤਾ ਸੁਣ ਕੇ, ਰਿਹਾ ਨਾ ਗਿਆ ਅਤੇ ਮੇਰੇ ਮੂੰਹੋਂ ਨਿਕਲ ਗਿਆ, ਵੀਰ ਜੀ, ਕੀਰਤਨ ਕਿਉਂ ਕਹਿੰਦੇ ਹੋ। ਇਸ ਪ੍ਰੋਗਰਾਮ ਨੂੰ ਕੀਰਤਨ ਕਹਿ ਕੇ ਤੁਸੀ ਕੀਰਤਨ ਸ਼ਬਦ ਨਾਲ, ਬੇ ਇਨਸਾਫ਼ੀ ਕਿਉਂ ਕਰਦੇ ਹੋ। ਸੰਤ ਸੇਵਕ ਥੋੜੇ ਗ਼ੁੱਸੇ ਨਾਲ ਬੋਲੇ, ਕੀਰਤਨ ਨਹੀਂ ਤਾਂ ਹੋਰ ਕੀ ਕਹੀਏ ? ਮੈਂ ਕਿਹਾ, ਬਾਬਾ ਜੀ ਦਾ ਪ੍ਰੋਗਰਾਮ ਕਹਿ ਲਵੋ ਜਾਂ ਬਾਬਾ ਜੀ ਦਾ ਸੰਤ-ਸੰਗ ਕਹਿ ਲਵੋ, ਮਾਫ਼ ਕਰਨਾ ਇਸ ਪ੍ਰੋਗਰਾਮ ਨੂੰ ਬਾਬਾ ਜੀ ਦੀਆਂ ਬੜਕਾਂ ਭੀ ਕਹਿ ਸਕਦੇ ਹੋ ਪਰ ਕੀਰਤਨ ਨਹੀਂ ਕਿਹਾ ਜਾ ਸਕਦਾ। ਬਾਬਾ ਜੀ ਦੇ ਚਹੇਤੇ ਚਾਟੜੇ, ਘੂਰ ਘੂਰ ਕੇ ਮੇਰੇ ਵਲ ਵੇਖਣ ਤੇ ਕੁੱਝ ਬੁੜ-ਬੁੜਾਉਣ ਲੱਗੇ। ਮੈਂ ਕਿਹਾ ਵੀਰ ਜੀ ਨਾਰਾਜ਼ ਨਾ ਹੋਵੋ। ਕੀਰਤਨ, ਗੁਰੂਬਾਣੀ ਨੂੰ ਰਾਗਾਂ ਅਨੁਸਾਰ ਸਾਜ਼ਾਂ ਨਾਲ ਗਾਉਣ ਜਾਂ ਨਿਰੋਲ ਗੁਰੂਬਾਣੀ ਦੀ ਪੰਗਤੀ ਧਾਰਨਾ ਬਣਾ ਕੇ, ਜੋਟੀਆਂ ਨਾਲ ਸ਼ਬਦ ਗਾਇਨ ਕਰਨ ਨੂੰ ਕੀਰਤਨ ਕਹਿੰਦੇ ਹਨ। ਕਿਸੇ ਕਵਿਤਾ ਜਾਂ ਮਨ-ਘੜਤ ਪੰਗਤੀ ਨੂੰ ਧਾਰਨਾ ਬਣਾ ਕੇ ਗਾਉਣਾ ਕੀਰਤਨ ਨਹੀਂ ਕਿਹਾ ਜਾ ਸਕਦਾ। ਬਾਬਾ ਜੀ ਜੋ ਧਾਰਨਾ ਸਾਜ਼ਾਂ ਨਾਲ ਗਾਉਂਦੇ ਸਨ, ਉਹ ਗੁਰਬਾਣੀ ਨਹੀਂ ਹੈ ਅਤੇ ਜਿਸ ਵੇਲੇ ਗੁਰੂਬਾਣੀ ਦਾ ਸ਼ਬਦ ਪੜ੍ਹਦੇ ਸਨ, ਉਸ ਵੇਲੇ ਸਾਜ਼ ਬੰਦ ਕਰਕੇ ਪੜ੍ਹਦੇ ਸਨ। ਇਸ ਨੂੰ ਬਾਣੀ ਪੜ੍ਹਨਾ ਜਾਂ ਸ਼ਬਦ ਪੜ੍ਹਨਾ ਤਾਂ ਕਹਿ ਸਕਦੇ ਹਾਂ ਪਰ ਕੀਰਤਨ ਨਹੀਂ। ਸਿੱਖ ਰਹਿਤ ਮਰਯਾਦਾ ਵਿੱਚ ਖ਼ਾਸ ਕਰਕੇ ਲਿਖਿਆ ਹੈ ਕਿ ਧਾਰਨਾ, ਸ਼ਬਦ (ਗੁਰੂਬਾਣੀ) ਦੀ ਪੰਗਤੀ ਹੀ ਬਣਾਉਣੀ ਹੈ। ਕੋਈ ਆਪਣੀ ਜਾਂ ਬਾਹਰੀ ਪੰਗਤੀ ਨਹੀਂ। ਇਹ ਬਾਬੇ ਜਾਂ ਮਹਾਪੁਰਖ, ਸਿੱਖ ਕੌਮ ਦੀ ਬਣਾਈ ਰਹਿਤ ਮਰਯਾਦਾ ਦਾ ਡੱਟ ਕੇ ਵਿਰੋਧ ਕਰਦੇ ਜਾਂ ਇਹ ਕਹਿ ਲਵੋ ਕਿ ਮਜ਼ਾਕ ਹੀ ਉਡਾਉਂਦੇ ਹਨ। ਇਹ ਤਾਂ ਸਿਰਫ਼ ਬਾਹ ਬਾਹ ਦੇ ਬਾਬੇ ਹਨ। ਸਿੱਖੀ ਵਿਚਾਰਧਾਰਾ ਜਾਂ ਸਿੱਖੀ ਸਿਧਾਂਤਾਂ ਦੇ ਇਹ ਬਿਲਕੁਲ ਵਿਰੋਧੀ ਹਨ। ਬਲਿਹਾਰ ਜਾਈਏ ਇਨ੍ਹਾਂ ਮਹਾਂ ਪੁਰਖਾਂ ਦੇ ਅਤੇ ਬਲਿਹਾਰ ਜਾਈਏ ਇਨ੍ਹਾਂ ਦੇ ਸ਼ਰਧਾਲੂਆਂ ਦੇ ਜੋ ਅੱਖਾਂ ਮੀਚ, ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਕੀ ਨੂੰ ਭੁੱਲ ਕੇ, ਇਨ੍ਹਾਂ ਵੱਡੇ ਭੁੱਲੜਾਂ ਦੇ ਬੰਦੇ (**ਸਤਿਗੁਰ ਸਾਹਿਬੁ ਛਡਿ ਕੈ ਮਨਮੁਖੁ ਹੋਇ ਬੰਦੇ ਦਾ ਬੰਦਾ।** ਭਾ: ਗੁ: ੧੫/੪) ਬਣਨ ਵਿੱਚ ਹੀ ਆਪਣੀ ਵਡਿਆਈ ਮਹਿਸੂਸ ਕਰਦੇ ਹਨ। ਕੀ ਇਹ ਸ਼ਬਦ ਗੁਰੂ ਦੇ ਸਿੱਖ ਕਹੇ ਜਾ ਸਕਦੇ ਹਨ ?

ਲੁੱਟ ਖਾ ਲਈ ਦੁਨੀਆਂ

ਰੋਟੀ ਕਾਰਨ ਭੇਖ ਬਣਾਇਆ। ਝੂਠਾ ਧਰਮੀ ਬਾਣਾ ਪਾਇਆ।
ਹੋਰਾਂ ਨੂੰ ਉਪਦੇਸ਼ ਦੇਣ ਇਹ ਆਪੂੰ ਇਛਾਵਾਂ ਨਹੀਂਓਂ ਮਾਰੀਆਂ।
ਲੁੱਟ ਖਾ ਲਈ ਦੁਨੀਆਂ, ਧਰਮੀ ਪਾ ਬਾਣਾ ਭੇਖਧਾਰੀਆਂ।

ਹੋਰਾਂ ਨੂੰ ਮਾਇਆ ਤੋਂ ਰੋਕਣ। ਆਪੂੰ ਦੋਵੀਂ ਹੱਥੀਂ ਬੋਚਣ।
ਆਪਣੇ ਸੁੱਖ ਆਰਾਮ ਦੀ ਖ਼ਾਤਰ, ਵਧ ਚੜ੍ਹ ਇਮਾਰਤਾਂ ਉਸਾਰੀਆਂ।
ਲੁੱਟ ਖਾ ਲਈ ਦੁਨੀਆਂ, ਧਰਮੀ ਪਾ ਬਾਣਾ ਭੇਖਧਾਰੀਆਂ।

ਜੋ ਗ੍ਰਿਹਸਥੀ ਦੀ ਨਿੰਦਿਆ ਕਰਦੇ। ਗ੍ਰਿਹਸਥੀ ਤੋਂ ਖਾ ਕੇ ਢਿੱਡ ਭਰਦੇ।
ਦੱਸੋ ਉਹਨਾਂ ਨੂੰ ਕੀ ਕਹੀਏ, ਹਉਮੈ ਵਿੱਚ ਲਾਉਂਦੇ ਸਦਾ ਉਡਾਰੀਆਂ।
ਲੁੱਟ ਖਾ ਲਈ ਦੁਨੀਆਂ, ਧਰਮੀ ਪਾ ਬਾਣਾ ਭੇਖਧਾਰੀਆਂ।

ਥਾਂ ਥਾਂ ਇਹਨਾਂ ਹੱਟ ਚਲਾਏ। ਗੁਰਧਾਮਾਂ ਤੋਂ ਸਿੱਖ ਤੁੜਾਏ।
ਦੁੱਧ ਪੁੱਤ ਮੁਕਤੀ ਵੰਡੀ ਜਾਂਦੇ, ਫੱਸਣਾ ਕੀ ਔਖਾ ਦੁੱਖੀ ਲਾਚਾਰੀਆਂ।
ਲੁੱਟ ਖਾ ਲਈ ਦੁਨੀਆਂ, ਧਰਮੀ ਪਾ ਬਾਣਾ ਭੇਖਧਾਰੀਆਂ।

ਬਾਬੇ ਧਨ ਨੂੰ ਹੱਥ ਨਹੀਂ ਲਾਉਂਦੇ। ਫ਼ਾਰਮ ਡੇਰੇ ਖ਼ੂਬ ਬਣਾਉਂਦੇ।
ਕਾਰਾਂ ਵਿੱਚ ਘੁੰਮ ਸਬਰ ਨਹੀਂ ਆਉਂਦਾ, ਚੜ੍ਹ ਕੇ ਜਹਾਜੀਂ ਲਾਉਣ ਉਡਾਰੀਆਂ।
ਲੁੱਟ ਖਾ ਲਈ ਦੁਨੀਆਂ, ਧਰਮੀ ਪਾ ਬਾਣਾ ਭੇਖਧਾਰੀਆਂ।

ਰੱਖਣ ਬਾਬੇ ਮੱਝਾਂ ਗਾਈਆਂ। ਪੀਵਣ ਦੁੱਧ ਤੇ ਖਾਣ ਮਲਾਈਆਂ।
ਗੋਡਿਆਂ ਦੇ ਵਿੱਚ ਢਿੱਡ ਨਹੀਂ ਆਉਂਦੇ, ਇੰਨ੍ਹਾਂ ਕੀ ਦੱਸੋ ਤੇਗ਼ਾਂ ਮਾਰੀਆਂ।
ਲੁੱਟ ਖਾ ਲਈ ਦੁਨੀਆਂ, ਧਰਮੀ ਪਾ ਬਾਣਾ ਭੇਖਧਾਰੀਆਂ।

ਪਾਹੁਲ ਖੰਡੇ ਦੀ ਤੋਂ ਜੋ ਡਰਦੇ। ਕੀ ਪ੍ਰਚਾਰ ਸਿੱਖੀ ਦਾ ਕਰਦੇ।
ਸ਼ਬਦ ਗੁਰੂ ਨੂੰ ਗੁਰੂ ਨਹੀਂ ਮੰਨਦੇ, ਗੁਰੂ ਬਣਾਉਂਦੇ ਇਹ ਦੇਹ ਧਾਰੀਆਂ।
ਲੁੱਟ ਖਾ ਲਈ ਦੁਨੀਆਂ, ਧਰਮੀ ਪਾ ਬਾਣਾ ਭੇਖਧਾਰੀਆਂ।

ਗੁਰ ਮਰਯਾਦਾ ਇਹ ਬਦਲਾਉਂਦੇ। ਸਿੱਖਾਂ ਵਿੱਚ ਥਾਂ ਥਾਂ ਫੁੱਟ ਪਾਉਂਦੇ।
ਚਾਲ ਇੰਨ੍ਹਾਂ ਦੀ ਵਿਰਲੇ ਸਮਝਣ, ਅੰਦਰੋ ਅੰਦਰੀ ਜੋ ਫੇਰਨ ਆਰੀਆਂ।
ਲੁੱਟ ਖਾ ਲਈ ਦੁਨੀਆਂ, ਧਰਮੀ ਪਾ ਬਾਣਾ ਭੇਖਧਾਰੀਆਂ।

ਸ਼ਬਦ ਗੁਰੂ ਦਾ ਚੇਤਾ ਭੁੱਲਿਆ। ਭੇਖੀ ਬਾਣੇ ਤੇ ਸਿੱਖ ਡੁੱਲਿਆ।
ਗੁਰਮੱਤਾਂ ਦੀ ਸੋਝੀ ਭੁੱਲ ਗਈ, ਐਸਾ ਹੱਥ ਚੜ੍ਹਿਆ ਠੱਗਾਂ ਜੁਆਰੀਆਂ।
ਲੁੱਟ ਖਾ ਲਈ ਦੁਨੀਆਂ, ਧਰਮੀ ਪਾ ਬਾਣਾ ਭੇਖਧਾਰੀਆਂ।

ਸਿੱਖੋ ਹੋਸ਼ ਅਜੇ ਭੀ ਕਰ ਲਓ। ਪੱਲਾ ਛੱਡਿਆ ਗੁਰੂ ਦਾ ਫੜ ਲਓ।
ਟਾਰ੍ਹਾਂ ਮਾਰ ਕਿਸ਼ਨ, ਥੱਕ ਚੱਲਿਆ, ਚੜ੍ਹੀਆਂ ਤੁਹਾਨੂੰ ਨੀਂਦ ਖੁਮਾਰੀਆਂ।
ਲੁੱਟ ਖਾ ਲਈ ਦੁਨੀਆਂ, ਧਰਮੀ ਪਾ ਬਾਣਾ ਭੇਖਧਾਰੀਆਂ।

ਇਸ਼ਟ ਦਾ ਖਾਤ੍ਰਾ

ਕਾਫ਼ੀ ਸਾਲਾਂ ਤੋਂ ਇੱਕ ਪਰਿਵਾਰ ਨਾਲ ਗੂੜ੍ਹਾ ਪਿਆਰ ਬਣਿਆ ਆ ਰਿਹਾ ਹੈ। ਮੇਰੇ ਦੇਖਦਿਆਂ ਉਸ ਪਰਿਵਾਰ ਦੀ ਤੀਸਰੀ ਪੀੜ੍ਹੀ ਚੱਲ ਰਹੀ ਹੈ। ਸਿੱਖੀ ਪਹਿਰਾਵੇ ਵਿੱਚ ਪ੍ਰਪੱਕ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉੱਪਰ ਪੂਰਾ ਭਰੋਸਾ ਤੇ ਸ਼ਰਧਾ ਰੱਖਦਾ ਹੈ ਇਹ ਪਰਿਵਾਰ। ਗੁਰੂ ਧਾਮਾਂ ਦੀ ਯਾਤਰਾ ਕਰਨਾ, ਆਪਣੀ ਕਿਰਤ ਕਮਾਈ ਵਿੱਚੋਂ, ਗੁਰੂ ਘਰੀਂ ਕੜਾਹ ਪ੍ਰਸ਼ਾਦ ਅਤੇ ਗੁਰੂ ਦੇ ਲੰਗਰ ਵਿੱਚ ਪੂਰੀ ਸ਼ਰਧਾ ਨਾਲ ਹਿੱਸਾ ਪਾਉਣਾ। ਗੁਰੂ ਘਰੀਂ, ਸੰਗਤਾਂ ਵਾਸਤੇ ਬਿਸਤਰੇ ਜਾਂ ਕੰਬਲ ਭੇਟ ਕਰਨ ਦੀ ਸੇਵਾ ਕਰਨੀ, ਇਸ ਪਰਿਵਾਰ ਦੀ ਸ਼ਰਧਾ ਬਣੀ ਹੋਈ ਹੈ।

ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ, ਜਦ ਮੈਨੂੰ ਇਹ ਪਤਾ ਲੱਗਾ ਕਿ ਤਿੰਨ੍ਹਾਂ ਪੀੜ੍ਹੀਆਂ ਤੋਂ ਹੀ, ਇਸ ਪਰਿਵਾਰ ਦੇ ਕਿਸੇ ਬੰਦੇ ਨੇ ਖੰਡੇ ਬਾਟੇ ਦੀ ਪਾਹੁਲ ਨਹੀਂ ਲਈ। ਕਈ ਵੇਰ ਪਾਹੁਲ ਵਾਰੇ ਵਿਚਾਰਾਂ ਵੀ ਹੋਈਆਂ। ਨਾ ਹੀ ਕਦੀ ਉਨ੍ਹਾਂ ਪਾਹੁਲ ਵਾਰੇ ਨਾਂਹ ਕੀਤੀ ਅਤੇ ਨਾ ਹੀ ਕਦੀ ਪੂਰੀ ਹਾਂਅ (ਸਹਿਮਤੀ) ਦਾ ਹੁੰਗ੍ਹਾਰਾ ਭਰਿਆ। ਇੱਕ ਦਿਨ ਦੀ ਗੱਲ ਹੈ, ਪਰਿਵਾਰ ਦਾ ਇੱਕ ਜੀਅ, ਮੈਨੂੰ ਕਹਿਣ ਲੱਗਾ ਕਿ ਮੈਂ ਬਿਨ ਨਾਗਾ ਨਿੱਤਨੇਮੀ ਬਾਣੀਆਂ ਦਾ ਪਾਠ ਕਰਦਾ ਹਾਂ। ਹੋਰ ਬਾਣੀਆਂ, ਜਿਵੇਂ ਸੁਖਮਨੀ ਸਾਹਿਬ, ਸ਼ਬਦ ਹਜ਼ਾਰੇ ਵੀ ਪੜ੍ਹ ਲੈਂਦਾ ਹਾਂ। ਮੈਂ ਅੰਮ੍ਰਿਤਧਾਰੀ ਨਹੀਂ ਹਾਂ। ਕੀ ਮੈਨੂੰ ਇਨ੍ਹਾਂ ਪੜ੍ਹੀਆਂ ਬਾਣੀਆਂ ਦਾ ਕੋਈ ਫਾਇਦਾ (ਫਲ, ਲਾਭ) ਹੋਵੇਗਾ ਜਾਂ ਨਹੀਂ ? ਮੈਂ ਉਸਦਾ ਸਵਾਲ ਸੁਣ ਕੇ ਥੋੜੀ ਦੇਰ ਲਈ ਸੋਚੀਂ ਪੈ ਗਿਆ ਕਿ ਬਾਣੀ ਪੜ੍ਹਕੇ, ਵਿਚਾਰਕੇ, ਗੁਰੂ ਉਪਦੇਸ਼ ਅਨੁਸਾਰ ਜੀਵਨ ਜੀਊਣਾ ਹੀ ਤਾਂ ਸਿੱਖੀ ਹੈ ਅਤੇ ਇਸ ਪਰਿਵਾਰ ਦੇ ਜੀਅ, ਕਾਫ਼ੀ ਸੁੱਚਜਾ ਜੀਵਨ ਬਿਤਾ ਰਹੇ ਹਨ। ਪਰ ਇਹ ਸੋਚ, ਉਸ ਵੀਰ ਦੇ ਸਵਾਲ ਦਾ ਜਵਾਬ ਨਹੀਂ ਸੀ। ਸਵਾਲ ਤਾਂ ਅੰਮ੍ਰਿਤਧਾਰੀ ਹੋਣ ਤੇ ਪਾਠ ਦੇ ਫਲ ਦਾ ਸੀ। ਸਤਿਗੁਰ ਦੀ ਮਿਹਰ ਸਦਕਾ ਮੈਂ ਉਸ ਸਵਾਲੀ ਦਾ ਧਿਆਨ ਗੁਰ ਉਪਦੇਸ਼, **ਕਾਹੂ ਫਲ ਕੀ ਇਛਾ ਨਹੀ ਬਾਛੈ॥ ਕੇਵਲ ਭਗਤਿ ਕੀਰਤਨ ਸੰਗਿ ਰਾਚੈ॥੨੭੪੯॥** ਵਲ ਦਿਵਾਇਆ ਕਿ ਗੁਰਬਾਣੀ ਫਲ ਪ੍ਰਾਪਤੀਆਂ ਦੀ ਇੱਛਾ ਨਾਲ ਨਹੀਂ ਜੀਵਨ ਸੰਵਾਰਨ ਲਈ ਪੜ੍ਹੀ ਜਾਂਦੀ ਹੈ। ਆਪ ਜੀ ਨੇ ਜੋ ਅੰਮ੍ਰਿਤਧਾਰੀ ਨਾ ਹੋਣ ਦੀ ਗੱਲ ਕੀਤੀ ਹੈ। ਆਪਣੇ ਗੁਰੂ ਦੇ ਪੈਰੋਕਾਰ, ਸਿੱਖੀ ਦੇ ਦਾਹਵੇਦਾਰ ਬਣਨ ਲਈ, ਸਿੱਖ ਧਰਮ ਵਿੱਚ ਦਾਖ਼ਲੇ ਦੀ ਰਹੁ-ਰੀਤ ਨਿਭਾਉਣੀ ਹੀ ਪੈਂਦੀ ਹੈ। ਹੋਰ ਸਮਝਾਉਣ ਲਈ ਮੈਂ ਉਸ ਨੂੰ ਪੁੱਛਿਆ ਆਪ ਜੋ ਸੰਸਾਰੀ ਕਮਾਈ ਕਰਦੇ ਹੋ, ਉਸ ਸਭ ਧਨ ਦੌਲਤ ਦੀ ਸੰਭਾਲ ਕਿਵੇਂ ਕਰਦੇ ਹੋ ? ਉਸਦਾ ਜਵਾਬ ਸੀ, ਕਿਸੇ ਬੈਂਕ, ਸੰਸਥਾ ਜਾਂ ਡਾਕਖ਼ਾਨੇ ਵਿੱਚ ਜਮਾਂ ਕਰਾ ਦਿੰਦੇ ਹਾਂ ਅਤੇ ਲੋੜ ਅਨੁਸਾਰ ਉੱਥੋਂ ਲੈ

ਕੇ ਖਰਚ ਕਰਦੇ ਹਾਂ। ਮੈਂ ਫਿਰ ਪੁੱਛਿਆ, ਬੈਂਕ, ਸੰਸਥਾ ਜਾਂ ਡਾਕਖ਼ਾਨੇ ਵਿੱਚ ਕਿਸੇ ਕਰਮਚਾਰੀ ਨੂੰ, ਗਿਣਕੇ ਹੀ ਪੈਸੇ ਫੜਾ ਆਉਂਦੇ ਹੋ ? ਲੋੜ ਪਵੇ ਤਦ ਉਸੇ ਤੋਂ ਵਾਪਸ ਲੈ ਆਉਂਦੇ ਹੋ ? ਉਹ ਬੋਲਿਆ ਨਹੀਂ ਜੀ। ਪਹਿਲਾਂ ਉੱਥੇ ਆਪਣਾ ਖਾਤ੍ਹਾ ਖੋਲ੍ਹਣਾ ਪੈਂਦਾ ਹੈ। ਜੋ ਜਾਣ ਪਹਿਚਾਣ ਵਾਲੇ ਬੰਦੇ ਦੀ ਗਵਾਹੀ ਨਾਲ ਖੁਲ੍ਹਦਾ ਹੈ। ਉਸ ਖਾਤ੍ਹੇ ਵਿੱਚ ਪੈਸੇ ਜਮਾਂ ਹੁੰਦੇ ਹਨ। ਪੈਸੇ ਵਾਪਸ ਲੈਣ ਵੇਲੇ ਇੱਕ ਅਰਜ਼ੀ ਭਰਨੀ ਤੇ ਦਸਖਤ ਕਰਕੇ ਲੈਣੇ ਪੈਂਦੇ ਹਨ। ਮੈਂ ਕਿਹਾ ਵੀਰ ਜੀ, ਉਸ ਖਾਤ੍ਹੇ ਵਿੱਚੋਂ, ਲੋੜ ਵੇਲੇ ਪਰਿਵਾਰ ਦਾ ਕੋਈ ਭੀ ਜੀਅ ਪੈਸੇ ਲੈ ਸਕਦਾ ਹੈ ? ਉਹ ਬੋਲਿਆ ਨਹੀਂ, ਜਿਸਦੇ ਨਾਮ ਦਾ ਖਾਤ੍ਹਾ ਹੈ, ਉਹ ਹੀ ਪੈਸੇ ਕਢਵਾ ਸਕਦਾ ਹੈ, ਹੋਰ ਕੋਈ ਨਹੀਂ। ਮੈਂ ਕਿਹਾ ਵੀਰ ਜੀ, ਦੇਖੋ ਕਿੰਨ੍ਹੀ ਹੈਰਾਨੀ ਦੀ ਗੱਲ ਹੈ। ਸੰਸਾਰੀ ਕਮਾਈ ਦੀ ਸੰਭਾਲ ਲਈ ਸਾਡੇ ਵਾਸਤੇ ਖਾਤ੍ਹਾ ਖੁਲ੍ਹਵਾਉਣਾ ਜਰੂਰੀ ਹੈ ਪਰ ਨਿਰੰਕਾਰੀ (ਨਾਮ ਦੀ) ਕਮਾਈ ਅਤੇ ਕੌਮੀ ਪਹਿਚਾਣ ਵਾਸਤੇ ਖਾਤ੍ਹਾ ਖੁਲ੍ਹਵਾਉਣ ਦੀ ਅਸੀਂ ਸਦਾ ਲਾ-ਪ੍ਰਵਾਹੀ ਕਰਦੇ ਹਾਂ। ਵੀਰ ਜੀ, ਜਿਸ ਤਰ੍ਹਾਂ ਸੰਸਾਰੀ ਕਮਾਈ ਸੰਭਾਲਣ ਲਈ ਸੰਸਾਰੀ ਖਾਤ੍ਹਾ ਖੁਲ੍ਹਵਾਉਣਾ ਪੈਂਦਾ ਹੈ। ਇਸੇ ਤਰ੍ਹਾਂ ਨਿਰੰਕਾਰੀ (ਨਾਮ ਦੀ) ਕਮਾਈ ਅਤੇ ਕੌਮੀ ਪਹਿਚਾਣ ਸੰਭਾਲਣ ਅਤੇ ਮੈਂ ਸਿੱਖ ਹਾਂ ਦੇ ਦਾਹਵੇਦਾਰ ਬਣਨ ਲਈ, ਇਹ ਨਿਰੰਕਾਰੀ (ਅੰਮ੍ਰਿਤਧਾਰੀ ਹੋਣ ਵਾਲਾ) ਖਾਤ੍ਹਾ ਖੁਲ੍ਹਵਾਉਣਾ ਭੀ ਜਰੂਰੀ ਹੈ ਅਤੇ ਇਹ ਖਾਤ੍ਹਾ ਗੁਰੂ ਦੀ ਗਵਾਹੀ ਨਾਲ ਖੁਲ੍ਹਦਾ ਹੈ। ਗੁਰੂ ਦੀ ਗਵਾਹੀ ਲਈ ਗੁਰੂ ਵਾਲੇ ਬਣਨਾ ਪੈਂਦਾ ਹੈ। ਗੁਰੂ ਵਾਲੇ ਬਣਨ ਲਈ ਗੁਰੂ ਦੀ ਚਲਾਈ ਤੇ ਪੰਥ ਪ੍ਰਵਾਨਿਤ ਰਹੁ-ਰੀਤ (ਖੰਡੇ ਬਾਟੇ ਦੀ ਪਾਹੁਲ ਵਾਲੀ) ਕਰਨੀ ਜਾਂ ਨਿਭਾਉਣੀ ਪੈਂਦੀ ਹੈ। ਇਹ ਰੀਤ ਹੀ ਗੁਰੂ ਘਰ ਵਿੱਚ ਦਾਖ਼ਲਾ, ਗੁਰੂ ਦੀ ਗਵਾਹੀ ਅਤੇ ਇਸ਼ਟ ਦਾ ਖਾਤ੍ਹਾ ਹੈ।

ਗੁਰ-ਪ੍ਰਮਾਣ :

ਮਤ ਕੋ ਭਰਮਿ ਭੁਲੈ ਸੰਸਾਰਿ ॥
ਗੁਰ ਬਿਨੁ ਕੋਇ ਨ ਉਤਰਸਿ ਪਾਰਿ ॥੮੬੪/੩॥
ਬਿਨੁ ਗੁਰ ਮੁਕਤਿ ਨ ਪਾਈਐ ਨਾ ਦੁਬਿਧਾ ਮਾਇਆ ਜਾਇ ॥੬੭/੩॥
ਬਿਨੁ ਗੁਰ ਮੁਕਤਿ ਨ ਪਾਈਐ ਭਾਈ ॥੮੬੪/੭॥
ਨਿਗੁਰੇ ਕਉ ਗਤਿ ਕਾਈ ਨਾਹੀ ॥੩੬੧/੪॥
ਬਿਨੁ ਗੁਰ ਦੀਖਿਆ ਕੈਸੇ ਗਿਆਨੁ ॥੧੧੪੦/੧੪॥
ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ ॥੪੩੫/੧੦॥

•

ਜੀਅ ਦਇਆ

ਬਚਪਨ ਦੀ ਇੱਕ ਯਾਦ ਤਾਜਾ ਹੋ ਆਈ। ਸਾਡੇ ਪਿੰਡ ਦੇ ਬਾਹਰ ਚੜ੍ਹਦੇ ਪਾਸੇ, ਚਾਰ ਕੁ ਖੇਤਾਂ ਦੀ ਵਿੱਥ ਉੱਤੇ, ਕੁੱਝ ਜ਼ਮੀਨ ਸਾਂਝੀ ਛੱਡੀ ਹੋਈ ਹੈ। ਪੁਰਾਣੀ ਛੋਟੀ (ਨਾਨਕ ਸ਼ਾਹੀ) ਇੱਟ ਦੇ ਦੋ ਵੱਖ ਵੱਖ ਛੋਟੇ ਪਰ ਸੁਹਣੇ, ਲੈਂਟਰ ਛੱਤੇ ਕਮਰੇ ਬਣੇ ਹੋਏ ਹਨ। ਇੱਕ ਕਮਰੇ ਦੇ ਚੁਫੇਰੇ ਜ਼ਮੀਨ ਤੋਂ ਛੇ ਕੁ ਇੰਚ ਉੱਚਾ ਫਰਸ਼ ਲੱਗਾ ਹੋਇਆ ਹੈ ਅਤੇ ਦੂਸਰੇ ਦੇ ਤਿੰਨ ਪਾਸੇ, ਜ਼ਮੀਨ ਤੋਂ ਤਿੰਨ ਕੁ ਫੁਟ ਉੱਚਾ, ਥੜ੍ਹਾ ਬਣਿਆਂ ਹੋਇਆ ਹੈ। ਬਾਕੀ ਜ਼ਮੀਨ ਵਿੱਚ ਕਾਫ਼ੀ ਸੋਹਣੇ ਦਰਖਤ, ਟਾਹਲੀਆਂ, ਨਿੰਮ, ਪਿੱਪਲ, ਬੋਹੜ, ਅੰਬ ਬਗ਼ੈਰਾ ਲੱਗੇ ਹੋਏ ਸਨ। ਜਿਸ ਵੇਲੇ ਦੀ ਮੈਂ ਗੱਲ ਕਰਨ ਲੱਗਾ ਹਾਂ, ਉਸ ਵੇਲੇ ਇਸ ਸਾਰੀ ਜ਼ਮੀਨ ਦੇ ਚੁਫੇਰੇ, ਡੰਡਾ ਥੋਹਰ (A. Cactus Plant) ਦੀ ਵਾੜ ਬਣੀ ਹੁੰਦੀ ਸੀ। ਜਿਸ ਵਿੱਚ ਦੋ ਦਰਵਾਜੇ (ਇੱਕ ਸਾਡੇ ਪਿੰਡ ਵਲ ਤੇ ਦੂਜਾ ਨਿਹਾਲਗੜ੍ਹ ਵਲ) ਸਨ। ਇੱਥੋਂ ਨਿਹਾਲਗੜ੍ਹ ਵਲ ਰਸਤਾ ਨਹੀਂ ਇੱਕ ਪਗਡੰਡੀ ਜਾਂਦੀ ਸੀ। ਸਾਡੇ ਲੋਕ ਇਸ ਦੋ ਕਮਰਿਆਂ ਵਾਲੇ ਡੰਡਾ ਥੋਹਰ ਵਾੜੇ ਨੂੰ ਕੁਟੀਆ ਕਹਿੰਦੇ ਹਨ। ਸੰਨ 1955 ਕੁ ਦੀ ਗੱਲ ਹੈ, ਇੱਥੇ ਇੱਕ ਸਾਬਤ ਸੂਰਤ ਦਿੱਖ ਵਾਲੇ ਸੰਤ ਮਹਾਤਮਾ ਆਏ। ਦੁਪਿਹਰ ਵੇਲੇ ਸਕੂਲੋਂ ਆਇਆਂ ਪਤਾ ਲੱਗਾ। ਮੈਂ ਤੇ ਮੇਰਾ ਇੱਕ ਬਚਪਨ ਦਾ ਦੋਸਤ (ਕਿਸ਼ਨਪਾਲ) ਸੰਤ ਜੀ ਨੂੰ ਦੇਖਣ ਲਈ ਕੁਟੀਆ ਪਹੁੰਚ ਗਏ। ਉੱਚੇ ਥੜ੍ਹੇ ਵਾਲੇ ਕਮਰੇ ਦੇ ਬਾਹਰ, ਇੱਕ ਪਾਸੇ ਸਫ (ਚਟਾਈ) ਵਿਛਾ ਕੇ ਸੰਤ ਜੀ ਬਿਲਕੁਲ ਇਕੱਲੇ ਬੈਠੇ ਸਨ। ਵਜ਼ਨੀ ਸਰੀਰ, ਗੋਰਾ ਤੇ ਦਗ ਦਗ ਕਰਦਾ ਚਿਹਰਾ, ਸਫੈਦ ਦਾੜ੍ਹਾ, ਚਿੱਟੇ ਬਸਤਰਾਂ ਵਿੱਚ ਮਹਾਂ ਪੁਰਖਾਂ ਉੱਤੇ ਕੁਦਰਤੀ ਨੂੰਰ ਵਰ੍ਹਦਾ ਮਹਿਸੂਸ ਹੋ ਰਿਹਾ ਸੀ। ਅਸੀਂ ਉਨ੍ਹਾਂ ਦੇ ਅੱਗੇ ਝੁੱਕ ਕੇ ਮੱਥਾ ਟੇਕਿਆ ਤੇ ਬੈਠ ਗਏ। ਉਨ੍ਹਾਂ ਸਾਡੇ ਨਾਮ ਤੇ ਪੜ੍ਹਾਈ ਵਾਰੇ ਪੁੱਛਿਆ ਅਤੇ ਫਿਰ ਕਹਿਣ ਲੱਗੇ। ਕਮਰਿਆਂ ਦੀ ਸਫ਼ਾਈ ਦੀ ਸੇਵਾ ਕਰੋਗੇ ? ਸਾਨੂੰ ਤਾਂ ਸੁਣਕੇ ਚਾ ਚੜ੍ਹ ਗਿਆ ਤੇ ਝੱਟ ਹਾਂ ਕਰ ਦਿੱਤੀ। ਸੰਤ ਜੀ ਕਹਿਣ ਲੱਗੇ ਫਿਰ ਜਾਓ ਦੋ ਬਾਲਟੀਆਂ, ਬੁਹਾਰੀਆਂ, ਆਰੀ, ਕੁਹਾੜੀ ਲੈ ਕੇ ਆਓ। ਅਸੀਂ ਸੁਣਦੇ ਹੀ ਛਾਲਾਂ ਮਾਰਦੇ ਪਿੰਡ ਨੂੰ ਦੌੜ ਆਏ ਅਤੇ ਸਭ ਕੁੱਝ ਲੈ ਕੇ ਵਾਪਸ ਕੁਟੀਆ ਪਹੁੰਚ ਗਏ। ਸੰਤਾਂ ਨੇ ਕਮਰਾ ਖੋਹਲਿਆ। ਅੰਦਰ ਕੀੜੀਆਂ, ਕੀੜੇ, ਕਿਰਲੀਆਂ, ਜਾਲ੍ਹਾ ਤੇ ਜਾਲ੍ਹਾ ਬਨਾਉਣ ਵਾਲੇ ਕਣ੍ਹੇ (ਇੱਕ ਛੋਟਾ ਜਿਹਾ ਜੀਵ, ਮੱਕੜੀ, Spider) ਬਹੁਤ ਕੁੱਝ ਸੀ। ਸੰਤਾਂ ਵਲੋਂ ਹੁਕਮ ਮਿਲਦਿਆਂ ਹੀ ਅਸੀਂ ਬੁਹਾਰੀਆਂ ਨਾਲ ਕਿਰਲੀਆਂ ਤੇ ਕਣ੍ਹੇ ਮਾਰਨੇ ਸ਼ੁਰੂ ਕਰ ਦਿੱਤੇ। ਦੋਨੋਂ ਕਮਰਿਆਂ ਵਿੱਚੋਂ ਅਨਗਿਣਤ ਕਿਰਲੀਆਂ, ਕਣ੍ਹੇ, ਕੀੜੇ, ਕੀੜੀਆਂ ਮਾਰ ਮਾਰ ਕੇ, ਕਮਰਿਆਂ ਦੀ ਸਫ਼ਾਈ ਕੀਤੀ ਅਤੇ ਅੰਦਰੋਂ ਬਾਹਰੋਂ ਪਾਣੀ ਨਾਲ ਧੋਤਾ। ਦੂਸਰੇ ਦਿਨ ਕਾਫ਼ੀ ਛੋਟੇ ਛੋਟੇ ਬੂਟੇ ਬਗ਼ੈਰਾ ਸਾਡੇ ਕੋਲੋਂ ਵੱਢਵਾਏ

ਗਏ ਅਤੇ ਸਾਰੀ ਕੁਟੀਆ ਦੀ ਪੂਰੀ ਸਫ਼ਾਈ ਕਰਕੇ ਛਿੜਕਾ ਕਰ ਦਿੱਤਾ। ਫਿਰ ਦੋ ਕੁ ਔਰਤਾਂ ਸੱਦ ਕੇ, ਸਾਰੇ ਵਿਹੜੇ ਵਿੱਚ ਪੋਚਾ (ਗਾਰੇ ਦਾ ਲੇਪਨ) ਲਗਵਾ ਦਿੱਤਾ ਗਿਆ। ਸੰਤਾਂ ਕੋਲ ਲੋਕਾਂ ਦਾ ਆਉਣ ਜਾਣ ਵਧ ਗਿਆ। ਇੱਕ ਦਿਨ ਸੰਤ ਜੀ ਲੋਕਾਂ ਨੂੰ ਬਚਨ ਸੁਣਾ ਰਹੇ ਸਨ ਕਿ ਕੋਈ ਮਹਾਂ ਪੁਰਖ ਜਾ ਰਹੇ ਸਨ। ਉਨ੍ਹਾਂ ਪਾਣੀ ਵਿੱਚ ਡਿੱਗਿਆ ਇੱਕ ਬਿੱਛੂ ਦੇਖਿਆ। ਮਹਾਂ ਪੁਰਖ ਦੇਖ ਕੇ ਰੁਕ ਗਏ ਅਤੇ ਉਸ ਬਿੱਛੂ ਨੂੰ ਬਚਾਉਣ ਲਈ ਪਾਣੀ ਵਿੱਚੋਂ ਕੱਢਣ ਦੀ ਕੋਸ਼ਿਸ਼ ਕਰਨ ਲੱਗੇ। ਬਿੱਛੂ ਅੱਗੋਂ ਡੰਗ ਮਾਰਨ ਪਵੇ। ਕਿਸੇ ਸੇਵਕ ਨੇ ਕਿਹਾ, ਮਹਾਰਾਜ ਜੀ ਇਸ ਨੂੰ ਰਹਿਣ ਦਿਓ, ਐਵੇਂ ਡੰਗ ਮਾਰ ਦੇਵੇਗਾ। ਮਹਾਂ-ਪੁਰਖ ਉਸ ਸੇਵਕ ਨੂੰ ਸੰਬੋਧਿਤ ਹੋ ਕੇ ਬੋਲੇ, ਬਈ ਬਿੱਛੂ ਦੀ ਆਦਤ ਹੈ ਡੰਗ ਮਾਰਨਾ ਅਤੇ ਸੰਤ ਜਨਾਂ ਦੀ ਆਦਤ ਹੈ ਜੀਆਂ ਉੱਤੇ ਦਇਆ ਕਰਨੀ। ਜਦ ਇਹ ਜੀਵ ਆਪਣੀ ਆਦਤ ਨਹੀਂ ਛੱਡਦਾ ਤਾਂ ਮੈਂ ਰੱਬ ਦਾ ਬੰਦਾ ਹੋ ਕੇ ਆਪਣੀ ਆਦਤ ਕਿਵੇਂ ਛੱਡ ਦੇਵਾਂ। ਸੁਣਨ ਵਾਲੇ ਧੰਨ ਮਹਾਰਾਜ, ਧੰਨ ਮਹਾਰਾਜ, ਕਹਿ ਕਹਿ ਸਿਰ ਹਿਲਾ ਰਹੇ ਸਨ ਅਤੇ ਮੈਂ ਬੈਠਾ ਸੋਚ ਰਿਹਾ ਸੀ, ਇਨ੍ਹਾਂ ਸੰਤ ਮਹਾਂ-ਪੁਰਖਾਂ ਦੇ ਹੁਕਮ ਨਾਲ, ਅਸੀਂ ਬੇਗਿਣਤ ਜੀਵ ਸਫ਼ਾਈ ਕਰਨ ਵੇਲੇ ਮਾਰੇ ਸਨ। ਉਸ ਵੇਲੇ ਸੰਤ ਜਨਾਂ ਦੀ ਆਦਤ ਜਾਂ ਜੀਅ ਦਇਆ, ਕਿੱਥੇ ਗਈ ਹੋਈ ਸੀ ?

ਅਵਰ ਉਪਦੇਸੈ ਆਪਿ ਨ ਕਰੈ ॥
ਆਵਤ ਜਾਵਤ ਜਨਮੈ ਮਰੈ ॥੨੬੯/੮॥

ਅਖੰਡ ਵਿੱਚ, ਮੱਧ ਦੀ ਵੰਡ ਕਿਉਂ ?

ਵੀਹਵੀਂ ਸਦੀ ਦੇ ਅੱਧ ਤੋਂ ਪਹਿਲਾਂ, ਕਦੇ ਕਦਾਈਂ ਹੀ ਕੋਈ ਅਖੰਡ ਪਾਠ (ਜੋ ਬਿਨ੍ਹਾਂ ਰੋਕ, ਪਹਿਲੇ ਪੰਨੇ ਤੋਂ ਅੰਤਲੇ ਪੰਨੇ ਤੱਕ ਪੜ੍ਹਿਆ ਜਾਵੇ) ਹੁੰਦਾ ਸੀ। ਜਿਸ ਨੂੰ ਕਾਫ਼ੀ ਸੁਣਨਹਾਰੇ, ਰਾਤ ਦਿਨ ਕੋਲ ਰਹਿਕੇ ਸੁਣਦੇ ਅਤੇ ਗੁਰੂਬਾਨੀ ਦਾ ਆਨੰਦ ਮਾਣਦੇ ਸਨ। ਅਖੰਡ ਪਾਠ ਸ਼ੁਰੂ ਕਰਨ ਵੇਲੇ, ਕੜਾਹ ਪ੍ਰਸ਼ਾਦਿ ਤਿਆਰ ਕਰਕੇ, ਸਤਿਗੁਰੂ ਜੀ ਦੇ ਹਜ਼ੂਰ ਲਿਆਇਆ ਜਾਂਦਾ। ਅਨੰਦੁ ਬਾਣੀ ਦੀਆਂ ਛੇ ਪਉੜੀਆਂ (ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਚਾਲੀਵੀਂ ਪਉੜੀ) ਪੜ੍ਹ ਕੇ ਪਾਠ ਆਰੰਭ ਕਰਨ ਦੀ, ਗੁਰ ਇਜ਼ਾਜ਼ਤ ਲਈ, ਅਰਦਾਸ ਕੀਤੀ ਜਾਂਦੀ। ਫਿਰ ਹੁਕਮ ਲੈ ਕੇ, ਪਾਠ ਆਰੰਭ ਕੀਤਾ ਜਾਂਦਾ। ਤੀਸਰੇ ਦਿਨ (੪੮ ਘੰਟੇ ਜਾਂ ਵੱਧ ਘੱਟ ਸਮੇਂ ਦਾ ਕੋਈ ਭਰਮ ਨਹੀਂ) ਚੌਦਾਂ ਸੌ ਉਨੱਤੀ ਪੰਨੇ (ਮੁੰਦਾਵਣੀ ਤੇ ਸਲੋਕ ਤੱਕ) ਜਾਂ ਚੌਦਾਂ ਸੌ ਤੀਹ ਪੰਨੇ (ਰਾਗ ਮਾਲਾ ਸਮੇਤ) ਪੜ੍ਹ ਲੈਣ ਉਪਰੰਤ, ਅਨੰਦ ਬਾਣੀ ਦੀਆਂ ਛੇ ਪਉੜੀਆਂ (ਪਹਿਲੀਆਂ ਪੰਜ ਤੇ ਅੰਤਲੀ) ਪੜ੍ਹਕੇ ਅਖੰਡ ਪਾਠ ਦੀ ਸੰਪੂਰਨਤਾ ਅਤੇ ਸ਼ੁਕਰਾਨੇ ਦੀ ਅਰਦਾਸ ਕੀਤੀ ਜਾਂਦੀ। ਇਹ ਸੀ ਅਖੰਡ ਪਾਠ। ਜਿਸ ਦੇ ਆਰੰਭ ਵੇਲੇ ਇਜ਼ਾਜ਼ਤ ਦੀ ਅਰਦਾਸ ਅਤੇ ਸੰਪੂਰਨਤਾ ਜਾਂ ਭੋਗ ਵੇਲੇ ਸ਼ੁਕਰਾਨੇ ਦੀ ਅਰਦਾਸ ਹੁੰਦੀ ਸੀ। ਹੋਲੀ ਹੋਲੀ ਅਖੰਡ ਪਾਠ, ਇੱਕ ਰਸਮੀ ਕਰਮ-ਕਾਂਡ ਬਣਦਾ ਗਿਆ ਅਤੇ ਇਸ ਵਿੱਚ, ਮਨਮੱਤੀ ਰੀਤਾਂ ਸ਼ਾਮਲ ਹੁੰਦੀਆਂ ਗਈਆਂ। ਜਿਵੇਂ ਜੋਤ, ਕੁੰਭ, ਅਨਾਜ (ਜੌਂ), ਨਲੀਏਰ ਆਦਿ। ਇਨ੍ਹਾਂ ਮਨਮੱਤੀ ਰੀਤਾਂ ਵਿੱਚੋਂ ਹੀ ਇੱਕ ਰੀਤ ਮੱਧ ਦੀ ਅਰਦਾਸ ਵਾਲੀ ਭੀ ਹੈ। ਜੋ ਪਾਠ ਆਰੰਭ ਕਰਨ ਤੋਂ ਦੂਸਰੇ ਦਿਨ, 705 ਪੰਨੇ ਉੱਤੇ ਪਾਠ ਪਹੁੰਚ ਜਾਣ ਵੇਲੇ ਜਾਂ ਕਈ ਥਾਵੀਂ 715 ਪੰਨੇ ਪੜ੍ਹੇ ਜਾਣ ਵੇਲੇ ਮੱਧ ਦੀ ਅਰਦਾਸ ਕਹਿਕੇ ਕੀਤੀ ਜਾਂਦੀ ਹੈ। ਕੀ ਕਦੀ ਅਸੀਂ ਸੋਚਿਆ ਹੈ ? ਕਿ ਜਿਸ ਪਾਠ ਨੂੰ ਅਰਦਾਸ ਕਰਕੇ ਅਸੀਂ, ਮੱਧ ਅਤੇ ਸੰਪੂਰਨ, ਦੋ ਹਿੱਸਿਆਂ ਵਿੱਚ ਵੰਡ ਦਿੱਤਾ ਹੈ, ਉਹ ਪਾਠ ਅਖੰਡ ਕਿਵੇਂ ਹੋ ਸਕਦਾ ਹੈ ? ਇਜ਼ਾਜ਼ਤ ਦੀ ਅਰਦਾਸ ਅਤੇ ਸੰਪੂਰਨਤਾ ਦੀ ਅਰਦਾਸ ਦੇ ਵਿਚਕਾਰ, ਇਹ ਮੱਧ ਦੀ ਤੀਸਰੀ ਅਰਦਾਸ ਕਰਕੇ ਅਸੀਂ ਖ਼ੁਦ ਇਸ ਪਾਠ ਨੂੰ, ਦੋ ਭਾਗਾਂ ਵਿੱਚ ਵੰਡ ਦਿੱਤਾ ਹੈ। ਫਿਰ ਇਸਨੂੰ ਅਖੰਡ ਪਾਠ ਕਿਵੇਂ, ਕਿਸ ਦਲੀਲ ਤਹਿਤ ਕਹਿ ਸਕਦੇ ਹਾਂ ? ਇਹ ਦੋ ਭਾਗਾ ਪਾਠ ਤਾਂ ਹੋ ਸਕਦਾ ਹੈ, ਅਖੰਡ ਪਾਠ ਬਿਲਕੁਲ ਹੀ ਨਹੀਂ। ਸੋਚੋ, ਵਿਚਾਰੋ ਅਤੇ ਆਪਣੇ ਅੰਦਰੋਂ ਹੀ ਲੱਭੋ ਇਸਦਾ ਸਹੀ ਉੱਤਰ। ਕਿ ਖ਼ੁਦ ਦੋ ਭਾਗਾਂ ਵਿੱਚ ਵੰਡ ਕਰਕੇ ਇਸ ਵੰਡ ਨੂੰ ਅਖੰਡ ਕਿਵੇਂ ਕਹਿ ਸਕਦੇ ਹਾਂ ?

ਨੋਟ : ਕੁੱਝ ਵੀਰ ਦਲੀਲ ਦਿੰਦੇ ਹਨ ਕਿ, ਪਾਠ ਤਾਂ ਲਗਾਤਾਰ ਚੱਲਦਾ ਹੀ ਹੁੰਦਾ ਹੈ। ਸੂਝਵਾਨੋ, ਗੱਲ ਅਰਦਾਸ ਦੀ ਹੈ। ਜੇ ਪਾਠ ਲਗਾਤਾਰ ਚੱਲ ਹੀ ਰਿਹਾ

ਹੈ ਤਾਂ, ਵਿਚਕਾਰ ਅਰਦਾਸ ਕਿਉਂ ? ਜੇ ਅਖੰਡ ਹੈ ਤਾਂ ਵਿੱਚ ਮੱਧ ਦੀ ਵੰਡ ਕਿਉਂ ? ਜੇ ਮੱਧ ਦੀ ਵੰਡ ਹੈ ਤਾਂ ਅਖੰਡ ਕਿਵੇਂ ? **ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪ੍ਰਮੇਸੁਰਹਿ ॥੭੦੫॥** ਇਹ ਪੰਗਤੀ ਪਰਮਾਤਮਾ ਦੀ ਸਦੀਵੀ ਹੋਂਦ ਪ੍ਰਤੀ ਆਦਿ, ਮੱਧ ਤੇ ਅੰਤਿ ਵਾਰੇ ਸੰਕੇਤ ਦਿੰਦੀ ਹੈ। ਪਾਠ ਦੇ ਅੱਧ ਜਾਂ ਮੱਧ ਨਾਲ ਇਸ ਦਾ ਕੋਈ ਸਰੋਕਾਰ ਨਹੀਂ। ਸੱਤ ਸੌ ਪੰਜ ਪੰਨ੍ਹੇ ਵਾਲੀ ਇਹ ਪੰਗਤੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੱਧ ਭੀ ਨਹੀਂ ਹੈ। ਦੂਸਰੇ ਦਿਨ ਦੀ ਅਰਦਾਸ ਕੜਾਹ ਪ੍ਰਸ਼ਾਦ ਦੀ ਨਵੀਂ ਦੇਗ ਬਨਾਉਣ ਦੀ ਕੀਤੀ ਜਾਂਦੀ ਸੀ। ਜਿਸ ਨੂੰ ਸਾਡੀ ਅਨਜਾਣਤਾ ਅਤੇ ਗੁਰਮਤਿ ਵਿਰੋਧੀ ਸੋਚ ਨੇ, ਮੱਧ ਦੀ ਅਰਦਾਸ ਬਣਾ ਦਿੱਤਾ। ਹੁਣ ਤਾਂ ਇੱਕ ਨਵਾਂ ਸ਼ੋਸ਼ਾ ਸ਼ੁਰੂ ਹੋਇਆ ਹੈ। ਗੁਰਦੁਆਰਿਆਂ ਵਿੱਚ ਫੁਲੀਆਂ ਨੂੰ ਪ੍ਰਸ਼ਾਦ ਕਹਿ ਕੇ ਵਰਤਾਇਆ ਜਾਂਦਾ ਹੈ। ਹੁਣੇ ਹੀ ਗੁਰੂ ਨਾਨਕ ਜੀ ਦੇ ਪੁਰਬ ਵੇਲੇ ਰੱਖੇ ਅਖੰਡ ਪਾਠ (19 ਤੋਂ 21 ਨਵੰਬਰ, ੨੦੧੦) ਸਮੇਂ, ਕੜਾਹ ਪ੍ਰਸ਼ਾਦ ਦੀ ਦੇਗ ਸਮਾਪਤ ਹੋ ਗਈ, ਤਦ ਨਵੀਂ ਦੇਗ ਨਹੀਂ ਬਣਾਈ ਗਈ ਅਰਦਾਸ ਰਹਿਤ ਫੁੱਲੀਆਂ ਹੀ ਵਰਤਾਈਆਂ ਗਈਆਂ। ਇਹ ਹੈ ਸਾਡੀ ਅਗਿਆਨਤਾ ਦਾ ਸਬੂਤ। ਕਿੱਥੋਂ ਕਿਵੇਂ ਅਤੇ ਕਿਨ੍ਹਾਂ ਰਾਹੀ ਮਿਲ ਸਕਦਾ ਹੈ ਸਾਨੂੰ ਗੁਰਮਤਿ ਦਾ ਗਿਆਨ ? ਜੇ ਕਰ ਗੁਰੂ ਘਰ ਦੇ ਸੇਵਾਦਾਰ (ਗ੍ਰੰਥੀ ਜੀ) ਨਾਲ, ਗੁਰਮਤਿ ਵਿਚਾਰ ਦੀ ਕੋਈ ਗੱਲ ਕਰਨੀ ਚਾਹੀਏ ਤਾਂ ਅੱਗੋਂ ਜਵਾਬ ਮਿਲਦਾ ਹੈ, ਸਾਨੂੰ ਤਾਂ ਅੱਜ ਤੱਕ ਸਮਝ ਨਹੀਂ ਆਈ ਕਿ ਗੁਰਮਤਿ ਹੈ ਕੀ ? ਇੱਕ ਗ੍ਰੰਥੀ ਸਿੰਘ ਦੇ ਮੁੱਖ ਤੋਂ ਇਹੋ ਜਿਹਾ ਜਵਾਬ ਸੁਣ ਕੇ ਮਨ ਉੱਤੇ ਕੀ ਬੀਤੀ, ਅੱਖਰੀਂ ਬਿਆਨ ਨਹੀਂ ਕੀਤੀ ਜਾ ਸਕਦੀ। ਗੁਰੂ ਹੀ ਇੰਨ੍ਹਾਂ ਉੱਤੇ ਮਿਹਰ ਕਰੇ ਤਾਂ ਜੋ ਇਹ ਗੁਰਮਤਿ (ਗੁਰਬਾਣੀ) ਦੀ ਵਿਚਾਰਧਾਰਾ ਨੂੰ ਸਮਝ ਕੇ ਹੋਰ। ਨੂੰ ਸਮਝਾ ਸਕਣ।

ਦਾਨੀ ਕਿ ਭਿਖਾਰੀ ?

ਸਿੱਖ ਧਰਮ ਵਿੱਚ ਪ੍ਰਵੇਸ਼ ਹੋ, ਆਪਣੀ ਪੈਂਠ ਬਣਾ ਚੁੱਕੇ ਬਿੱਪਰ ਸੋਚ ਦੇ ਧਾਰਨੀ ਸੰਤ, ਬਾਬੇ ਜਾਂ ਮਹਾਪੁਰਖ, ਲੋਕਾਂ ਨੂੰ ਭਰਮਾਉਣ, ਅਗਿਆਨਤਾ ਵਿੱਚ ਫਸਾਉਣ ਲਈ ਕੋਈ ਨਾ ਕੋਈ ਨਵਾ ਪਰਪੰਚ (ਅਡੰਬਰ) ਰਚਦੇ ਰਹਿੰਦੇ ਹਨ। ਕੋਈ ਅਗਿਆਨਤਾ ਤਹਿਤ ਸ਼ਬਦ ਗੁਰੂ (ਗੁਰੂ ਗ੍ਰੰਥ ਸਾਹਿਬ ਜੀ) ਨੂੰ ਲੰਗਰ ਪਾਨੀ ਛਕਾ ਰਿਹਾ ਹੈ। ਕੋਈ ਸਿਰ ਉੱਤੇ ਚੁੱਕ ਕੇ ਸਵੇਰ ਦੀ ਸੈਰ ਕਰਵਾ ਰਿਹਾ ਹੈ। ਕੋਈ ਪੱਖਿਆਂ ਨਾਲ ਹਵਾ ਅਤੇ ਹੀਟਰਾਂ ਨਾਲ ਨਿੱਘ ਦਿਵਾ ਰਿਹਾ ਹੈ। ਕੋਈ ਅਖੰਡ ਪਾਠਾਂ ਦੀਆਂ ਇਕੋਤਰੀਆਂ (101 ਬੀੜਾਂ ਦਾ ਇਕੱਠਾ ਪਾਠ) ਚਲਵਾ ਕੇ ਪੜ੍ਹਨਹਾਰਿਆਂ (ਗੁਰੂ ਗਿਆਨ ਵਿਚਾਰਧਾਰਾ ਤੋਂ ਕੋਰਿਆਂ) ਦੇ ਰੋਜ਼ਗਾਰ ਦਾ ਵਸੀਲਾ ਬਣਾ ਰਿਹਾ ਹੈ। ਕੋਈ ਨਦੇੜ ਨੂੰ ਪੂਰੀ ਰੇਲ ਗੱਡੀ ਰਾਖਵੀਂ (Reserved) ਕਰਵਾ ਕੇ, ਵਿੱਚ ਅਖੰਡ ਪਾਠ ਕਰਾਉਂਦਾ ਜਾ ਰਿਹਾ ਹੈ। ਕੋਈ ਸ਼ੁਧ ਪਤਾਸੇ ਬਨਾਉਣ ਲਈ ਗੰਨਿਆਂ ਦੀ ਫਸਲ ਨੂੰ ਅਖੰਡ ਪਾਠ ਸੁਣਵਾ ਰਿਹਾ ਹੈ। ਕੋਈ ਦੁੱਧ ਨੂੰ ਅੰਮ੍ਰਿਤ ਬਨਾਉਣ ਲਈ ਮੱਝਾਂ ਗਾਵਾਂ ਨੂੰ ਪਾਠ ਸੁਣਵਾ ਰਿਹਾ ਹੈ। ਕੋਈ ਆਪਣੀ ਸ਼ੁਹਰਤ ਚਮਕਾਉਣ ਲਈ ਵੇਈਂ ਨਦੀ ਨੂੰ ਪਵਿੱਤਰ ਬਨਾਉਣ ਦੇ ਬਹਾਨੇ ਜਿਮੀਂਦਾਰਾਂ ਦੀਆਂ ਜਮੀਨਾਂ ਖੋਹ ਰਿਹਾ ਹੈ ਅਤੇ ਗਿਆਨ ਵਿਹੂਣੇ ਸੇਵਕਾਂ ਤੋਂ ਮਾਇਆ ਇਕੱਠ੍ਰ ਕਰ ਕੇ ਆਪਣੇ ਡੇਰੇ ਦਾ ਅਧਿਕਾਰ ਅਤੇ ਸਜਾਵਟ ਬਣਵਾ ਰਿਹਾ ਹੈ। ਕੋਈ ਸੋਨੇ ਦਾ ਪੀਹੜਾ, ਕੋਈ ਸੋਨੇ ਦੀ ਪਾਲਕੀ, ਕੋਈ ਸੋਨੇ ਦਾ ਛਤਰ ਬਨਾਉਣ ਦਾ ਬਹਾਨਾ ਬਣਾ ਕੇ ਭੋਲੀ ਲੋਕਾਈ ਤੋਂ ਮਾਇਆ ਠੱਗੀ ਜਾ ਰਹੀ ਹੈ। ਕੋਈ ਕਾਰ ਸੇਵਾ ਦੇ ਬਹਾਨੇ ਸਿੱਖ ਕੌਮ ਦੀ ਵਿਰਾਸਤ ਦਾ ਖੁਰਾ ਖੋਜ ਮਿਟਾ ਰਿਹਾ ਹੈ। ਐਨਾ ਸਭ ਕੁੱਝ ਹੋਈ ਜਾ ਰਹੇ ਤੋਂ ਬੇ-ਪ੍ਰਵਾਹ ਸਿੱਖ ਕੌਮ ਆਨੰਦਮਈ ਸਰੂਰ ਵਿੱਚ ਸੁੱਤੀ ਹੋਈ ਹੈ। ਕੋਈ ਫ਼ਿਕਰ ਹੀ ਨਹੀਂ ਕਿ ਸਾਡਾ ਕੀ ਕੁੱਝ ਲੁੱਟਿਆ ਤੇ ਕੀ ਕੀ ਕਬਾੜ (ਗੁਰਮਤਿ ਵਿਰੋਧੀ ਝੂਠ ਦਾ ਕੂੜਾ) ਸਾਡੇ ਵਿਹੜੇ ਵਿੱਚ ਸੁੱਟਿਆ ਜਾ ਰਿਹਾ ਹੈ। ਜਦ ਇਹ ਹੰਸ ਬਾਣੇ ਵਿੱਚ ਬਗਲੇ ਦੀ ਸੋਚ ਦੇ ਧਾਰਨੀ, ਵਿਦੇਸ਼ਾਂ ਦੇ ਚੱਕਰ ਲਾਉਂਦੇ ਹਨ ਤਾਂ ਮਾਇਆ ਇਕੱਠ੍ਰ ਕਰਨ ਲਈ ਕੋਈ ਨਵਾਂ ਪਰਪੰਚ ਉਲੀਕ ਕੇ ਤੁਰਦੇ ਹਨ। ਕਦੀ ਵਿਧਵਾਵਾਂ ਨੂੰ ਸਿਲਾਈ ਮਸ਼ੀਨਾਂ ਦੇਣ ਦਾ। ਕਦੀ ਗ਼ਰੀਬ ਲੜਕੀਆਂ ਦੇ ਵਿਆਹ ਕਰਵਾਉਣ ਦਾ (ਕੀ, ਜੇ ਇਹ ਗ਼ਰੀਬ ਕਹੀਆਂ ਜਾਂਦੀਆਂ ਲੜਕੀਆਂ ਦੇ ਵਿਆਹ ਨਾ ਕਰਵਾਉਣ ਤਾਂ ਉਹ ਅਣਵਿਆਹੀਆਂ ਰਹਿ ਜਾਣਗੀਆਂ ?), ਕਦੀ ਮਾਇਆ ਇਕੱਠ੍ਰ ਕਰ ਕੇ ਦੂਸਰੇ ਸੂਬੇ ਨੂੰ ਕੁੱਝ ਬਣਾ ਕੇ ਦੇਣ ਦਾ ਪਰਪੰਚ ਰਚਦੇ ਹਨ। ਇੰਨਾਂ ਦੇ ਸ਼ਰਧਾਵਾਨਾਂ ਨੂੰ ਮਜਬੂਰਨ ਇੰਨਾਂ ਦੇ ਨਾਲ ਤੁਰਨਾ ਅਤੇ ਇੰਨਾਂ ਦੇ ਅਡੰਬਰਾਂ ਲਈ ਮਾਇਆ ਇਕੱਠ੍ਰ ਕਰਾਉਣੀ ਪੈਂਦੀ ਹੈ। ਆਮ ਲੋਕਾਈ ਨੂੰ ਆਪਣੇ ਪਛਾਣੂਆਂ ਦੇ ਮੂੰਹ ਰੱਖਣ ਦੀ ਖ਼ਾਤਰ,

ਬੇਵੱਸ ਹੋ ਕੁੱਝ ਮਾਇਆ ਤਾਂ ਦੇਣੀ ਹੀ ਪੈਂਦੀ ਹੈ। ਮਹੀਨਾ ਮਾਰਚ, ਸੰਨ 2008 ਨੂੰ ਅਸਟ੍ਰੇਲੀਆ ਵਿੱਚ ਆਏ ਇੱਕ ਸੰਤ ਵਲੋਂ, ਗਿਆਰਾਂ ਕਿਲੋ ਸੋਨੇ ਦਾ ਛਤਰ ਬਣਾ ਕੇ, ਨਦੇੜ (ਦੂਸਰੇ ਸੂਬੇ ਵਿੱਚ ਭੇਜਣ ਲਈ, ਜਿੱਥੇ ਗੁਰਮਤਿ ਦੀ ਖੰਡਨਾਂ ਹਿੱਕ ਦੇ ਜ਼ੋਰ ਨਾਲ ਕੀਤੀ ਜਾਂਦੀ ਹੈ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ, ਇੱਕ ਗੁਰਮਤਿ ਵਿਰੋਧੀ ਅਤੇ ਅਸ਼ਲੀਲਤਾ ਭਰਪੂਰ ਗ੍ਰੰਥ ਨੂੰ ਸਥਾਪਤ ਕੀਤਾ ਜਾਂਦਾ ਹੈ) ਭੇਜਣ ਲਈ, ਮਾਇਆ ਇਕੱਤ੍ਰ ਕੀਤੀ ਗਈ। ਸਿੱਖੀ ਵਿੱਚ ਪ੍ਰਵੇਸ਼ ਸਾਧ ਇੱਕ ਦੂਸਰੇ ਤੋਂ ਵਧ ਚੜ ਕੇ ਗੁਰਮਤਿ ਵਿਚਾਰਧਾਰਾ ਦਾ ਮਜ਼ਾਕ ਉਡਾਉਂਦੇ ਹਨ। ਸਿੱਖ ਕੌਮ ਦੀ ਲੀਡਰ ਸ਼੍ਰੇਣੀ ਅਤੇ ਪੂਜਾਰੀ ਸ਼੍ਰੇਣੀ ਦੀ ਇਨ੍ਹਾਂ ਸਾਧਾਂ ਨਾਲ ਪੂਰੀ ਸਹਿਮਤੀ (ਠੱਗਾਂ ਦੀ ਟੋਲੀ ਤੇ ਇੱਕੋ ਬੋਲੀ, ਕਿਉਕਿ ਇਨ੍ਹਾਂ ਤਿੰਨਾਂ ਵਿੱਚ, ਗੁਰੂ ਅੱਗੇ ਚੜ੍ਹੇ ਚੜ੍ਹਾਵੇ ਦੀ ਭਾਈਵਾਲੀ) ਹੁੰਦੀ ਹੈ। ਮਾਇਆ, ਕਿਰਤ ਕਾਰੀ ਸਿੱਖ ਕੌਮ ਦੀ ਅਤੇ ਵਡਿਆਈ (ਮਾਲ ਮਾਲਕਾਂ ਦਾ ਮਸ਼ਹੂਰੀ ਕੰਪਨੀ ਦੀ) ਵਿਹਲੜ ਵੱਗ ਦੀ। ਕਥਾ ਪੁਰਾਤਨ ਇਉਂ ਸੁਣੀ, ਕਿ ਰਾਜਾ ਜਨਕ ਹਰ ਰੋਜ਼ ਕਾਫ਼ੀ ਸੋਨਾ (ਸਵਾ ਮਣ ਕਿਹਾ ਜਾਂਦਾ ਹੈ) ਲੋੜਵੰਦਾਂ (ਭੇਖਾਰੀਆਂ) ਵਿੱਚ ਵੰਡਦਾ ਸੀ। ਇੱਕ ਦਿਨ ਇੱਕ ਭੇਖਾਰੀ ਨੇ ਕਿਹਾ ਹੇ ਰਾਜਨ ਮੈਂ ਇਹ ਮਾਇਆ (ਭਿੱਖਿਆ) ਤਦ ਲਵਾਂਗਾ ਜੇਕਰ ਤੂੰ ਮੈਨੂੰ ਇਹ ਦੱਸੇਂ ਕਿ ਇਹ ਹਰ ਰੋਜ਼ ਏਨੀ ਮਾਇਆ ਤੂੰ ਕਿੱਥੋਂ ਲੈਂਦਾ ਏਂ ? ਰਾਜਾ ਜਨਕ ਝੂਠ ਨਹੀਂ ਸੀ ਬੋਲਦਾ। ਉਸਨੇ ਕਿਹਾ, ਮੈਂ ਹਰ ਰੋਜ਼ ਸਵੇਰੇ ਪ੍ਰਭੂ ਅੱਗੇ ਬੇਨਤੀ ਕਰਦਾ ਹਾਂ ਕਿ ਹੇ ਪ੍ਰਭੂ ਮੈਨੂੰ ਇੰਨੀ ਮਾਇਆ ਦੇਹ ਤਾਂ ਜੋ ਮੈਂ ਲੋੜਵੰਦਾਂ, ਭੇਖਾਰੀਆਂ ਤੇ ਆਪਣੇ ਪ੍ਰਸ਼ੰਸ਼ਕਾਂ ਵਿੱਚ ਵੰਡ ਸਕਾਂ। ਮੇਰਾ ਪ੍ਰਭੂ ਮੈਨੂੰ ਇਹ ਮਾਇਆ ਦਿੰਦਾ ਹੈ ਤੇ ਮੈਂ ਅੱਗੇ ਤੁਹਾਨੂੰ ਵੰਡ ਦਿੰਦਾ ਹਾਂ। ਭੇਖਾਰੀ ਬੋਲਿਆ ਹੇ ਰਾਜਨ ਅਸੀਂ ਤਾਂ ਬਹੁਤ ਛੋਟੇ ਭਿਖਾਰੀ ਹਾਂ, ਕਿਉਂਕਿ ਸਾਡੀ ਲੋੜ ਭੀ ਛੋਟੀ ਹੈ ਪਰ ਤੂੰ ਤਾਂ ਸਾਡੇ ਸਭ ਨਾਲੋਂ ਵੱਡਾ ਭਿਖਾਰੀ ਹੈਂ ਜੋ ਏਨੀ ਮਾਇਆ ਮੰਗਦਾ ਹੈਂ ਤੇ ਸਾਡੇ ਵਰਗਿਆਂ ਤੋਂ ਆਪਣੀ ਪ੍ਰਸ਼ੰਸ਼ਾ ਭੀ ਕਰਵਾਉਂਦਾ ਏਂ। ਫਿਰ ਮੈਂ ਆਪਣੇ ਤੋਂ ਵੀ ਵੱਡੇ ਭਿਖਾਰੀ ਤੋਂ ਭਿੱਖਿਆ ਕਿਉਂ ਲਵਾਂ। ਸੱਜਣ ਠੱਗ ਵਰਗੇ ਰਾਤ ਨੂੰ ਲੋਕਾਂ ਨੂੰ ਲੁੱਟਦੇ ਤੇ ਦਿਨੇ ਲੋਕ ਭਲਾਈ ਕਰ ਕੇ ਲੋਕਾਂ ਤੋਂ ਮਾਣ ਪਾਉਂਦੇ। ਇਹੀ ਇੰਨ੍ਹਾਂ ਬਨਾਰਸੀ ਠੱਗਾਂ (**ਗਲੀ ਜਿਨ੍ਾ ਜਪਮਾਲੀਆ ਲੋਟੇ ਹਥਿ ਨਿਬਗ ॥ ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗਿ** ॥੪੭੬/੧॥) ਦਾ ਰੋਜ਼ਗਾਰੀ ਕਿੱਤਾ ਹੈ। ਇਹ ਗੁਰ-ਉਪਦੇਸ਼ੀ ਮੁਸ਼ੱਕਤੀ ਕਿਰਤ ਦੇ ਆਦੀ ਨਹੀਂ, ਇਹ ਤਾਂ ਵਿਵਾਦੀ ਅਤੇ ਫ਼ਸਾਦੀ [ਵਿਵਾਦਾਂ (ਅਖੌਤੀ ਦਸਮ ਗ੍ਰੰਥ ਦਾ ਵਿਵਾਦ, ਖਾਣ ਅਤੇ ਪਹਿਨਣ ਦਾ ਵਿਵਾਦ) ਤਹਿਤ, ਆਮ ਲੁਕਾਈ ਵਿੱਚ ਵੰਡਾਂ ਪਾਈ ਰੱਖਣ ਵਾਲੇ] ਹੀ ਹੁੰਦੇ ਹਨ। ਇਹ ਦਾਨੀ ਨਹੀਂ ਪਾਖੰਡੀ ਅਤੇ ਵੱਡੇ ਭਿਖਾਰੀ ਹਨ।

ਗੁਰ ਪੁਰਬ ਜਾਂ ਕਮਾਈ ਦੇ ਦਿਨ

ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ, ਗੁਰ ਪੁਰਬ ਦੀਆਂ ਤਿਆਰੀਆਂ ਬੜੇ ਹੀ ਉਤਸ਼ਾਹ ਨਾਲ ਕੀਤੀਆਂ ਜਾ ਰਹੀਆਂ ਸਨ। ਨਗਰ ਕੀਰਤਨ ਵੇਲੇ ਢਾਡੀ ਜੱਥਾ ਬੁਲਾਉਣ ਦੀ ਜੁੰਮੇਵਾਰੀ ਦੋ ਸੇਵਾਦਾਰਾਂ ਨੂੰ ਸੰਭਾਲੀ ਗਈ। ਜਿੰਨ੍ਹਾਂ ਵਲੋਂ ਦੋ ਢਾਡੀ ਜਥੇ (ਇੱਕ ਸਿੰਘਾਂ ਦਾ, ਨਗਰ ਕੀਰਤਨ ਲਈ ਅਤੇ ਦੂਜਾ ਸਿੰਘਣੀਆਂ ਦਾ ਪਾਠ ਦੇ ਭੋਗ ਵੇਲੇ ਲਈ) ਕੀਤੇ ਗਏ। ਅਖੰਡ ਪਾਠ ਦੀ ਅਰੰਭਤਾ ਤੋਂ ਪਹਿਲੇ ਗ੍ਰੰਥੀ ਸਿੰਘਾਂ ਨੇ, ਅਖੰਡ ਪਾਠ ਦੀ ਭੇਟਾ ਪੱਚੀ ਸੌ ਰੁਪੈ ਤੋਂ ਵਧਾ ਕੇ ਤਿੰਨ ਹਜ਼ਾਰ ਰੁਪਏ ਕਰਨ ਦੀ ਮੰਗ ਕੀਤੀ ਜੋ ਪ੍ਰਵਾਨ ਤਾਂ ਨਾ ਹੋਈ ਪਰ ਪ੍ਰਬੰਧਕ ਕਮੇਟੀ ਨੇ ਵਿਚਾਰ ਕਰਾਂਗੇ ਕਹਿ ਕੇ ਇਹ ਮੰਗ ਅੱਗੇ ਪਾ ਦਿੱਤੀ। ਦੋਵਾਂ ਜਥਿਆਂ ਨਾਲ ਅਠਾਰਾਂ (ਦਸ ਅਤੇ ਅੱਠ) ਹਜ਼ਾਰ ਰੁਪਏ ਦੀ ਸੌਦੇਬਾਜ਼ੀ (ਠੇਕਾ) ਹੋਈ। ਸ਼ਾਬਾਸ਼ ਦੀ ਇਨਾਮੀ ਜਾਂ ਖ਼ੁਸ਼ਾਮਦੀ ਮਾਇਆ ਜਿੰਨੀ ਭੀ ਬਣ ਜਾਵੇ ਠੇਕੇ ਵਾਲੀ ਮਾਇਆ ਤੋਂ ਵੱਖਰੀ ਹੁੰਦੀ ਹੈ। ਕੀਰਤਨ ਕਰਨ ਵਾਲੇ ਭਾਈ ਜੀ ਨੇ, ਇਹ ਕਹਿ ਕੇ ਕਿ ਪ੍ਰੋਗਰਾਮ ਦਾ ਨਾਮ ਨਗਰ ਕੀਰਤਨ ਅਤੇ ਕੀਰਤਨ ਕਰਨ ਵਾਲੇ ਲਈ ਕੋਈ ਰਾਖਵੀਂ (ਨਿਸ਼ਚਿਤ ਕੀਤੀ ਹੋਈ, ਠੇਕੇ ਦੀ ਜਾਂ ਸੌਦੇਬਾਜ਼ੀ ਦੀ) ਮਾਇਆ ਨਹੀਂ, ਇਹ ਵਿਤਕਰਾ ਕਿਉਂ ? ਕੀ ਅਸੀਂ ਢਾਡੀਆਂ ਨਾਲੋਂ ਘੱਟ ਸੰਘ ਪਾੜਦੇ ਹਾਂ ? ਕੀ ਅਸੀਂ ਪੂਰੇ ਜੋਰ ਨਾਲ ਕ੍ਰਿਲ ਕ੍ਰਿਲ ਕੇ ਗੁਰੂ ਨੂੰ ਖ਼ੁਸ਼ ਕਰਨ ਦੇ ਯਤਨ ਨਹੀਂ ਕਰਦੇ ? ਨਾਂਹ ਨੁੱਕਰ ਕਰਦਿਆਂ ਕਰਾਉਂਦਿਆਂ ਕੀਰਤਨੀ ਜਥੇ ਨਾਲ ਭੀ, ਗਿਆਰਾਂ ਸੌ ਰੁਪਏ ਵਿੱਚ ਸੌਦੇਬਾਜ਼ੀ ਤੈ ਹੋ ਗਈ। ਮੈਂ ਇੱਕ ਸਿੰਘ (ਜੋ ਅਖੰਡ ਪਾਠ ਦੀਆਂ ਰੌਲਾਂ ਲਾਉਂਦਾ ਹੈ) ਨੂੰ ਕਿਹਾ, ਸਿੰਘ ਜੀਓ, ਆਪ ਜੀ ਨਾਲ ਕੁੱਝ ਵਿਚਾਰ ਕਰਨੀ ਚਹੁੰਦਾ ਹਾਂ। ਉਹ ਸਿੰਘ ਜੀ ਜਿਵੇਂ ਖਹਿੜਾ ਛੁਡਾਉਣ ਲਈ ਬੋਲੇ। ਹੁਣ ਤਾਂ ਮੈਂ ਕਿਸੇ ਕੰਮ ਜਾ ਰਿਹਾ ਹਾਂ, ਫਿਰ ਕਦੀ ਸਮਾਂ ਕੱਢ ਕੇ ਬੈਠਾਂਗੇ। ਮੈਂ ਕਿਹਾ ਸਿੰਘ ਜੀਓ, ਮੈਂ ਜਾਣਦਾ ਹਾਂ ਕਿ ਤੁਹਾਡਾ ਸਮਾਂ ਬਹੁਤ ਕੀਮਤੀ ਹੈ, ਮੈਂ ਤੁਹਾਨੂੰ ਬਹੁਤੀ ਦੇਰ ਨਹੀਂ ਰੋਕਾਂਗਾ, ਬੱਸ ਕੁੱਝ ਮਿੰਟ ਵਾਸਤੇ ਰੁੱਕ ਜਾਓ। ਕੁੱਝ ਚਾਰਾ ਨਾ ਚੱਲਦਾ ਦੇਖ ਉਸ ਨੇ ਸਕੂਟਰ ਨੂੰ ਤਾਲਾ ਲਾਇਆ ਤੇ ਮੇਰੇ ਨਾਲ ਘਰ ਦੇ ਅੰਦਰ ਲੰਘਦਿਆਂ ਬੋਲਿਆ। ਦੱਸੋ ਜੀ ਕੀ ਵਿਚਾਰ ਕਰਨੀ ਹੈ ? ਮੈਂ ਕਿਹਾ ਵੀਰ ਜੀ ਇਹ ਜੋ ਗੁਰ ਪੁਰਬ ਮਨਾਇਆ ਹੈ, ਇਸ ਸੰਬੰਧੀ ਰੱਖੇ ਗਏ ਪਾਠ ਵਿੱਚ ਤੁਸੀਂ ਭੀ ਰੌਲਾਂ ਲਾਈਆਂ ਸਨ ? ਸਿੰਘ ਅੱਗੋਂ ਬੋਲਿਆ ਹਾਂ ਜੀ, ਲਾਈਆਂ ਸਨ। ਫਿਰ ਤੁਹਾਨੂੰ ਕਿੰਨੀ ਮਾਇਆ ਮਿਲੀ ? ਮਾਇਆ ਦਾ ਕੀ ਏ ਜੀ, ਕਿਸੇ ਪਾਠ ਦੀ ਪੰਜ ਸੌ, ਕਿਸੇ ਦੀ ਛੇ ਸੌ ਰੁਪਏ, ਰੌਲਾਂ (ਦੋ ਘੰਟੇ ਦੀ ਰੌਲ ਦੇ ਸੌ ਰੁਪਏ) ਮੁਤਾਬਿਕ ਹੀ ਮਾਇਆ ਮਿਲਦੀ ਹੈ। ਵੀਰ ਜੀਓ, ਇਹ ਅਖੰਡ ਪਾਠ, ਸਿੱਖ ਕੌਮ ਦੇ ਗੁਰੂ ਨਾਲ ਸੰਬੰਧਿਤ ਸੀ। ਕੀ ਉਹ ਗੁਰੂ ਤੁਹਾਡਾ ਗੁਰੂ ਨਹੀਂ, ਤੁਹਾਡਾ ਕੁੱਝ

ਨਹੀਂ ਲੱਗਦਾ ? ਉਹ ਵੀਰ ਜੀ ਥੋੜਾ ਥਥਲਾਉਂਦਿਆਂ ਬੋਲੇ, ਲੱਗਦਾ ਕਿਉਂ ਨਹੀਂ ਜੀ, ਸਾਡਾ ਭੀ ਗੁਰੂ ਹੀ ਹੈ। ਮੈਂ ਕਿਹਾ ਆਮ ਸਿੱਖ ਤਾਂ ਆਪਣੇ ਗੁਰੂ ਨਾਲ ਸੰਬੰਧਿਤ ਗੁਰ ਪੁਰਬ ਵੇਲੇ ਲੰਗਰ ਪ੍ਰਾਣੀ ਲਈ ਆਪਣੀ ਕਿਰਤ ਕਮਾਈ ਵਿੱਚੋਂ ਕੁੱਝ ਦਿੰਦੇ ਹਨ ਅਤੇ ਤੁਸੀਂ ਆਪਣੇ ਗੁਰੂ ਨਾਲ ਸੰਬੰਧਿਤ ਪਾਠ ਦੀ ਨਿਸ਼ਚਿਤ ਕੀਤੀ ਹੋਈ ਭੇਟਾ ਪੂਜਾ ਲੈਂਦੇ ਹੋ। ਤੁਹਾਨੂੰ ਇਹ ਕਦੀ ਮਹਿਸੂਸ ਨਹੀਂ ਹੁੰਦਾ ਕਿ ਇਹ ਠੀਕ ਨਹੀਂ ਹੈ। ਮਹਿਸੂਸ ਕਿਵੇਂ ਹੋਵੇ ਜੀ, ਸਾਡਾ ਤਾਂ ਇਹ ਕਿੱਤਾ ਹੈ। ਅਸੀਂ ਤਾਂ ਪਾਠ ਕਰਨ ਨੂੰ, ਇੱਕ ਕੰਮ (ਕਿੱਤਾ, ਨੌਕਰੀ ਜਾਂ ਮਜ਼ਦੂਰੀ) ਸਮਝ ਕੇ ਅਪਨਾਇਆ ਹੋਇਆ ਹੈ। ਸਾਡੇ ਕੋਲ ਸਮਾਂ ਹੀ ਕਿੱਥੇ ਹੈ ਕਿ ਅਸੀਂ ਇਸ ਵਾਰੇ ਸੋਚੀਏ। ਗੁਰ ਪੁਰਬ ਸਮੇਂ ਤਾਂ ਸਗੋਂ ਕੀਰਤਨ ਕਰਨ ਵਾਲੇ ਰਾਗੀਆਂ, ਢਾਡੀਆਂ ਦੀ ਭੇਟਾ ਕੀਮਤ ਹੋਰ ਭੀ ਵਧ ਜਾਂਦੀ ਹੈ, ਕਿਉਂਕਿ ਇੰਨਾਂ ਦਿਨਾਂ ਵਿੱਚ ਇਸ ਕਿੱਤਾ ਕਾਰੀਆਂ ਦੀ ਮੰਗ ਬਹੁਤ ਹੁੰਦੀ ਹੈ। ਸਾਡੇ ਤਾਂ ਇਹ ਕਮਾਈ ਦੇ ਦਿਨ ਹੁੰਦੇ ਹਨ। ਉਸ ਵੀਰ ਦੀ ਸੋਚ ਅਤੇ ਗੱਲਾਂ ਸੁਣ ਕੇ ਮੇਰੇ ਸਰੀਰ ਨੂੰ ਝੁਣਝੁਣੀ ਜਿਹੀ ਆ ਰਹੀ ਸੀ।

ਮੈਂ ਕਿਹਾ ਵੀਰ ਜੀਓ, ਜੇ ਕੋਈ ਪ੍ਰਾਣੀ ਆਪਣੇ ਕਿਸੇ ਭੀ ਮਨੋਰਥ ਲਈ ਪਾਠ ਕਰਾਉਂਦਾ ਹੈ, ਤਦ ਤੁਸੀਂ ਜੋ ਜੀਅ ਚਾਹੇ ਭੇਟਾ (ਕੀਮਤ) ਲਵੋ ਜਾਂ ਵਸੂਲ ਕਰੋ ਪਰ ਆਪਣੇ ਗੁਰੂ ਨਾਲ ਸੰਬੰਧਿਤ ਪਾਠ ਦੀ ਭੇਟਾ ਜਾਂ ਕੀਮਤ ਤਾਂ ਨਿਸ਼ਚਿਤ ਨਾ ਕਰੋ। ਗੁਰ ਪੁਰਬ ਸਮੇਂ ਤਾਂ ਤੁਹਾਨੂੰ ਗੁਰੂ ਸੇਵਾ ਦੇ ਤੌਰ ਹੀ ਪਾਠ ਕਰਨਾ ਬਣਦਾ ਹੈ। ਫਿਰ ਇਸ ਕਿੱਤਾ ਕਾਰੀਆਂ ਵਿੱਚ ਕਿੰਨੇ ਕੁ ਪਾਠੀ ਹੋਣਗੇ ਜੋ ਗੁਰਬਾਣੀ ਦੇ ਸਹੀ ਉਚਾਰਨ ਤੇ ਵਿਚਾਰਧਾਰਾ ਨੂੰ ਜਾਣਦੇ ਸਮਝਦੇ ਅਤੇ ਹੋਰਾਂ ਨੂੰ ਸਮਝਾਉਂਦੇ ਹੋਣਗੇ। ਜਿਸ ਕਿੱਤੇ ਵਿੱਚ ਪ੍ਰਾਣੀ ਦੀ ਨਿਪੁੰਨਤਾ (ਅਭਿਆਸ ਜਾਂ ਸਮਝਦਾਰੀ ਵਾਲੀ ਬੁੱਧੀ) ਨਾ ਹੋਵੇ, ਉਸ ਕਿੱਤੇ ਨੂੰ ਅਪਨਾਉਣਾ ਜਾਂ ਸਾਡਾ ਕਿੱਤਾ ਕਹਿਣਾ ਬਹੁਤੀ ਸਮਝਦਾਰੀ ਦੀ ਗੱਲ ਨਹੀਂ ਹੈ। ਪੰਜਾਬੀ ਪੜ੍ਹਨੀ ਸਿੱਖ ਲਈ ਅਤੇ ਅਪਨਾ ਲਿਆ ਪਾਠੀਆਂ ਵਾਲਾ ਕਿੱਤਾ। ਨਾਲੇ ਪੁੰਨ ਨਾਲੇ ਫਲੀਆਂ। ਰੋਜ਼ੀ, ਰੋਟੀ ਅਤੇ ਸਤਿਕਾਰ ਦੀ ਅਪਾਰ ਬਖ਼ਸ਼ਿਸ਼। ਉਹ ਰੌਲਾਂ ਲਾਉਣ ਵਾਲਾ ਸਿੰਘ ਖ਼ਾਮੋਸ਼ ਸੀ। ਸਿੱਖ ਕੌਮ ਵਲੋਂ ਅਗਿਆਨਤਾ ਤਹਿਤ ਕੀਤੀ ਜਾਂਦੀ, ਠੱਗ ਡੇਰੇਦਾਰਾਂ ਦੀ ਖ਼ੁਸ਼ਾਮਦੀ, ਸੁੱਖਣਾ ਦੇ ਕਰਵਾਏ ਜਾਂਦੇ ਪਾਠਾਂ ਅਤੇ ਕਿੱਤਾ ਕਾਰੀ (ਗੁਰਬਾਣੀ ਗਿਆਨ ਤੋਂ ਹੀਣੇ) ਪਾਠੀਆਂ ਦੀ ਭਰਮਾਰ ਨੇ ਹੀ, ਸਿੱਖ ਕੌਮ ਨੂੰ, ਕੌਮੀ ਨਿਘਾਰ ਦੇ ਅੰਤਲੇ ਪੜਾਉ ਉੱਤੇ ਪਹੁੰਚਾ ਦਿੱਤਾ ਹੈ। ਐ ਕੌਮ ਦੇ ਵਾਰਸੋ, ਜੇ ਹਾਲੀਂ ਭੀ ਗੁਰਬਾਣੀ ਵਿਚਾਰਧਾਰਾ ਵਾਰੇ ਜਾਗਰੂਕ, ਭੇਖੀ ਠੱਗਾਂ ਦੀ ਠੱਗਾਉਗੀ ਵਾਰੇ ਸਾਵਧਾਨ ਅਤੇ ਸਿੱਖ ਦੋਖੀ ਨੀਤੀ ਵਾਰੇ ਸੁਚੇਤ ਨਾ ਹੋਏ ਤਾਂ ਸੱਚ ਜਾਣਿਓਂ, ਗੁਰੂ ਵਲੋਂ ਬੇਮੁਖ ਤਾਂ ਕਹਿਲਾਉਗੇ ਹੀ, ਸਮਾਂ ਅਤੇ ਆਉਣ ਵਾਲੀ ਪੀੜ੍ਹੀ (New Generation) ਵਲੋਂ ਭੀ ਕਦੀ ਮਾਫ਼ ਨਹੀਂ ਕੀਤੇ ਜਾਓਗੇ।

ਗੁਰਮਤਿ ਨੂੰ ਲੱਗੀਆਂ ਜੋਕਾਂ

ਗੁਰਮਤਿ ਦੀ ਪੱਤ ਰੋਲ੍ਹੀ, ਅਨਪੜ੍ਹ ਬਿਪਰਨ ਵਾਦੀ ਲੋਕਾਂ।
ਅੱਜ ਪੰਥ ਖ਼ਾਲਸੇ ਨੂੰ, ਲੱਗੀਆਂ ਸੰਤ ਸਮਾਜੀ ਜੋਕਾਂ।

ਅਕਾਲ ਤਖ਼ਤ ਦੀ ਇਹ, ਮਰਯਾਦਾ ਦਾ ਖੰਡਨ ਕਰਦੇ।
ਮਨ ਆਈਆਂ ਨਿੱਤ ਕਰਦੇ, ਪਾਜੀ ਬਾਗੀ ਗੁਰਮਤਿ ਘਰ ਦੇ।
ਹੁਣ ਜਾਗ ਸੋਚ ਸਿੱਖਾ, ਪਾਈਏ ਕਿਵੇਂ ਇੰਨ੍ਹਾਂ ਨੂੰ ਰੋਕਾਂ।
ਅੱਜ ਪੰਥ ਖ਼ਾਲਸੇ ਨੂੰ, ਲੱਗੀਆਂ ਸੰਤ ਸਮਾਜੀ ਜੋਕਾਂ।

ਗੁਰੂ ਗ੍ਰੰਥ ਸਾਹਿਬ ਨੂੰ ਨਾ, ਗਰਮੀ ਸਰਦੀ ਤੇ ਭੁੱਖ ਲੱਗਦੀ।
ਨਿੱਤ ਭੋਗ ਲਗਾਉਂਦੇ ਜੋ, ਬਿਪ੍ਰੀ ਸੋਚ ਦੀ ਇਹ ਖ਼ੁਦਗਰਜ਼ੀ।
ਬੱਸ ਆਪਣੀ ਸ਼ੁਹਰਤ ਲਈ, ਵਿਉਂਤਣ ਕਪਟ ਮਕਾਰੀ ਸੋਚਾਂ।
ਅੱਜ ਪੰਥ ਖ਼ਾਲਸੇ ਨੂੰ, ਲੱਗੀਆਂ ਸੰਤ ਸਮਾਜੀ ਜੋਕਾਂ।

ਡੇਰੀਂ ਸ਼ਬਦ ਗੁਰੂ ਨੂੰ ਇਹ, ਲੰਗਰ ਪਾਣੀ ਦੇਗ ਛਕਾਉਂਦੇ।
ਕੁੰਭ ਕਪੜੇ ਨਾਰੀਅਲ ਦੀ, ਪੂਜਾ ਕਰਦੇ ਅਤੇ ਕਰਾਉਂਦੇ।
ਨਿੱਤ ਕਰਨ ਆਰਤੀ ਇਹ, ਫਿਰਦੀ ਥਾਲੀ ਜਗਦੀਆਂ ਜੋਤਾਂ।
ਅੱਜ ਪੰਥ ਖ਼ਾਲਸੇ ਨੂੰ, ਲੱਗੀਆਂ ਸੰਤ ਸਮਾਜੀ ਜੋਕਾਂ।

ਚੁੱਕ ਗ੍ਰੰਥ ਸਾਹਿਬ ਸਿਰ ਤੇ, ਸ਼ਾਮ ਸਵੇਰ ਕਈ ਸੈਰ ਕਰਾਉਂਦੇ।
ਕਈ ਵਿੱਚ ਝੂਲਣੇ ਦੇ, ਰੱਖਕੇ ਝੂਟੇ ਖ਼ੂਬ ਝੂਟਾਉਂਦੇ।
ਇਹ ਗੁਰ-ਉਪਦੇਸ਼ ਨਹੀਂ, ਕਿਵੇਂ ਤੇ ਕ੍ਹਿਨੂੰ ਕ੍ਹਿਨੂੰ ਟੋਕਾਂ।
ਅੱਜ ਪੰਥ ਖ਼ਾਲਸੇ ਨੂੰ, ਲੱਗੀਆਂ ਸੰਤ ਸਮਾਜੀ ਜੋਕਾਂ।

ਰੋਜ਼ੀ ਰੋਟੀ ਸ਼ੋਹਰਤ ਲਈ, ਪੜ੍ਹਨ ਪਾਖੰਡੀ ਬਾਬੇ ਬਾਣੀ।
ਇੰਨ੍ਹਾਂ ਆਦਿ ਮਸੰਦਾਂ ਨੇ, ਗੁਰਮਤਿ ਦੀ ਉਲਝਾਈ ਤਾਣੀ।
ਸਿੱਖ ਨੂੰ ਰਹੀ ਸੂਝ ਨਹੀਂ, ਬਾਣੀ ਪੜ੍ਹਾਂ ਸੁਣਾਂ ਤੇ ਘੋਖਾਂ।
ਅੱਜ ਪੰਥ ਖ਼ਾਲਸੇ ਨੂੰ, ਲੱਗੀਆਂ ਸੰਤ ਸਮਾਜੀ ਜੋਕਾਂ।

ਅੱਜ ਹਰ ਮਸੰਦ ਚਹੁੰਦਾ, ਮੇਰਾ ਈ ਡੇਰਾ ਹੋਵੇ ਸੁਹਣਾ।
ਕਿੰਝ ਠੱਗਣੀ ਮਾਇਆ ਤੇ, ਭੋਲੇ ਸਿੱਖਾਂ ਨੂੰ ਕਿੰਝ ਮੋਹਣਾ।
ਇਹ ਖ਼ੂਬ ਜਾਣਦੇ ਨੇ, ਐਪਰ ਲੱਗੀਆਂ ਸਿੱਖ ਦੀਆਂ ਝੋਕਾਂ।
ਅੱਜ ਪੰਥ ਖ਼ਾਲਸੇ ਨੂੰ, ਲੱਗੀਆਂ ਸੰਤ ਸਮਾਜੀ ਜੋਕਾਂ।

ਅੱਜ ਮਾਇਆ ਸਿੱਖਾਂ ਦੀ, ਲੁੱਟੀ ਜਾਣ ਫਰੇਬੀ ਡੇਰੇ।
ਪਾ ਬਾਣਾ ਹੰਸਾਂ ਦਾ, ਕਪਟੀ ਬਗਲੇ ਫਿਰਨ ਬਥੇਰੇ।
ਦੇਖਣ ਨੂੰ ਉਜਲੇ ਇਹ, ਮੈਲ਼ੀਂ ਭਰੀਆਂ ਅੰਦਰੀ ਸੋਚਾਂ।
ਅੱਜ ਪੰਥ ਖ਼ਾਲਸੇ ਨੂੰ, ਲੱਗੀਆਂ ਸੰਤ ਸਮਾਜੀ ਜੋਕਾਂ।

ਗੁਰਪੁਰਬ ਮਨਾਉਂਦੇ ਨਹੀਂ, ਬਰਸੀਆਂ ਹੋਣ ਸਾਧਾਂ ਦੀਆਂ ਡੇਰੀਂ।
ਵੱਧ ਤੋਂ ਵੱਧ ਪਾਠਾਂ ਦੀ, ਲੜੀ ਇਹ ਲੱਗੀ ਦੌੜ ਚੁਫੇਰੀਂ।
ਵਾਪਾਰ ਵਧਾਉਣੇ ਲਈ, ਬਣ ਰਹੇ ਹੱਟ ਸਾਧਾਂ ਦੇ ਕੋਟਾਂ।
ਅੱਜ ਪੰਥ ਖ਼ਾਲਸੇ ਨੂੰ, ਲੱਗੀਆਂ ਸੰਤ ਸਮਾਜੀ ਜੋਕਾਂ।

ਬੇਅੰਤ ਸਾਧ ਜਣੀਆਂ, ਡੇਰੀਂ ਕਰਨ ਕੰਜਕਾਂ ਸੇਵਾ।
ਜਦ ਕ੍ਰਿਪਾ ਸਾਧ ਕਰੇ, ਲੱਗਦਾ ਤੱਦ ਸੇਵਾ ਨੂੰ ਮੇਵਾ।
ਸਭ ਜਗਤ ਕਰਮ ਹੁੰਦੇ, ਐਪਰ ਵਿਆਹ ਬੰਧਨ ਤੋਂ ਛੋਟਾਂ।
ਅੱਜ ਪੰਥ ਖ਼ਾਲਸੇ ਨੂੰ, ਲੱਗੀਆਂ ਸੰਤ ਸਮਾਜੀ ਜੋਕਾਂ।

ਡਿਗਰੀ ਬ੍ਰਹਮ ਗਿਆਨੀ ਦੀ, ਯੂਨੀਵਰਸਟੀ ਕਿਸ ਤੋਂ ਲੈਂਦੇ।
ਲਾ ਮਹਾਂ-ਪੁਰਖ ਤਮਗ਼ਾਂ, ਰੁਤਵਾ ਇੱਕ ਸੌ ਅੱਠ ਲੈ ਬਹਿੰਦੇ।
ਚੱਲ ਬਿਪਰਨ ਰੀਤੀਂ ਇਹ, ਮਾਰਨ ਸਿੱਖ ਸਿਧਾਂਤ ਤੇ ਚੋਟਾਂ।
ਅੱਜ ਪੰਥ ਖ਼ਾਲਸੇ ਨੂੰ, ਲੱਗੀਆਂ ਸੰਤ ਸਮਾਜੀ ਜੋਕਾਂ।

ਸਿੱਖਿਆ ਗੁਰੂਬਾਣੀ ਦੀ, ਸੰਤ ਰਹੇ ਹਰਖ ਸੋਗ ਤੇ ਨਿਆਰਾ।
ਅੱਜ ਕਲਯੁਗੀ ਸੰਤਾਂ ਦਾ, ਸੱਚ ਸੁਣ ਚੜ੍ਹ ਜਾਂਦਾ ਝੱਟ ਪਾਰਾ।
ਉਹ ਸ਼ਬਦ ਸ਼ੁਹਰਤੀ ਨਾ ਲੱਭਣ ਜੋ ਇਨ੍ਹਾਂ ਤੇ ਥੋਪਾਂ।
ਅੱਜ ਪੰਥ ਖ਼ਾਲਸੇ ਨੂੰ, ਲੱਗੀਆਂ ਸੰਤ ਸਮਾਜੀ ਜੋਕਾਂ।

ਢਿੱਡ ਅਸਲੀ ਜੋਕਾਂ ਦਾ, ਨਾਲ ਮੁਸ਼ੱਕਤ ਦੇ ਹੈ ਭਰਦਾ।
ਇਨ੍ਹਾਂ ਮਾਣਸ ਜੋਕਾਂ ਨੂੰ ਬਹੁ ਲਾਣਾ ਖ਼ੂਨ ਦਾਨ ਖ਼ੁਦ ਕਰਦਾ।
ਨਹੀਂ ਬੰਦਸ਼ ਝੂਠ ਲਈ, ਸੱਚ ਲਈ ਗੁਰੂ ਘਰੀਂ ਸੌ ਰੋਕਾਂ।
ਅੱਜ ਪੰਥ ਖ਼ਾਲਸੇ ਨੂੰ, ਲੱਗੀਆਂ ਸੰਤ ਸਮਾਜੀ ਜੋਕਾਂ।

ਪਾਂਧੀ ਸਿੱਖ ਧਰਮ ਦਿਉ, ਸੱਚ ਰਾਹ ਛੱਡ ਕੁਰਾਹੇ ਪੈ ਗਏ।
ਭੇਖੀ ਸਾਧਾਂ ਸੰਤਾਂ ਦੇ, ਫਸ ਕੇ ਵਿੱਚ ਚੱਕਰਾਂ ਦੇ ਰਹਿ ਗਏ।
ਨਹੀਂ ਲੋੜ ਵਿਚੋਲੇ ਦੀ, ਕਿਸ਼ਨ ਅਕਾਲ ਪੁਰਖ ਦੀਆਂ ਓਟਾਂ।
ਅੱਜ ਪੰਥ ਖ਼ਾਲਸੇ ਨੂੰ, ਲੱਗੀਆਂ ਸੰਤ ਸਮਾਜੀ ਜੋਕਾਂ।

ਤੁਸੀਂ ਕਿਵੇਂ ਪਛਾਣ ਲਿਆਂ ?

ਨਵੰਬਰ 2008 ਵਿੱਚ, ਆਪਣੇ ਇੱਕ ਬਹੁਤ ਹੀ ਮਿਲਾਪੜੇ ਸੱਜਨ ਮਿੱਤਰ ਜੀ ਨੂੰ ਮਿਲਣ ਲਈ ਅੰਮ੍ਰਿਤਸਰ ਗਿਆ। ਮੇਰੇ ਇਹ ਮਿੱਤਰ ਸਿੱਖ ਧਰਮ ਅਤੇ ਗੁਰਬਾਣੀ ਦੇ ਅਨੂਠੇ ਸ਼ਰਧਾਵਾਨ ਅਤੇ ਸਿੱਖੀ ਵਿੱਚ ਪ੍ਰਚੱਲਤ (ਬਹੁਤਾਤ ਵਿੱਚ, ਗੁਰਬਾਣੀ ਵਿਚਾਰਧਾਰਾ ਵਿਰੋਧੀ) ਸਾਖੀਆਂ ਵਿੱਚ ਬਹੁਤ ਵਿਸ਼ਵਾਸ ਰੱਖਦੇ ਹਨ। ਉਨ੍ਹਾਂ ਨੇ ਮੈਨੂੰ ਆਪਣੇ ਪਿਆਰ ਵਾਲੇ ਅਤੇ ਨੇੜਲੇ ਕਈ ਦੋਸਤਾਂ ਮਿੱਤਰਾਂ ਨਾਲ ਮਿਲਾਇਆ। ਇੱਕ ਰਿਟਾਇਰਡ ਫ਼ੌਜੀ ਅਫ਼ਸਰ ਨਾਲ ਮਿਲਾਉਂਦਿਆਂ ਹੋਇਆਂ ਕਹਿਣ ਲੱਗੇ, ਇਹ ਵੀਰ ਜੀ ਬੜੇ ਭਾਗਾਂ ਵਾਲੇ ਹਨ। ਬੜਾ ਸਿਮਰਨ ਕਰਦੇ ਹਨ। ਇਨ੍ਹਾਂ ਉੱਤੇ ਗੁਰੂ ਜੀ ਦੀ ਅਪਾਰ ਕ੍ਰਿਪਾ ਹੈ। ਮੈਂ ਕਿਹਾ, ਬੜੇ ਚੰਗੇ ਭਾਗਾਂ ਵਾਲੇ ਹਨ ਜੋ ਗੁਰਬਾਣੀ (ਗੁਰ-ਉਪਦੇਸ਼) ਨਾਲ ਜੁੜਦੇ ਹਨ। ਮੇਰੇ ਮਿੱਤਰ ਜੀ, ਮੈਨੂੰ ਸੰਬੋਧਨ ਹੋ ਕੇ ਕਹਿਣ ਲੱਗੇ, ਇਨ੍ਹਾਂ (ਫ਼ੌਜੀ ਵੀਰ ਜੀ) ਨੂੰ, ਗੁਰੂ ਨਾਨਕ ਜੀ ਦੇ ਸਾਖਸ਼ਾਤ ਦਰਸ਼ਨ ਹੋ ਚੁੱਕੇ ਹਨ। ਮੈਂ ਸੁਣ ਕੇ ਵੀ ਅਨਸੁਣਿਆਂ ਕਰ ਦਿੱਤਾ ਅਤੇ ਕੁੱਝ ਦੇਰ ਲਈ ਚੁੱਪ ਹੀ ਵੱਟੀ ਰੱਖੀ। ਫਿਰ ਕੁੱਝ ਦੇਰ, ਮੇਰੇ ਵਲੋਂ ਲਿਖੀ ਕਿਤਾਬ (ਸਿੱਖੀ ਸਿਧਾਂਤ ਸਮੀਖਿਆ) ਵਾਰੇ ਅਤੇ ਹੋਰ ਕਈ ਗੁਰਮਤਿ ਵਿਚਾਰਾਂ ਹੁੰਦੀਆਂ ਰਹੀਆਂ। ਮੇਰੇ ਮਿੱਤਰ ਜੀ ਨੇ ਸਮਝਿਆ ਕਿ ਸ਼ਾਇਦ ਮੈਂ ਉਨ੍ਹਾਂ ਵਲੋਂ ਕਹੀ ਗੱਲ ਨੂੰ ਚੰਗੀ ਤਰ੍ਹਾਂ ਸੁਣਿਆਂ ਜਾਂ ਸਮਝਿਆ ਨਹੀਂ ਹੈ। ਤਦ ਹੀ ਕੁੱਝ ਦੇਰ ਬਾਅਦ ਫਿਰ ਕਹਿਣ ਲੱਗੇ, ਵੀਰ ਜੀ, ਇਹ ਫ਼ੌਜੀ ਵੀਰ ਜੀ ਤਾਂ ਬੜੇ ਭਾਗਾਂ ਵਾਲੇ ਹਨ, ਜਿਨ੍ਹਾਂ ਦਾ ਗੁਰੂ ਨਾਨਕ ਜੀ ਨਾਲ ਮਿਲਾਪ ਹੋਇਆ ਹੈ। ਇਹ ਗੁਰੂ ਨਾਨਕ ਜੀ ਦੇ ਸਾਖਸ਼ਾਤ ਦਰਸ਼ਨ ਕਰ ਚੁੱਕੇ ਹਨ। ਦੂਸਰੀ ਵੇਰ ਦਰਸ਼ਨ ਜਾਂ ਮਿਲਾਪ ਦੀ ਗੱਲ ਸੁਣ ਕੇ, ਮੈਂ ਉਸ ਫ਼ੌਜੀ ਵੀਰ ਜੀ ਨੂੰ ਮੁਖ਼ਾਤਵ ਹੋ ਕੇ ਪੁੱਛਿਆ, ਵੀਰ ਜੀਓ, ਗੁਰੂ ਨਾਨਕ ਜੀ ਨੂੰ ਤੁਸੀਂ ਕਿਵੇਂ ਪਛਾਣ ਲਿਆ ? ਕਿ ਇਹ ਗੁਰੂ ਨਾਨਕ ਜੀ ਹੀ ਹਨ। ਕੀ ਤੁਸੀਂ ਉਨ੍ਹਾਂ ਨੂੰ ਪਹਿਲਾਂ ਕਦੀ ਜਾਂ ਕਿਤੇ ਮਿਲ ਚੁੱਕੇ ਸੀ ? ਫ਼ੌਜੀ ਸਿੰਘ ਅਤੇ ਮੇਰਾ ਦੋਸਤ ਹੈਰਾਨਗੀ ਵਾਲੀ ਤੱਕਣੀ ਨਾਲ ਮੇਰੇ ਚਿਹਰੇ ਵਲ ਦੇਖ ਰਹੇ ਸਨ। ਮੈਂ ਕਿਹਾ ਵੀਰ ਜੀਓ, ਪਛਾਣ ਅਸੀਂ ਉਸੇ ਨੂੰ ਹੀ ਸਕਦੇ ਹਾਂ ਜਿਸ ਨੂੰ ਪਹਿਲਾਂ ਜਾਣਦੇ ਹੋਈਏ, ਕਦੀ ਦੇਖਿਆ ਹੋਵੇ, ਜਾਂ ਪਹਿਲਾਂ ਕਦੀ ਮਿਲੇ ਹੋਈਏ। ਇਹ ਜੋ ਗੁਰੂ ਨਾਨਕ ਜੀ ਜਾਂ ਹੋਰ ਸਿੱਖ ਸਤਿਗੁਰਾਂ ਦੀਆਂ ਤਸਵੀਰਾਂ ਅਸੀਂ ਦੇਖਦੇ ਹਾਂ, ਇਹ ਤਾਂ ਸਭ ਫ਼ਰਜ਼ੀ (ਨਕਲੀ, ਮਨੋਕਲਪਿਤ) ਹਨ। ਕਿਉਂਕਿ ਸਿੱਖ ਸਤਿਗੁਰਾਂ ਨੇ ਆਪਣੇ ਸਮੇਂ ਵਿੱਚ ਆਪਣੀ ਕੋਈ ਤਸਵੀਰ ਬਣਨ ਹੀ ਨਹੀਂ ਸੀ ਦਿੱਤੀ। ਗੁਰੂ ਨਾਨਕ ਜੀ ਦੇ ਸਮੇਂ ਤੋਂ ਲੈ ਕੇ, ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਕਾਲ ਤੱਕ, ਅਤੇ ਬਹੁਤ ਸਾਲ ਬਾਅਦ ਵੀ, ਸਿੱਖ ਸਤਿਗੁਰਾਂ ਦੀ ਕੋਈ ਤਸਵੀਰ ਨਹੀਂ ਸੀ ਬਣਾਈ ਗਈ। ਇਹ ਨਕਲੀ ਤਸਵੀਰਾਂ,

ਸਿੱਖ ਧਰਮ ਦੀ ਵਿਚਾਰਧਾਰਾ ਤੋਂ ਸੱਖਣਿਆਂ ਜਾਂ ਸਿੱਖ ਧਰਮ ਦੇ ਵਿਰੋਧੀਆਂ ਵਲੋਂ, ਅੰਗਰੇਜ਼ੀ ਰਾਜ ਦੌਰਾਨ ਬਣੀਆਂ, ਬਣਾਈਆਂ ਜਾਂ ਬਣਵਾਈਆਂ ਗਈਆਂ ਹਨ। ਵਡਿਆਈ ਅਤੇ ਦੌਲਤ ਦੇ ਪੂਜਾਰੀਆਂ ਨੇ ਭੀ ਇਹ ਨਕਲੀ ਤਸਵੀਰਾਂ ਬਨਾਉਣ ਵਿੱਚ ਆਪਣੀ ਅਗਿਆਨਤਾ ਦਾ ਪੂਰਾ ਇਜ਼ਹਾਰ ਕੀਤਾ ਹੈ। ਜੇ ਅਸੀਂ ਕਿਸੇ ਸਰੀਰ ਨੂੰ, ਕਦੀ ਮਿਲੇ ਜਾਂ ਦੇਖਿਆ ਨਾ ਹੋਵੇ, ਫਿਰ ਉਸ ਸਰੀਰ ਦੀ ਤਸਵੀਰ ਕਿਵੇਂ ਬਣਾਈ ਜਾ ਸਕਦੀ ਹੈ ? ਜੋ ਚਿਹਰਾ ਅਸੀ ਪਹਿਲਾਂ ਕਦੀ ਦੇਖਿਆ ਹੀ ਨਹੀਂ, ਉਸ ਚਿਹਰੇ ਨੂੰ ਪਛਾਣ ਕਿਵੇਂ ਸਕਦੇ ਹਾਂ ? ਜੇ ਤੁਸੀ ਗੁਰੂ ਨਾਨਕ ਜੀ ਦਾ ਔਹ ਤਸਵੀਰਾਂ ਵਾਲਾ ਚਿਹਰਾ ਦੇਖਿਆ ਹੈ, ਇਹ ਤਸਵੀਰਾਂ ਤਾਂ ਸਭ ਨਕਲੀ, ਸਿਰਫ਼ ਕਲਪਿਤ ਹਨ। ਫਿਰ ਅਸਲ ਦੀ ਪਛਾਣ ਤੁਸੀ ਕਿਵੇਂ ਕਰ ਸਕਦੇ ਹੋ ? ਸ਼ਬਦ ਗੁਰੂ ਦੇ ਸਿਧਾਂਤ ਨੂੰ ਭੁੱਲ ਕੇ ਅਸੀਂ ਸਰੀਰਕ ਦਰਸ਼ਨਾਂ ਦੀ ਅਭੀਲਾਸ਼ਾ ਕਿਉਂ ਰੱਖਦੇ ਹਾਂ ? ਗੁਰਮਤਿ ਵਿਚਾਰਧਾਰਾ ਤਾਂ ਸਰੀਰ ਨੂੰ ਗੁਰੂ ਪ੍ਰਵਾਨਦੀ ਹੀ ਨਹੀਂ। ਫਿਰ ਸਰੀਰਕ ਦਰਸ਼ਨ ਹੋ ਚੁੱਕੇ ਹਨ ਵਿੱਚ, ਮਾਣ ਵਾਲੀ ਕਿਹੜੀ ਗੱਲ ਹੈ ? ਉਹ ਫ਼ੌਜੀ ਵੀਰ ਅਤੇ ਮੇਰਾ ਮਿੱਤਰ ਮੇਰੀਆਂ ਗੱਲਾਂ ਤਾਂ ਸੁਣਦੇ ਰਹੇ ਪਰ ਗੁਰਮਤਿ ਅਨੁਸਾਰੀ ਜਾਂ ਅਨੂਠੀ ਸ਼ਰਧਾ ਅਨੁਸਾਰੀ ਕੋਈ ਬਣਦਾ ਉੱਤਰ ਨਾ ਦੇ ਸਕੇ।

ਜ਼ੁਅਰਤ (ਜੁਰਤ)

ਸਾਡੇ ਪਿੰਡ (ਜਗਤ ਪੁਰ ਜੱਟਾਂ) ਦੇ ਬਾਹਰਵਾਰ ਇੱਕ ਬੇਰੀ ਦੇ ਹੇਠ, ਕਈ ਸਾਲ ਪਹਿਲਾਂ ਮਰ ਚੁੱਕੇ ਕਿਸੇ ਪ੍ਰਾਣੀ ਦੀ ਯਾਦ ਵਿੱਚ, ਕੁੱਝ ਇੱਟਾਂ ਲਾ ਕੇ ਇੱਕ ਛੋਟੀ ਜਿਹੀ ਮਟੀ ਬਣਾਈ ਹੋਈ ਸੀ। ਕੋਲ ਹੀ ਕਿਸੇ ਦਰੱਖਤ ਦੇ ਮੁੱਢ ਨੂੰ ਚਟਮ ਕਰ ਕੇ ਸਿਉਂਕ (ਚਿੱਟੇ ਰੰਗ ਦੇ ਕੀੜਿਆਂ) ਦੀ ਬਣਾਈ ਇੱਕ ਬਰਮੀ ਸੀ। ਲੋਕ ਬਰਮੀ ਦੀਆਂ ਛੁੱਡਾਂ ਵਿੱਚ ਦੁੱਧ ਪਾਉਂਦੇ ਅਤੇ ਮਟੀ ਅੱਗੇ ਕਈ ਕਿਸਮ (ਪਤਾਸੇ, ਫੁੱਲੀਆਂ, ਲੱਡੂ ਆਦਿ) ਦਾ ਪ੍ਰਸ਼ਾਦ ਚੜ੍ਹਾਉਂਦੇ ਹਨ। ਕਾਂ, ਕੁੱਤੇ ਆਉਂਦੇ ਤੇ ਉਸ ਰੱਖੇ ਪ੍ਰਸ਼ਾਦ ਨੂੰ ਖਾ ਖਿਲਾਰ ਜਾਂਦੇ। ਐਸੀ ਅਗਿਆਨਤਾ ਵਿੱਚ, ਜੀਵਨ ਜੀਉ ਰਹੇ ਪ੍ਰਾਣੀਆਂ ਲਈ, ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਨ ਭਰਪੂਰ ਬਚਨ ਹਨ:

> **ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ ॥**
> **ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ ॥੩੩੨/੧੧॥**

ਇੱਕ ਦਿਨ ਦੇਖਿਆ ਇਸ ਬਰਮੀ ਉੱਤੇ ਇੱਕ ਸੱਪ ਦੀ ਤਸਵੀਰ ਸ਼ੀਸ਼ੇ ਵਿੱਚ ਜੜਵਾ ਕੇ ਰੱਖੀ ਹੋਈ ਹੈ। ਪਤਾ ਲੱਗਾ ਕਿ ਆਪਣਾ ਰੁਜ਼ਗਾਰ ਚਲਾਉਣ ਦੇ ਚੱਕਰ ਵਿੱਚ, ਇੱਕ ਪ੍ਰਾਣੀ ਇਸ ਥ੍ਹਾਂ ਨੂੰ ਇੱਛਿਆਧਾਰੀ ਦੀ ਜਗ੍ਹਾ ਕਹਿ ਕੇ ਲੋਕਾਂ ਨੂੰ ਭਰਮਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਜਿਸ ਨੇ, ਉਹ ਦਸ ਬਾਰਾਂ ਇੱਟਾਂ ਦੀ ਬਣੀ ਛੋਟੀ ਜਿਹੀ ਮਟੀ ਨੂੰ ਢਾਹ ਕੇ, ਕੁੱਝ ਵੱਡੀ ਮਟੀ ਬਣਾ ਦਿੱਤੀ ਹੈ। ਦੇਖਾ ਦੇਖੀ (ਭੇਡਚਾਲ ਵਾਲੀ ਕਹਾਵਤ ਅਨੁਸਾਰ) ਕਈ ਹੋਰ ਲੋਕਾਂ ਨੇ ਭੀ ਫੁੱਲੀਆਂ ਪਤਾਸੇ ਚੜ੍ਹਾ ਕੇ ਮੱਥਾ ਟੇਕਣਾ ਸ਼ੁਰੂ ਕਰ ਦਿੱਤਾ। ਗੁਰੂਬਾਣੀ ਦੇ ਬਚਨ ਹਨ: **ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ ॥ ਜਿਨ ਗੁਰਮੁਖਿ ਹਿਰਦਾ ਸੁਧੁ ਹੈ ਸੇਵ ਪਈ ਤਿਨ ਥਾਇ ॥੨੮/੩॥** ਪ੍ਰਭੂ ਭਗਤਾਂ ਦੇ ਇਸ ਦੇਸ਼ ਭਾਰਤ ਵਿੱਚ, ਅਗਿਆਨਤਾ ਅਤੇ ਕਲਪਿਤ ਕਥਾਵਾਂ ਦੀ ਕੋਈ ਘਾਟ ਨਹੀਂ ਹੈ। ਇਨ੍ਹਾਂ ਮੁਰਦਾ-ਸਥਾਨਾ [ਸੰਸਾਰ ਤੋਂ ਬਿਨਸ ਚੁੱਕੀ ਆਤਮਾ ਵਾਲੇ, ਅਗਨ ਭੇਟ ਕੀਤੇ (ਸਿੱਖ, ਹਿੰਦੂ ਰਹੁ-ਰੀਤ ਅਨੁਸਾਰ) ਅਤੇ ਧਰਤੀ ਵਿੱਚ ਦੱਬੇ (ਮੁਸਲਿਮ ਰਹੁ-ਰੀਤ ਅਨੁਸਾਰੀ) ਸਰੀਰਾਂ ਦੀ ਯਾਦ ਵਿੱਚ ਬਣਾਈਆਂ ਮਟੀਆਂ ਅਤੇ ਕਬਰਾਂ] ਉੱਤੇ ਆਉਣ ਅਤੇ ਇਨ੍ਹਾਂ ਨੂੰ ਮੰਨਣ ਵਾਲੇ ਲੋਕ, ਬਹੁਤਾਤ ਵਿੱਚ ਸਿੱਖ ਧਰਮ ਨਾਲ ਹੀ ਸੰਬੰਧਿਤ ਹੁੰਦੇ ਹਨ। ਜਿਨ੍ਹਾਂ ਦੇ ਗਲ ਵਿੱਚ ਜੇਵਰੀ, ਪਟਾ (ਗਾਤਰੇ ਕਿਰਪਾਨ) ਤਾਂ ਸ਼ਬਦ ਗੁਰੂ ਦਾ ਪਾਇਆ ਹੁੰਦਾ ਹੈ ਪਰ ਪੂਜਾ ਸਰੀਰ ਜਾਂ ਦੇਹ (ਉਹ ਭੀ ਮਰੇ ਹੋਏ) ਦੀ ਕਰਦੇ ਹਨ। ਦਿਖਾਵੇ ਵਾਲਾ ਸਰੀਰ ਸ਼ਬਦ ਗੁਰੂ ਦਾ ਸਿੱਖ ਦਿਸਦਾ ਹੈ, ਅਤੇ ਮਨ ਵਿੱਚ ਵਾਸਾ ਅਤੇ ਡਰ, ਭੂਤਾਂ ਪਰੇਤਾਂ ਦਾ ਹੈ। ਇਹ ਕਿਹੋ ਜਿਹੀ ਸਿੱਖੀ ਹੈ ? ਮੁੱਖ ਹੋਰ ਤੇ ਮਨ ਹੋਰ। ਗੁਰੂਬਾਣੀ ਦਾ ਉਪਦੇਸ਼

ਹੈ। **ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ** ॥੪੮੮/੮॥ ਅਗਿਆਨੀ ਪੁਜਾਰੀਆਂ ਦੀ ਅਗਵਾਈ ਅਤੇ ਵਿਦੇਸ਼ੀ ਦੌਲਤ ਨਾਲ, ਕੁੱਝ ਸਾਲਾਂ ਵਿੱਚ ਹੀ, ਅਜੇਹੀਆਂ ਥਾਵਾਂ ਵੱਡ-ਆਕਾਰੀ ਇਮਾਰਤਾਂ ਬਣ ਖਲੋਂਦੀਆਂ ਹਨ। ਇਹੋ ਜਿਹਾ ਵਰਤਾਰਾ ਭਾਰਤ ਵਿੱਚ ਆਮ ਅਤੇ ਪੰਜਾਬ ਵਿੱਚ ਖ਼ਾਸ ਕਰ ਕੇ ਵਰਤਦਾ ਦੇਖਿਆ ਜਾ ਸਕਦਾ ਹੈ। ਇੱਕ ਦਿਨ ਉਸ ਰਾਹੇ ਲੰਘਦਿਆਂ ਦੇਖਿਆ, ਕਿਸੇ ਸ਼ਰਧਾਵਾਨ ਨੇ ਉਸ ਮਟੀ ਅੱਗੇ ਆਪਣੀ ਵਲੋਂ ਪ੍ਰਸ਼ਾਦ ਚੜ੍ਹਾ ਕੇ, ਮੱਥਾ ਟੇਕਿਆ, ਨੱਕ ਨਾਲ ਮਟੀ ਅੱਗੇ ਕੁੱਝ ਲਕੀਰਾਂ ਕੱਢੀਆਂ ਤੇ ਚਲਾ ਗਿਆ। ਫੁੱਲੀਆਂ ਅਤੇ ਪਤਾਸਿਆਂ ਦਾ ਸ਼ੁਕੀਨ, ਇੱਕ ਕੁੱਤਾ ਆਇਆ ਜਿਸ ਨੇ ਉਹ ਅਗਿਆਨੀਆਂ ਦਾ ਪ੍ਰਸ਼ਾਦ, ਫੁੱਲੀਆਂ ਅਤੇ ਪਤਾਸੇ ਬੜੇ ਮਜ਼ੇ ਨਾਲ ਖਾਧੇ, ਫਿਰ ਮਟੀ ਦੇ ਕੋਲ ਗਿਆ, ਆਪਣੀ ਇੱਕ ਲੱਤ ਚੁੱਕੀ ਤੇ ਮਟੀ ਦੇ ਉੱਤੇ ਪਿਸ਼ਾਬ ਦੀ ਧਾਰ ਮਾਰ ਕੇ ਚਲਾ ਗਿਆ। ਇਹ ਦੇਖ ਕੇ ਮੈਂ ਸੋਚਾਂ ਵਿੱਚ ਪੈ ਗਿਆ ਕਿ ਅਗਿਆਨੀ ਮਨੁੱਖ ਇਨ੍ਹਾਂ ਮੁਰਦਿਆਂ ਦੀ ਯਾਦ ਵਿੱਚ ਬਣਾਈਆਂ ਮਟੀਆਂ ਅਤੇ ਕਬਰਾਂ ਵਿੱਚ ਅਥਾਹ ਸ਼ਰਧਾ ਰੱਖਦਾ, ਡਰਦਾ ਅਤੇ ਪੂਜਾ ਕਰਦਾ ਹੈ, ਪਰ ਇੱਕ ਜਾਨਵਰ (ਕੁੱਤਾ) ਨਿਧੜਕ ਹੋ ਕੇ ਉਸ ਮਟੀ ਜਾਂ ਕਬਰ ਉੱਤੇ ਮੂਤ ਦੀ ਧਾਰ ਮਾਰਦਾ ਹੈ। ਮੈਨੂੰ ਇੰਝ ਮਹਿਸੂਸ ਹੋ ਰਿਹਾ ਸੀ, ਜਿਵੇਂ ਉਹ ਕੁੱਤਾ ਇੱਛਿਆਧਾਰੀ ਬਾਬੇ ਨੂੰ ਕਹਿ ਰਿਹਾ ਹੋਵੇ, ਮੈਂ ਤੇਰੇ ਸਿਰ ਉੱਤੇ ਪਿਸ਼ਾਬ ਕਰ ਰਿਹਾ ਹਾਂ, ਜੇ ਤੇਰੇ ਵਿੱਚ ਹਿੰਮਤ ਹੈ ਤਾਂ ਮੈਨੂੰ ਰੋਕ, ਜਾਂ ਕੁੱਝ ਕਰ ਕੇ ਦਿਖਾ। ਇਹ ਵਰਤਾਰਾ ਦੇਖ ਕੇ ਆਪ ਮੁਹਾਰੇ ਮੈਨੂੰ ਹਾਸਾ ਆ ਗਿਆ ਅਤੇ ਮੇਰੇ ਮੂੰਹ ਤੋਂ ਸੁਭਾਵਿਕ ਹੀ ਨਿਕਲ ਗਿਆ, ਵਾਹ ਜਾਨਵਰਾ ਵਾਹ, ਤੈਂ ਤਾਂ ਅਗਿਆਨੀ ਮਨੁੱਖਤਾ ਨਾਲੋਂ ਕਿਤੇ ਵਧ ਗਿਆਨ ਅਤੇ ਨਿਡਰਤਾ ਵਾਲੀ ਜ਼ੁਅਰਤ ਦਿਖਾਈ ਹੈ। ਇਸ ਸੰਸਾਰ ਉੱਤੇ ਮਨੁੱਖ ਦੀ ਸਰਦਾਰੀ ਹੈ। ਇਸ ਨੇ ਹਰ ਛੋਟੇ ਅਤੇ ਵਡ-ਆਕਾਰੀ ਜੀਵ ਨੂੰ ਤਾਂ ਆਪਣੇ ਵੱਸ ਵਿੱਚ ਕਰ ਲਿਆ ਹੈ, ਪਰ ਮੁਰਦਿਆਂ ਦੀਆਂ ਰੂਹਾਂ ਜਾਂ ਯਾਦਾ ਤੋਂ ਡਰਦਾ ਉਨ੍ਹਾਂ ਦੀ ਗ਼ੁਲਾਮੀ ਕਬੂਲਣ ਵਿੱਚ ਹੀ ਮਾਣ ਮਹਿਸੂਸ ਕਰਦਾ ਹੈ। ਕੁੱਤੇ ਦੀ ਜੁਰਤ, ਹਿੰਮਤ ਦੇਖ ਕੇ ਵੀ, ਇਨ੍ਹਾਂ ਅਗਿਆਨੀਆਂ ਦੀ ਗ਼ੈਰਤ ਕਿਉਂ ਨਹੀਂ ਜਾਗਦੀ ? ਹੁਣ ਬਹੁ ਗਿਣਤੀ ਵਿੱਚ ਮੜ੍ਹੀ ਮਨੌਤ ਕਰਨ ਵਾਲੇ, ਖ਼ੁਦਦਾਰ ਕੁੱਤਿਆਂ ਦੀ ਮਸਕਰੀ (ਲੱਤ ਚੁੱਕ ਕੇ ਧਾਰ ਮਾਰਨ ਵਾਲੀ) ਤੋਂ, ਆਪਣੀਆਂ ਮਨੌਤੀ ਯਾਦਗਾਰਾਂ ਨੂੰ ਬਚਾਉਣ ਲਈ ਇਨ੍ਹਾਂ ਦੇ ਚੁਫੇਰੇ ਦੀਵਾਰ ਜਾਂ ਜੰਗਲਾ (ਸੀਖਾਂ ਦੀ ਵਾੜ) ਬਣਾ ਕੇ ਇਨ੍ਹਾਂ ਦੀ ਇੱਜ਼ਤ ਦੀ ਰਾਖੀ ਕਰਦੇ ਹਨ।

ਗੁਰਮਤਿ ਨੁਸਖ਼ੇ

(ਸਿਮਰਨਾ, ਗੁਰਮਤਿ ਜਾਂ ਸ਼ਿੰਗਾਰ)

ਸੱਚੀ ਗੱਲ ਤਾਂ ਇਹ ਹੈ, ਕਿ ਅਸੀਂ (ਸਿੱਖ ਕੌਮ ਨੇ) ਸਿੱਖ ਧਰਮ ਦੇ, ਬੁਨਿਆਦੀ ਤੱਤ (ਮੂਲ ਵਿਚਾਰਧਾਰਾ) ਨੂੰ, ਸਮਝਣ ਦੀ, ਕੋਸ਼ਿਸ਼ ਹੀ ਨਹੀਂ ਕੀਤੀ। ਬੱਸ ਦਿਖਾਵੇ ਦੇ ਸ਼ਿੰਗਾਰ ਵਲ ਇੰਨ੍ਹੇ ਤੇਜ਼ ਕਦਮੀਂ ਚੱਲੇ ਕਿ ਰੁਕਣਾ ਮੁਸ਼ਕਿਲ ਹੋ ਗਿਆ। ਸਿਰਫ਼ ਬਾਹਰੀ ਪਹਿਰਾਵੇ (ਦਿਖਾਵੇ) ਵਿੱਚ ਮਗਰੂਰ ਅਤੇ ਗੁਰਮਤਿ ਗਿਆਨ ਤੋਂ ਅਨਜਾਣ ਸੋਚ ਨੂੰ ਕੀ ਕਹਾਂਗੇ ? ਸਿੱਖੀ ਵਿੱਚ ਪ੍ਰਵੇਸ਼ (ਦਾਖ਼ਲਾ ਲਏ, ਖੰਡੇ ਬਾਟੇ ਦੀ ਪਾਹੁਲ ਲਏ), ਇੱਕ ਵੀਰ ਨਾਲ ਮਿਲਾਪ ਹੋਇਆ। ਦੋਵੀਂ ਹੱਥੀਂ ਸਰਬ-ਲੋਹ ਦੇ ਕੜੇ ਅਤੇ ਨਾਲ ਹੀ ਇੱਕ ਲੋਹੇ ਦੇ ਮਣਕਿਆਂ ਵਾਲਾ ਕੜਾ ਪਾਇਆ ਅਤੇ ਹੱਥ ਵਿੱਚ ਇੱਕ ਮਾਲਾ ਫੜੀ ਹੋਈ ਸੀ। ਕਮੀਜ਼ ਦੇ ਉੱਪਰੋਂ ਦੀ ਸਜਾਵਟ ਵਾਲੇ ਗਾਤਰੇ ਵਿੱਚ ਸੁਹਣੀ ਦਿੱਖ ਵਾਲੀ ਕਿਰਪਾਨ ਪਹਿਨੀ ਹੋਈ ਸੀ ਅਤੇ ਕਮੀਜ਼ ਦੇ ਹੇਠ ਭੀ, ਲੰਬਾ ਗਾਤਰਾ ਹੋਣ ਕਾਰਨ ਇੱਕ ਹੋਰ ਕਿਰਪਾਨ ਨਜ਼ਰ ਆ ਰਹੀ ਸੀ। ਮੈਂ ਸੁਤੇ ਸਿੱਧ ਹੀ, ਲੋਹੇ ਦੇ ਮਣਕਿਆਂ ਵਾਲੇ ਕੜੇ ਵਾਰੇ ਪੁੱਛ ਲਿਆ। ਸਿੰਘ ਜੀਓ ਐਹ ਕੀ ਹੈ ? ਉਹ ਕਹਿਣ ਲੱਗਾ, ਇਹ ਸਿਮਰਨਾ ਹੈ। ਹੱਥ ਫੜੀ ਮਾਲਾ ਵਾਰੇ ਪੁੱਛਿਆ ਤਾਂ ਉਸ ਨੂੰ ਸਿਮਰਨੀ ਦੱਸਿਆ। ਮੈਂ ਕਿਹਾ ਵੀਰ ਜੀ, ਇਨ੍ਹਾਂ ਸਿਮਰਨੇ ਜਾਂ ਸਿਮਰਨੀ ਦੀ ਬਖ਼ਸ਼ਿਸ਼, ਪੰਜ ਸਿੰਘਾਂ (ਅੰਮ੍ਰਿਤ ਛੱਕਣ ਵੇਲੇ) ਤੋਂ ਹੀ ਹੋਈ ਸੀ ? ਉਸਦਾ ਉਤੱਰ ਨਾਂਹ ਵਿੱਚ ਸੀ। ਆਪ ਜੀ ਨੇ ਕਿਰਪਾਨਾਂ ਵੀ ਦੋ ਇੱਕ ਕਮੀਜ਼ ਦੇ ਹੇਠ ਅਤੇ ਇੱਕ ਉੱਪਰ ਪਹਿਨ ਰੱਖੀਆਂ ਹਨ, ਇਸ ਦੀ ਵਜ੍ਹਾ ? ਐਹ ਉਤਲੀ ਤਾਂ ਕਿਤੇ ਆਉਣ ਜਾਣ ਵੇਲੇ ਈ ਪਹਿਨਦੇ ਹਾਂ ਅਤੇ ਹੇਠ ਵਾਲੀ ਸਦਾ ਪਹਿਨੀ ਰਹਿੰਦੀ ਹੈ। ਤੁਸੀਂ (ਉਹ ਵੀਰ ਮੈਨੂੰ ਸੰਬੋਧਨ ਹੋ ਕਹਿਣ ਲੱਗੇ) ਇਸ ਨੂੰ ਸਤਿਕਾਰ ਸਹਿਤ ਸਿਰੀ ਸੈਹਬ ਆਖੋ ਜੀ, ਕਿਰਪਾਨ ਨਾ ਕਹੋ। ਮੇਰੀ ਮਿੱਠੀ ਮੁਸਕਰਾਹਟ ਤੱਕ ਕੇ ਉਹ ਕਹਿਣ ਲੱਗਾ ਕੀ ਗੱਲ ਹੈ ? ਮੈਂ ਕਿਹਾ ਵੀਰ ਜੀ ਗੁਰੂ ਜੀ ਤਾਂ ਫ਼ੁਰਮਾਉਂਦੇ ਹਨ (**ਸਾਹਿਬ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ** ॥੩੫੦/੫॥) ਜੇ ਕਰ ਤੁਹਾਡੀ ਗੱਲ ਮੰਨ ਕੇ ਇਸ ਨੂੰ ਸਿਰੀ ਸਾਹਿਬ ਕਹੀਏ ਫਿਰ ਇਹ ਕਕਾਰਾਂ ਵਿੱਚ ਕਿਵੇਂ ਆਵੇਗੀ। ਕੱਕਾ, ਕਿਰਪਾਨ ਹੀ ਹੋ ਸਕਦੀ ਹੈ, ਕੱਕਾ ਸਿਰੀ ਸਾਹਿਬ ਨਹੀਂ। ਸਿੱਖ ਧਰਮ, ਗਿਆਨ ਵਿਹੂਣਾ ਕਰਮਕਾਂਡੀ ਦਿਖਾਵਾ ਨਹੀਂ, ਇੱਕ ਗਿਆਨ ਪਰਬੀਨ ਵਿਚਾਰਧਾਰਾ ਹੈ। ਉੱਚੇ ਅਤੇ ਸੁੱਚੇ ਆਚਰਣ, ਪ੍ਰਭੂ ਦੇ ਭਾਣੇ ਅਤੇ ਸੱਚਾਈ ਵਿੱਚ ਜਿਊਣ ਵਾਲੀ ਇੱਕ ਨਿਯਮਬਧ ਜੀਵਨ ਜੁਗਤਿ ਹੈ, ਇੱਕ ਫਲਸਫਾ ਹੈ। ਸਿਰਫ਼ ਜਗਤ ਦਿਖਾਵਾ ਨਹੀਂ। ਸਤਿਗੁਰੂ ਜੀ ਉਪਦੇਸ਼ ਦਿੰਦੇ ਹਨ, **ਜੀਅਹੁ ਨਿਰਮਲ ਬਾਹਰਹੁ**

ਨਿਰਮਲ ॥ ਬਾਹਰਹੁ ਤ ਨਿਰਮਲ ਜੀਅਹੁ ਨਿਰਮਲ ਸਤਿਗੁਰ ਤੇ ਕਰਣੀ ਕਮਾਣੀ ॥੯੧੯/੧੫॥ ਜੋ ਪ੍ਰਾਣੀ ਗੁਰ ਉਪਦੇਸ਼ੀ ਵਿਚਾਰਧਾਰਾ (ਗੁਰਮਤਿ ਫਲਸਫੇ) ਅਨੁਸਾਰੀ ਹੈ, ਉਹ ਹੀ (**ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥ ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥੬੦੧॥**) ਸਹੀ ਸਿੱਖ ਹੈ। ਸੁੰਦਰ ਪਹਿਰਾਵੇ ਵਿੱਚ ਆਪ ਜੀ ਦੀ ਦਿਖ ਮਨ ਨੂੰ ਖਿੱਚ ਪਾਉਂਦੀ ਹੈ। ਇਸੇ ਕਰਕੇ ਆਪ ਜੀ ਤੋਂ ਕੁੱਝ ਜਾਨਣ ਸਮਝਣ ਦੇ ਅਭਿਲਾਸ਼ੀ ਹਾਂ। ਤੁਹਾਡੇ ਹੱਥੀਂ ਪਾਏ ਇਹ ਸਿਮਰਨੇ ਜਾਂ ਹੱਥ ਫੜੀ ਮਾਲਾ ਦੇਖਦਾ ਹਾਂ, ਤਾਂ ਮੈਨੂੰ ਮੇਰੇ ਸਤਿਗੁਰੂ ਜੀ ਦਾ ਉਪਦੇਸ਼ (**ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ ॥ ਗਲੀ ਜਿਨਾ ਜਪਮਾਲੀਆ ਲੋਟੇ ਹਥਿ ਨਿਬਗ ॥ ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥੪੭੬/੧॥** ਅਤੇ **ਕਬੀਰ ਮੇਰੀ ਸਿਮਰਨੀ ਰਸਨਾ ਊਪਰਿ ਰਾਮੁ ॥੧੩੬੪/੧੧॥**) ਯਾਦ ਆ ਜਾਂਦਾ ਹੈ। ਉਹ ਕਹਿਣ ਲੱਗਾ, ਇਨ੍ਹਾਂ ਦਾ ਕੋਈ ਨੁਕਸਾਨ ਤਾਂ ਹੈ ਨਹੀਂ, ਨਾਮ ਜਪਣ ਵੇਲੇ ਥੋੜਾ ਗਿਣਤੀ ਦਾ ਹਿਸਾਬ ਲੱਗ ਜਾਂਦਾ ਹੈ। ਮੈਂ ਕਿਹਾ ਵੀਰ ਜੀ, ਗੁਰੂ ਗਿਆਨ ਉਪਦੇਸ਼ ਵਿੱਚੋਂ ਕੋਈ ਇੱਕ ਗੁਰੂ ਫ਼ੁਰਮਾਨ ਤਾਂ ਲੱਭ ਕੇ ਦਿਓ ਜਿੱਥੇ ਸਿੱਖ ਨੂੰ ਮਾਲਾ ਨਾਲ, ਗਿਣ ਗਿਣ ਕੇ ਨਾਮ ਜਪਣ ਦਾ ਉਪਦੇਸ਼ ਮਿਲਦਾ ਹੋਵੇ। ਉਹ ਚੁੱਪ ਸੀ। ਪਰ ਅਸੀਂ ਗੁਰੂ ਉਪਦੇਸ਼ (ਗੁਰੂਬਾਣੀ ਸਿਧਾਂਤ) ਦੀ ਕੀ ਪ੍ਰਵਾਹ ਕਰਦੇ ਹਾਂ, ਜਿਊਂਦੇ ਵੱਸਦੇ ਰਹਿਣ ਸਾਡੇ ਹੱਥੀਂ ਮਾਲਾ ਫੜਾਉਣ ਅਤੇ ਗੁਰਮਤਿ ਸਿਧਾਂਤਾਂ ਤੋਂ ਖਿੜਕਾਉਣ ਵਾਲੇ ਸੰਤ ਸਮਾਜੀਏ, ਡੇਰੇਦਾਰ ਅਤੇ ਇਨ੍ਹਾਂ ਦੇ ਪਿੱਛੇ ਚੱਲਣ ਵਾਲੇ ਇਨ੍ਹਾਂ ਦੇ ਪੈਰੋਕਾਰ।

ਨਾਮ ਜਾਪ ਵਿਚਾਰ

ਭਾਈ ਗੁਰਤੇਜ ਸਿੰਘ ਜੀ ਦਾ ਕਲੀਆਂ ਵਾਲਾ ਲੰਬਾ ਕੁੜਤਾ, ਗੋਡੇ ਦੀ ਚੱਪਣੀ ਨੂੰ ਛੂੰਹਦਾ ਰੇਬ ਕਛਹਿਰਾ, ਪ੍ਰਕਾਸ਼ (ਖੁੱਲਾ) ਦਾਹੜਾ ਅਤੇ ਚੁਸਤ ਸਰੀਰ, ਆਪਣੇ ਆਪ ਦੇਖਣ ਵਾਲੇ ਦੇ ਮਨ ਉੱਤੇ ਬੜਾ ਡੂੰਘਾ ਧਾਰਮਿਕ ਪ੍ਰਭਾਵ ਪਾਉਂਦਾ ਹੈ। ਹੱਥ ਵਿੱਚ ਫੜੀ ਮਾਲਾ ਦਾ ਸਰਕਦਾ ਮਣਕਾ ਅਤੇ ਹਰ ਵੇਲੇ ਫਰਕਦੇ ਬੁੱਲ ਸਿਮਰਨ ਅਲਾਪਦੇ (**ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ** ॥੯੪੧॥) ਮਹਿਸੂਸ ਹੁੰਦੇ ਹਨ। ਕਛਹਿਰੇ ਦੇ ਉੱਤੋਂ ਦੀ ਪਜਾਮਾ ਪਾਉਣਾ ਸ਼ਾਇਦ ਭਾਈ ਜੀ ਸਿੱਖੀ ਪਹਿਰਾਵੇ ਦੀ ਹੱਤਕ ਸਮਝਦੇ ਹਨ। ਵੈਸੇ ਠੰਢ ਤੋਂ ਬਚਣ ਲਈ ਉੱਨ ਦੇ ਬੁਣੇ ਹੋਏ ਲੱਤਾਂ ਉੱਤੇ ਚ੍ਹਾੜਨ ਵਾਲੇ ਚਾੜ੍ਹ ਰੱਖਦੇ ਹਨ। ਇੱਕ ਦਿਨ ਗੁਰਦੁਆਰੇ ਸੰਗਤ ਨੂੰ ਸੰਬੋਧਨ ਹੋਕੇ ਕਹਿਣ ਲੱਗੇ, ਪ੍ਰਸ਼ਾਦ ਵਰਤੀਂਦੇ ਸਮੇਂ ਥੋੜਾ ਚਿਰ ਨਾਮ ਦਾ ਸਿਮਰਨ ਕਰਿਆ ਕਰੋ ਅਤੇ ਇਹ ਸੇਵਾ ਮੈਂ ਕਰਵਾਇਆ ਕਰਾਂਗਾ। ਉਹ ਬਹੁਤ ਹੀ ਸੁਰੀਲੀ ਆਵਾਜ਼ ਵਿੱਚ ਨਾਮ ਜਪਾਉਣ ਲੱਗੇ ਜਪੋ ਸਤਿਨਾਮ ਸਤਿਨਾਮ ਸਤਿਨਾਮ ਜੀ, ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਜੀ। ਸਮੂਹ ਸੰਗਤ ਉਨ੍ਹਾਂ ਦੇ ਪਿੱਛੇ ਪਿੱਛੇ ਉਚਾਰਨ ਕਰਨ ਲੱਗੀ। ਰੋਹਬ ਮਈ ਦਿੱਖ ਵਾਲੇ ਭਾਈ ਜੀ ਅੱਖਾਂ ਮੀਟ ਕੇ ਬੜੀ ਲੈਅ ਵਿੱਚ ਨਾਮ ਜਪਾ ਰਹੇ ਸਨ ਅਤੇ ਸਮੂਹ ਸੰਗਤ ਭੀ ਉਨ੍ਹਾਂ ਦਾ ਪੂਰਾ ਸਾਥ ਦੇ ਰਹੀ ਸੀ। ਪੰਜ ਕੁ ਮਿੰਟ ਤੋਂ ਬਾਅਦ ਫ਼ਤਿਹ ਬੁਲਾ ਕੇ ਭਾਈ ਜੀ ਪਾਸੇ ਬਹਿ ਗਏ। ਲੰਗਰ ਪਾਣੀ ਛੱਕਣ ਪਿੱਛੋਂ, ਮੈਂ ਭਾਈ ਜੀ ਦੇ ਕੋਲ ਜਾ ਕੇ ਬਹਿੰਦਿਆਂ ਹੌਲੀ ਆਵਾਜ਼ ਵਿੱਚ ਕਿਹਾ ਵੀਰ ਜੀਓ ਜਾਪ ਕਰਦੇ ਸਮੇਂ ਆਪ ਜੀ ਦੇ ਚਿਹਰੇ ਉੱਤੇ ਬੜਾ ਅਨੋਖਾ ਜਲਾਲ ਸੀ। ਵਾਹਿਗੁਰੂ ਜੀ ਦੀ ਕ੍ਰਿਪਾ ਹੈ ਕਹਿੰਦਿਆਂ ਭਾਈ ਜੀ ਦੇ ਚਿਹਰੇ ਉੱਤੇ ਸ਼ੁਹਰਤ ਲੋਚ ਸੋਚ ਦੀ ਲਾਲੀ ਹੋਰ ਦਮਕ ਪਈ। ਮੈਂ ਕਿਹਾ ਵੀਰ ਜੀਓ, ਆਪ ਜੀ ਤੋਂ ਕੁੱਝ ਸਿੱਖਣਾ ਜਾਂ ਜਾਨਣਾ ਚਾਹੁੰਦਾ ਹਾਂ। ਕਹਿਣ ਲੱਗੇ ਦੱਸੋ ਕੀ ਸਿੱਖਣਾ ਜਾਂ ਪੁੱਛਣਾ ਚਾਹੁੰਦੇ ਹੋ ? ਮੈਂ ਕਿਹਾ, ਸਿੱਖ ਧਰਮ ਦਾ ਗੁਰ ਮੰਤ੍ਰ ਕੀ ਹੈ ਜੀ ?

ਉਨ੍ਹਾਂ ਥੋੜਾ ਹੱਸਦਿਆਂ (ਮਜ਼ਾਇਕੀ ਲਹਿਜੇ ਵਿੱਚ) ਕਿਹਾ ਵਾਹਿਗੁਰੂ ਹੈ। ਮੈਂ ਫਿਰ ਕਿਹਾ, ਜਦ ਆਪ ਜੀ ਨੇ ਸਿੱਖ ਧਰਮ ਧਾਰਨ ਕੀਤਾ (ਖੰਡੇ ਦੀ ਪਾਹੁਲ ਲਈ) ਉਸ ਵੇਲੇ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪੰਜ ਸਿੰਘ ਜੀਆਂ ਵਲੋਂ, ਜਪਣ ਵਾਸਤੇ ਆਪ ਜੀ ਨੂੰ ਕਿਸ ਨਾਮ ਦੀ ਪ੍ਰਾਪਤੀ ਹੋਈ ਸੀ ? ਬੋਲੇ, ਵਾਹਿਗੁਰੂ ਨਾਮ ਦੀ ਪ੍ਰਾਪਤੀ ਅਤੇ ਵਾਹਿਗੁਰੂ ਨਾਮ ਸਿਮਰਨ ਦਾ ਉਪਦੇਸ਼ ਮਿਲਿਆ ਸੀ। ਵੀਰ ਜੀਓ, ਇੱਕ ਦੂਸਰੇ ਨੂੰ ਮਿਲਦੇ ਸਮੇਂ ਸਿੰਘ ਕਿਵੇਂ ਸੰਬੋਧਨ ਹੁੰਦੇ ਹਨ ? ਭਾਈ ਜੀ ਬੋਲੇ, ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਿਹ ॥ ਆਪਣੀ ਹੋਰ ਜਾਣਕਾਰੀ ਲਈ ਮੈਂ ਪੁੱਛਿਆ,

ਭਾਈ ਜੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ, ਸਤਿਨਾਮ ਵਾਹਿਗੁਰੂ ਸ਼ਬਦ ਕਿਤੇ ਇਕੱਠੇ ਲਿਖੇ ਹੋਏ ਜਾਂ ਦੋਵਾਂ ਨੂੰ ਮਿਲਾ ਕੇ ਜਪਣ ਦਾ ਕੋਈ ਉਪਦੇਸ਼ ਹੈ ? ਭਾਈ ਜੀ ਬੋਲੇ, ਲਿਖਿਆ ਤਾਂ ਨਹੀਂ ਮਿਲਦਾ ਪਰ ਪ੍ਰਚੱਲਤ ਤਾਂ ਸਾਰੇ ਹੀ ਹੋ ਚੁੱਕਾ ਹੈ, ਸਾਰੇ ਇਸੇ ਤਰ੍ਹਾਂ ਹੀ ਜਪਦੇ ਹਨ। ਮੈਂ ਕਿਹਾ ਵੀਰ ਜੀਓ, ਸਿੱਖ ਰਹਿਤ ਮਰਯਾਦਾ ਵਿੱਚ, ਸਤਿਨਾਮ ਵਾਹਿਗੁਰੂ ਇਕੱਠੇ ਜਪਣ ਦਾ ਕੋਈ ਸੰਕੇਤ ਹੈ ? ਬੋਲੇ, ਨਹੀਂ। ਮੈਂ ਕਿਹਾ ਗੁਰੂ ਪਿਆਰੇ ਸਿੰਘ ਜੀਓ, ਖ਼ਾਲਸਾ ਵਾਹਿਗੁਰੂ ਦਾ ਹੈ। ਸਿੱਖ ਧਰਮ ਦਾ ਗੁਰਮੰਤ੍ਰ ਵਾਹਿਗੁਰੂ ਹੈ। ਪੰਜ ਸਿੰਘਾਂ ਤੋਂ ਵਾਹਿਗੁਰੂ ਨਾਮ ਦੀ ਬਖ਼ਸ਼ਿਸ਼ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿੱਚ, ਦੋਨੋਂ ਸ਼ਬਦ ਇਕੱਠੇ ਨਹੀਂ ਹਨ ਅਤੇ ਨਾ ਹੀ ਦੋਵਾਂ ਨੂੰ ਮਿਲਾ ਕੇ ਜਪਣ ਦਾ ਕੋਈ ਪ੍ਰਮਾਣ ਮਿਲਦਾ ਹੈ। ਫਿਰ ਭੀ ਤੁਸੀਂ ਤਿੰਨ ਵੇਰ ਸਤਿਨਾਮੁ (ਉਹ ਭੀ ਵਾਹਿਗੁਰੂ ਤੋਂ ਪਹਿਲਾਂ, ਜਦ ਕਿ ਸਤਿਨਾਮੁ ਕਿਸੇ ਹੋਰ ਸ਼ਬਦ ਦੇ ਪਿੱਛੇ ਲੱਗ ਕੇ ਉਸ ਸ਼ਬਦ ਦੇ ਸੱਚ ਦੀ ਵਿਸ਼ੇਸ਼ਤਾ ਉੱਤੇ ਸੱਚ ਦੀ ਮੋਹਰ ਲਾਉਂਦਾ ਹੈ) ਅਤੇ ਤਿੰਨ ਵੇਰ ਵਾਹਿਗੁਰੂ ਨਾਮ ਜਪਾ ਰਹੇ ਹੋ। ਵਾਹਿਗੁਰੂ ਦੇ ਨਾਲ ਸਤਿਨਾਮ ਜੋੜਨ ਦਾ ਉਪਦੇਸ਼ ਜਾਂ ਅਧਿਕਾਰ, ਜਪਾਉਣ ਵਾਲਿਆਂ ਨੂੰ ਕਿਸ ਨੇ ਦਿੱਤਾ ? ਦਸਮ ਪਾਤਿਸ਼ਾਹ ਜੀ ਨੇ, ਨਿਰਮਲ ਪੰਥ ਨੂੰ, ਖ਼ਾਲਸਾ ਪੰਥ ਦੀ ਉਪਾਧੀ ਨਾਲ ਨਿਵਾਜ਼ਦਿਆਂ, ਸੰਪੂਰਨ ਤੌਰ ਤੇ ਵਾਹਿਗੁਰੂ ਜੀ ਦੇ ਸਪੁਰਦ (**ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਿਹ**) ਕਰ ਦਿੱਤਾ। ਸਿੱਖ, ਗੁਰੂ ਦੇ ਬਖ਼ਸ਼ੇ ਇਸ ਅਨੂਠੇ ਨਾਮ ਸਿਮਰਨ ਨੂੰ ਕਿਉਂ ਨਹੀਂ ਸਮਝ ਸਕੇ ? ਜੇ ਕਰ ਕਿਸੇ ਸਿੱਖ ਸੰਸਥਾ ਵਲੋਂ, ਕਿਸੇ ਸਿੱਖ ਨੂੰ ਸਿੱਖੀ ਧਾਰਨ ਕਰਨ (ਅੰਮ੍ਰਿਤ ਛਕਣ) ਵੇਲੇ, ਜਪਣ ਲਈ ਤਿੰਨ ਵੇਰ ਸਤਿਨਾਮੁ ਅਤੇ ਤਿੰਨ ਵੇਰ ਵਾਹਿਗੁਰੂ ਨਾਮ ਦਿੱਤਾ ਗਿਆ ਹੈ, ਤਾਂ ਕੋਈ ਪ੍ਰਾਨੀ ਇਸ ਦਾ ਹਵਾਲਾ (ਸਬੂਤ) ਦੇਣ ਦੀ ਕ੍ਰਿਪਾਲਤਾ ਕਰੋ ਜੀ। ਵਿਚਾਰਨ ਯੋਗ ਗੁਰ ਉਪਦੇਸ਼ :

ਵਾਹੁ ਵਾਹੁ ਆਪਿ ਅਖਾਇਦਾ ਗੁਰ ਸਬਦੀ ਸਚੁ ਸੋਇ॥
ਵਾਹੁ ਵਾਹੁ ਸਿਫਤਿ ਸਲਾਹ ਹੈ ਗੁਰਮੁਖਿ ਬੂਝੈ ਕੋਇ॥
ਵਾਹੁ ਵਾਹੁ ਬਾਣੀ ਸਚੁ ਹੈ ਸਚਿ ਮਿਲਾਵਾ ਹੋਇ॥
ਨਾਨਕ ਵਾਹੁ ਵਾਹੁ ਕਰਤਿਆ ਪ੍ਰਭੁ ਪਾਇਆ ਕਰਮਿ ਪਰਾਪਤਿ ਹੋਇ॥੫੧੪/੪॥
ਵਾਹੁ ਵਾਹੁ ਹਿਰਦੈ ਉਚਰਾ ਮੁਖਹੁ ਭੀ ਵਾਹੁ ਵਾਹੁ ਕਰੇਉ॥
ਨਾਨਕ ਵਾਹੁ ਵਾਹੁ ਜੋ ਕਰਹਿ ਹਉ ਤਨੁ ਮਨੁ ਤਿਨ੍ਹ ਕਉ ਦੇਉ॥੫੧੫/੧੦॥
ਵਾਹੁ ਵਾਹੁ ਗੁਰਸਿਖ ਨਿਤ ਸਭ ਕਰਹੁ ਗੁਰ ਪੂਰੇ ਵਾਹੁ ਵਾਹੁ ਭਾਵੈ॥
ਨਾਨਕ ਵਾਹੁ ਵਾਹੁ ਜੋ ਮਨਿ ਚਿਤਿ ਕਰੇ ਤਿਸੁ ਜਮਕੰਕਰੁ ਨੇੜਿ ਨ ਆਵੈ॥੫੧੫/੧੩॥

ਪ੍ਰਭੂ ਦੀ ਅਥਾਹ ਰਚਨਾ ਅਤੇ ਅਥਾਹ ਬਖ਼ਸ਼ਿਸ਼ਾਂ ਨੂੰ ਵਿਚਾਰਨ ਅਤੇ ਸਤਿਕਾਰਨ ਵਾਲਾ ਹਿਰਦਾ, ਜਦ ਵਿਸਮਾਦ ਵਿੱਚ (ਅਸਚਰਜ, ਪ੍ਰਭੂ ਦੇ ਅਨੂਠੇ ਨਾਮ ਰੰਗ ਵਿੱਚ ਰੱਤਿਆ) ਆ ਕੇ, ਵਾਹੁ ਵਾਹੁ ਉਚਾਰਦਾ ਹੈ, ਉਸ ਵੇਲੇ ਵਾਹੁ ਸ਼ਬਦ, ਪ੍ਰਭੂ ਦੀ ਸਿਫਤ, ਪ੍ਰਭੂ ਵਡਿਆਈ ਦੀ ਅੰਤਲੀ ਅਵਸਥਾ ਹੋ ਨਿਬੜਦਾ ਹੈ। ਜਿਸ ਤੋਂ ਉੱਪਰ ਹੋਰ ਕੁੱਝ ਨਹੀਂ। ਗੁਰੂਬਾਣੀ ਵਿੱਚ ਵਾਹਿਗੁਰੂ ਦੇ ਜਾਪ ਲਈ ਕਿਤਨੀ ਆਸਾਨ ਲੈਅ ਨਾਲ ਸਮਝਾਇਆ ਹੋਇਆ ਹੈ। ਬਸ ਗੁਰੂ ਰਮਜ਼ਾਂ ਸਮਝਣ ਦੀ ਲੋੜ ਹੈ।

ਸਤਿਗੁਰੂ ਜੀ ਦੇ ਬਚਨ ਹਨ:

ਵੇਮੁਹਤਾਜਾ ਵੇਪਰਵਾਹੁ ॥

ਨਾਨਕ ਦਾਸ ਕਹਹੁ ਗੁਰ ਵਾਹੁ ॥੩੭੬/੮॥

ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥੧੪੦੨/੧੧॥

ਭਾਈ ਗੁਰਤੇਜ ਸਿੰਘ ਜੀ ਦੇ ਮੱਥੇ ਦੀਆਂ ਤੀਊੜੀਆਂ ਦੀ ਗਿਣਤੀ ਵਧ ਗਈ ਸੀ ਪਰ ਮੂੰਹੋਂ ਕੋਈ ਬਣਦਾ ਜਵਾਬ ਨਾ ਦੇ ਸਕੇ। ਚਿਹਰੇ ਦੇ ਬਦਲੇ ਭਾਵ, ਅੱਖਾਂ ਵਿੱਚ ਲਾਲ ਡੋਰਿਆਂ ਵਾਲੀ ਕ੍ਰੋਧੀ ਝਲਕ ਦੇਖ ਕੇ, ਮੈਨੂੰ ਸਤਿਗੁਰੂ ਜੀ ਦਾ ਸੁਚੇਤ ਫ਼ੁਰਮਾਨ (**ਚਿਟੇ ਜਿਨ ਕੇ ਕਪੜੇ ਮੈਲੇ ਚਿਤ ਕਠੋਰ ਜੀਉ ॥੭੫੧॥**) ਯਾਦ ਆ ਰਿਹਾ ਸੀ। ਮਨ ਬਿਰਤੀ ਨੂੰ ਥੋੜਾ ਇਕਾਗਰ ਕਰੋ, ਕਈ ਵੀਰ ਕਹਿ ਦਿੰਦੇ ਹਨ ਕਿ ਕਿਸ਼ਨ ਸਿੰਘ ਸਤਿਨਾਮ ਜਪਣ ਦਾ ਵਿਰੋਧ ਕਰਦਾ ਹੈ। ਸਾਰੀ ਲਿਖਤ ਵਿੱਚ ਕਿੱਥੇ ਕਿਹਾ ਜਾਂ ਲਿਖਿਆ ਹੈ, ਕਿ ਸਤਿਨਾਮ ਨਾ ਜਪੋ। ਸਤਿਨਾਮ (ਜੋ ਹੈ ਹੀ ਸੱਚ, ਸੱਚੇ ਨਾਮ) ਨੂੰ ਜਪਣ ਦੀ ਮਨਾਹੀ ਕਿਹੜਾ ਸਿੱਖ ਕਰ ਸਕਦਾ ਹੈ ? ਮੈਂ ਤਾਂ ਗੁਰੂ ਦੀ ਹਜ਼ੂਰੀ ਵਿੱਚ, ਪੰਜ ਸਿੱਘਾਂ ਵਲੋਂ ਜਪਣ ਲਈ ਮਿਲੇ ਉਪਦੇਸ਼ ਨੂੰ ਜਾਨਣ ਦੀ ਇੱਛਾ ਜਾਹਰ ਕੀਤੀ ਹੈ। ਕਿਸੇ ਜਾਪ ਦੀ ਮਨਾਹੀ ਕਰਨ ਵਾਲਾ ਮੈਂ ਕੌਣ ਹਾਂ ? ਗੁਰੂਬਾਣੀ ਪੜ੍ਹ ਰਿਹਾ (ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰ ਰਿਹਾ) ਸਿੱਖ ਜਾਪ ਹੀ ਤਾਂ ਕਰ ਰਿਹਾ ਹੈ। ਸਿਰਫ਼ ਰਟਨ ਕਰਨਾ ਹੀ ਜਾਪ ਨਹੀਂ ਹੈ। ਸਿੱਖ ਇਹ ਗੁਰੂ ਰਮਜ਼ਾਂ ਸਮਝੇ ਕਿਵੇਂ ਅਤੇ ਸਮਝਾਵੇ ਕੌਣ ? ਲੋੜ ਹੈ ਆਪਣੇ ਅੰਦਰ ਝਾਤੀ ਮਾਰ ਕੇ ਇਸ ਸਵਾਲ ਦਾ ਉੱਤਰ ਢੂੰਡਿਆ ਜਾਵੇ।

ਮਾਇਆ ਮੋਹੇ ਮੀਸਣੇ

ਕੁੱਝ ਕੌਮ ਦਰਦੀ ਗੁਰੂ ਨਾਨਕ ਵਿਚਾਰਧਾਰਾ ਦੇ ਪੈਰੋਕਾਰਾਂ ਨੇ, ਕੌਮ ਦੀ ਨਿਘਰਦੀ ਹਾਲਤ ਦੇਖਦਿਆਂ ਆਪਣੇ ਪਿੰਡ ਵਿੱਚ ਗੁਰਮਤਿ ਚੇਤਨਾ ਸਮਾਗਮ ਕਰਾਉਣ ਦਾ ਮਨ ਬਣਾਇਆ। ਗੁਰੂਬਾਣੀ ਦੀ ਗਿਆਨਮਈ ਵਿਚਾਰਧਾਰਾ ਨੂੰ ਜਾਨਣ ਸਮਝਣ ਵਾਲੇ ਰਾਗੀਆਂ, ਕਥਾਕਾਰ ਪ੍ਰਚਾਰਕਾਂ ਅਤੇ ਹੋਰ ਕੌਮੀ ਦਰਦੀਆਂ ਨਾਲ ਸੰਪਰਕ ਕਰਕੇ, ਗੁਰਮਤਿ ਸਮਾਗਮ ਵਿੱਚ ਆਉਣ ਅਤੇ ਆਈ ਸੰਗਤ ਨੂੰ ਗੁਰਮਤਿ ਵਿਚਾਰਧਾਰਾ ਵਾਰੇ ਜਾਣੂੰ ਕਰਾਉਣ ਲਈ ਬੇਨਤੀ ਸਹਿਤ ਸੱਦੇ ਪੱਤਰ ਤੇ ਸੁਨੇਹੇ ਭੇਜੇ ਗਏ। ਧਰਮ ਤੇ ਕੌਮ ਦੀ ਅਸਲ ਵਿਚਾਰਧਾਰਾ ਨੂੰ ਸਮਝਣ ਸਮਝਾਉਣ ਦਾ ਉਪਰਾਲਾ ਕਰਨਾ ਹਰ ਗੁਰਸਿੱਖ ਦਾ ਫ਼ਰਜ਼ ਬਣਦਾ ਹੈ। ਗੁਰਮਤਿ ਦਾ ਪ੍ਰਚਾਰ ਕਰਦੇ ਹਾਂ ਕਹਿਣ ਵਾਲੇ, ਇੱਕ ਕੀਰਤਨੀ ਜਥੇ ਤੱਕ ਪਹੁੰਚ ਕਰਕੇ, ਉਨ੍ਹਾਂ ਨੂੰ ਸਮਾਗਮ ਵਿੱਚ ਆਉਣ ਅਤੇ ਕੀਰਤਨ ਸ਼ਬਦ ਵਿਚਾਰ ਸਹਿਤ, ਆਈ ਸੰਗਤ ਨੂੰ ਗੁਰਮਤਿ ਦੀ ਸਹੀ ਵਿਚਾਰਧਾਰਾ ਵਾਰੇ ਜਾਣੂੰ ਕਰਵਾਉਣ ਲਈ ਬੇਨਤੀ ਕੀਤੀ। ਉਸ ਕੀਰਤਨੀ ਜਥੇ ਨੇ, ਆਪਣੀ ਭੇਟਾ ਦਸ ਹਜ਼ਾਰ ਰੁਪੈ ਦੱਸੀ। ਜੋ ਸਮਾਗਮ ਕਰਵਾਉਣ ਵਾਲਿਆਂ ਦੀ, ਸਮਰੱਥਾ ਤੋਂ ਵੱਧ ਸੀ। ਉਦੇਸ਼ ਅਤੇ ਮਜਬੂਰੀ ਬਿਆਨ ਕਰਦਿਆਂ ਕੀਤੀ ਅਰਜੋਈ, ਇਨ੍ਹਾਂ ਕੌਮੀ ਪ੍ਰਚਾਰਕਾਂ ਦਾ ਹਿਰਦਾ ਨਾ ਪਿਘਲਾ ਸਕੀ। ਕੀਤੇ ਗਏ ਯਤਨ ਅਸਫਲ ਰਹੇ ਤੇ ਸੌਦੇਬਾਜ਼ੀ ਤਹਿ ਨਾ ਹੋਈ। ਵਾਪਸ ਮੁੜਨ ਲੱਗੇ ਤਾਂ, ਕੀਰਤਨ ਕਰਨ ਵਾਲੇ ਵੀਰ ਨੇ ਕਿਹਾ, ਅਸੀਂ ਇੱਕ ਕੈਸਿਟ ਰਿਕਾਰਡ ਕਰਵਾਈ ਹੈ। ਸਾਡੇ ਵਲੋਂ ਸੇਵਾ ਦੇ ਤੌਰ ਤੇ, ਐਹ ਕੈਸਿਟ ਲੈ ਜਾਓ। ਜਦ ਕੈਸਿਟ ਸੁਣੀ, ਉਹ ਆਪਣੇ ਬਣਾਏ ਗੀਤ ਗਾ ਰਹੇ ਸਨ। ਮਨ ਲਾ ਕੇ ਜਿੰਦੜੀਏ ਨੀ, ਕਰ ਲੈ ਗੁਰ-ਸੰਗਤ ਦੀ ਸੇਵਾ। ਅਤੇ, ਸਿੱਖੀ ਧਰਮ ਬਚਾਉਣੇ ਲਈ, ਦਰਦੀਓ ਕਰੋ ਕੋਈ ਉਪਰਾਲਾ। ਕੈਸਿਟ ਸੁਣਦਿਆਂ ਸੋਚ ਰਿਹਾ ਸੀ, ਇਨ੍ਹਾਂ ਗੀਤ ਗਾਇਕਾਂ ਨੂੰ ਗੁਰਮਤਿ ਦੇ ਪ੍ਰਚਾਰਕ ਕਹਿਣਾ ਹੀ, ਸਿੱਖ ਕੌਮ ਦੀ ਭਾਰੀ ਭੁੱਲ ਹੈ। ਇਹ ਤਾਂ ਮਾਇਆ ਬਟੋਰਨ (**ਮਾਇਆ ਮੋਹਿ ਹਰਿ ਚੇਤੈ ਨਾਹੀ ॥**) ਵਾਲੇ ਪੂਜਾਰੀ ਹਨ। ਕੀ ਇਹ ਗੁਰ ਉਪਦੇਸ਼ (**ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥ ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥**) ਨਹੀਂ ਪੜ੍ਹਦੇ ? ਜਿਨ੍ਹਾਂ (ਅਖੌਤੀ, ਪਹਿਰਾਵੇ ਤੇ ਦਿਖਾਵੇ ਵਾਲੇ) ਕੌਮੀ ਪ੍ਰਚਾਰ ਕਰਨ ਵਾਲਿਆਂ ਦੀ, ਭੇਟਾ ਦੇਣ ਦੇ ਭੀ ਆਮ ਸਿੱਖ ਸਮਰੱਥ ਨਾ ਹੋਵੇ। ਇਹੋ ਜਿਹੇ ਪ੍ਰਚਾਰਕ, ਕਿਹੋ ਜਿਹੀ ਅਤੇ ਕਿਸ ਦੀ ਸੇਵਾ ਕਰ ਰਹੇ ਹਨ ? ਪਹਿਰਾਵੇ ਦਿਖਾਵੇ ਤਹਿਤ, ਸਿੱਖ ਕੌਮ ਨੂੰ ਸੱਚੀ ਅਤੇ ਕੱਚੀ ਬਾਣੀ ਦੇ ਚਕਰਵੀਊ ਵਿੱਚ ਉਲਝਾਉਣ ਦੀ ਜਾਂ ਮਾਇਆ ਬਟੋਰਨ ਵਾਲੀ ਸ਼ੈਤਾਨੀ ਸੋਚ ਦੀ ? ਐ ਸਿੱਖ ਕੌਮ ਦੇ ਚਿੰਤਤ ਵਾਰਸੋ, ਲੋੜ ਹੈ ਜਾਗਰੂਕ ਹੋਣ ਤੇ ਭੇਖੀ ਠੱਗਾਂ ਨੂੰ ਪਛਾਣ ਕੇ, ਇੰਨਾਂ ਤੋਂ ਕੌਮ ਬਚਾਓ ਲਹਿਰ ਚਲਾਉਣ ਦੀ।

ਕੀਤੇ ਯਤਨ

ਕੀਤੇ ਯਤਨ ਬਥੇਰਾ ਰੌਲਾ ਪਾਇਆ,
ਕਿਸੇ ਦੀ ਨੀਂਦੋਂ ਜਾਗ ਨਾ ਖੁੱਲ੍ਹੀ।
ਨਾ ਕੋਈ ਉਠਿਆ ਨਾ ਪਾਸਾ ਪਰਤਾਇਆ,
ਕਿਸੇ ਦੀ ਨੀਂਦੋਂ ਜਾਗ ਨਾ ਖੁੱਲ੍ਹੀ। ਕੀਤੇ ਯਤਨ.....

ਕੌਣ ਸਿੱਖ ਸਿੱਖੀ ਕੀ ਏ ਸਭ ਭੁੱਲੀ ਬੈਠੇ ਨੇ।
ਬਿਪਰਨ ਗੀਤਾਂ ਉੱਤੇ ਪੂਰੇ ਡੁੱਲੀ ਬੈਠੇ ਨੇਂ।
ਜਿੱਥੋਂ ਗੁਰਾਂ ਸਾਨੂੰ ਵਰਜ ਹਟਾਇਆ,
ਕਿਸੇ ਦੀ ਨੀਂਦੋਂ ਜਾਗ ਨਾ ਖੁੱਲ੍ਹੀ। ਕੀਤੇ ਯਤਨ.....

ਗੁਰੂ ਹੁਕਮਾਂ ਤੋਂ ਮੁੱਖ ਸਿੱਖ ਨੇ ਭੁਆ ਲਿਆ।
ਮੱਠਾਂ ਮੜ੍ਹੀਆਂ ਤੇ ਮੱਥਾ ਰਗੜ ਘਸਾ ਲਿਆ।
ਜਿਨ੍ਹੂੰ ਗੁਰਾਂ ਸੀ ਅਕਾਲ ਲੜ ਲਾਇਆ,
ਕਿਸੇ ਦੀ ਨੀਂਦੋਂ ਜਾਗ ਨਾ ਖੁੱਲ੍ਹੀ। ਕੀਤੇ ਯਤਨ.....

ਗੁਰੂ ਘਰ ਪੱਕੇ ਸੁਹਣੇ ਥ੍ਹਾਂ ਥ੍ਹਾਂ ਬਣੀ ਜਾਂਵਦੇ।
ਸਿੱਖੀ ਰਹਿਤਾਂ ਵਲੋਂ ਕੰਨੀਂ ਆਮ ਕਤਰਾਂਵਦੇ।
ਤਾਹੀਓਂ ਢੋਂਗ ਸਹਿਜ ਧਾਰੀ ਦਾ ਰਚਾਇਆ,
ਕਿਸੇ ਦੀ ਨੀਂਦੋਂ ਜਾਗ ਨਾ ਖੁੱਲ੍ਹੀ। ਕੀਤੇ ਯਤਨ.....

ਰੋਜ਼ੀ ਸ਼ੁਹਰਤ ਲਈ ਭੇਖ ਸਿੱਖ ਦਾ ਬਣਾ ਲਿਆ।
ਦੇਹ ਧਾਰੀ ਗੁਰੂ ਡੰਮ ਥ੍ਹਾਂ ਥ੍ਹਾਂ ਚਲਾ ਲਿਆ।
ਕੀ ਮਜ਼ਾਕ ਇਨ੍ਹਾਂ ਸਿੱਖੀ ਦਾ ਉਡਾਇਆ,
ਕਿਸੇ ਦੀ ਨੀਂਦੋਂ ਜਾਗ ਨਾ ਖੁੱਲ੍ਹੀ। ਕੀਤੇ ਯਤਨ.....

ਸਿੱਖੀ ਬਾਗੀਂ ਲੱਗਾ ਤੇਲਾ ਸੰਤ ਸਮਾਜ ਦਾ।
ਹੁਲੀਆ ਬਦਲ ਦਿੱਤਾ ਜਿਸ ਸਿੱਖੀ ਬਾਗ ਦਾ।
ਗੁਰੂ ਮਤਿ ਨੂੰ ਇਨ੍ਹਾਂ ਨੇ ਠੁਕਰਾਇਆ,
ਕਿਸੇ ਦੀ ਨੀਂਦੋਂ ਜਾਗ ਨਾ ਖੁੱਲ੍ਹੀ। ਕੀਤੇ ਯਤਨ.....

ਆਮ ਲੋਕੀ ਫਸੇ ਅੱਜ ਵਿੱਚ ਸੰਤ ਜਾਲ ਦੇ।
ਲੋਟੂ ਸਾਧ ਹੋ ਗਏ ਬਾਗੀ ਤਖ਼ਤ ਅਕਾਲ ਦੇ।
ਸਿੱਖੀ ਨਾਲ ਦਗ਼ਾ ਸਾਧਾਂ ਨੇ ਕਮਾਇਆ,
ਕਿਸੇ ਦੀ ਨੀਂਦੋਂ ਜਾਗ ਨਾ ਖੁੱਲ੍ਹੀ। ਕੀਤੇ ਯਤਨ.....

ਪੈਸੇ ਨਾਲ ਲੈਣੀ ਚਹੁੰਦੇ ਮਾਇਆ ਧਾਰੀ ਮੁਕਤੀ।
ਦੇਣ ਮੁਕਤੀ ਇਹ ਸਾਧਾਂ ਸੰਤਾਂ ਨੂੰ ਹੀ ਜੁਗਤੀ।
ਤਾਹੀਓਂ ਹੱਟ ਹਰ ਸਾਧ ਨੇ ਚਲਾਇਆ,
ਕਿਸੇ ਦੀ ਨੀਂਦੋਂ ਜਾਗ ਨਾ ਖੁੱਲ੍ਹੀ। ਕੀਤੇ ਯਤਨ.....

ਮੰਨਤਾਂ ਮਨੌਤਾਂ ਪਾਇਆ ਜੋਰ ਖੰਡ ਪਾਠਾਂ ਦਾ।
ਵਿੱਕਦੇ ਨੇ ਪਾਠ ਮੁੱਲ ਪੈਂਦਾ ਅਰਦਾਸਾਂ ਦਾ।
ਵਿਧੀ ਪਾਠਾਂ ਦਾ ਪਾਖੰਡ ਪੂਰਾ ਛਾਇਆ,
ਕਿਸੇ ਦੀ ਨੀਂਦੋਂ ਜਾਗ ਨਾ ਖੁੱਲ੍ਹੀ। ਕੀਤੇ ਯਤਨ.....

ਪਹਿਲੇ ਜੋ ਮਸੰਦ ਤੇ ਮਹੰਤ ਸੰਤ ਅੱਜ ਦੇ।
ਬਾਣੀ ਦੀ ਲੈ ਓਟ ਭੋਲੇ ਲੋਕਾਂ ਤਾਈਂ ਠੱਗਦੇ।
ਅੰਨ੍ਹੀਂ ਸ਼ਰਧਾ ਨੇ ਸਿੱਖ ਭਟਕਾਇਆ,
ਕਿਸੇ ਦੀ ਨੀਂਦੋਂ ਜਾਗ ਨਾ ਖੁੱਲ੍ਹੀ। ਕੀਤੇ ਯਤਨ.....

ਲੋਭੀ ਜੋ ਲਿਖਾਰੀ ਸੱਚਾ ਫ਼ਰਜ਼ ਭੁਲਾਂਵਦੇ।
ਸਿੱਖੀ ਇਤਿਹਾਸ ਰਹਿਤਾਂ ਵਿੱਚ ਰਲਾ ਪਾਂਵਦੇ।
ਤਾਣਾ ਸਿੱਖੀ ਦਾ ਮੱਕ੍ਰਾਰਾਂ ਉਲਝਾਇਆ,
ਕਿਸੇ ਦੀ ਨੀਂਦੋਂ ਜਾਗ ਨਾ ਖੁੱਲ੍ਹੀ। ਕੀਤੇ ਯਤਨ.....

ਰਾਧਾ ਸੁਆਮੀ ਨਿਰੰਕਾਰੀ ਕਾਮਰੇਡ ਅਖਵਾਉਂਦੇ ਜੋ।
ਗੁਰੂ ਘਰੀਂ ਦੇਖੇ ਭੱਜ ਭੱਜ ਅੱਗੇ ਆਉਂਦੇ ਉਹ।
ਇਨ੍ਹਾਂ ਭਲਾ ਕਦੋਂ ਸਿੱਖੀ ਦਾ ਮਨਾਇਆ,
ਕਿਸੇ ਦੀ ਨੀਂਦੋਂ ਜਾਗ ਨਾ ਖੁੱਲ੍ਹੀ। ਕੀਤੇ ਯਤਨ.....

ਰਾਗੀ ਢਾਡੀ ਕਵੀ ਕਿਹੜੀ ਸਿੱਖੀ ਪ੍ਰਚਾਰਦੇ।
ਮਾਇਆ ਲਈ ਸਟੇਜ਼ੀਂ ਖੜ੍ਹ ਰਹਿਣ ਟਾਰ੍ਹਾਂ ਮਾਰਦੇ।
ਕਿਹਾ ਜੋ ਜੇ ਖ਼ੁਦ ਆਪ ਨਹੀਂ ਹੰਢਾਇਆ,
ਕਿਸੇ ਦੀ ਨੀਂਦੋਂ ਜਾਗ ਨਾ ਖੁੱਲ੍ਹੀ। ਕੀਤੇ ਯਤਨ.....

ਸ਼ੇਰਾਂ ਦੀਆਂ ਝੱਲਾਂ ਅੱਜ ਲੂੰਬੜਾਂ ਨੇ ਮੱਲੀਆਂ।
ਚੂਹੇ ਬੰਨ੍ਹੀਂ ਜਾਣ ਗਲ ਬਿੱਲਿਆਂ ਦੇ ਟੱਲੀਆਂ।
ਸਿੱਖ ਕੀ ਸੀ, ਕੀ ਭੇਖੀਆਂ ਬਣਾਇਆ,
ਕਿਸੇ ਦੀ ਨੀਂਦੋਂ ਜਾਗ ਨਾ ਖੁੱਲ੍ਹੀ। ਕੀਤੇ ਯਤਨ.....

ਕੁੰਦਨ ਸਰੀਰ ਭਾੜੇ ਨਸ਼ਿਆਂ ਦੇ ਲਾ ਲਿਆ।
ਸਿੱਖੀ ਰਹਿਤਾਂ ਉੱਤੇ ਦਾਬਾ ਫੈਸ਼ਨਾ ਨੇ ਪਾ ਲਿਆ।
ਚਹੁੰਦਾ ਅਗਾਂਹ ਵਧੂ ਹਰ ਕੋਈ ਕਹਾਇਆ,
ਕਿਸੇ ਦੀ ਨੀਂਦੋਂ ਜਾਗ ਨਾ ਖੁੱਲ੍ਹੀ। ਕੀਤੇ ਯਤਨ.....

ਲੁੱਟ ਹੁੰਦਾ ਘਰ ਸੌਹੇਂ ਦੇਖ ਹੌਲ ਪੈਂਦੇ ਨੇ।
ਨੇਕੀ ਦੇ ਮਹਿਲ ਅੱਜ ਬਦੀ ਹੱਥੋਂ ਢਹਿੰਦੇ।
ਝੂਠ ਬੁੱਕਦਾ ਮੂੰਹ ਸੱਚ ਨੇ ਲੁਕਾਇਆ,
ਕਿਸੇ ਦੀ ਨੀਂਦੋਂ ਜਾਗ ਨਾ ਖੁੱਲ੍ਹੀ। ਕੀਤੇ ਯਤਨ.....

ਜਾਗੋ ਸੋਚੋ ਉੱਠੋ ਹੋਕਾ ਦਿੱਤਾ ਸੀ ਪਿਆਰ ਦਾ।
ਸਾਹਸਹੀਣ ਲੋਥਾਂ ਨੂੰ ਮੈਂ ਰਿਹਾ ਵਾਜਾਂ ਮਾਰਦਾ।
ਨਹੀਓਂ ਜੋਸ਼ ਮਰੀ ਗ਼ੈਰਤ ਨੂੰ ਆਇਆ,
ਕਿਸੇ ਦੀ ਨੀਂਦੋਂ ਜਾਗ ਨਾ ਖੁੱਲ੍ਹੀ। ਕੀਤੇ ਯਤਨ.....

ਕੀਤੇ ਯਤਨ ਬਥੇਰਾ ਰੌਲਾ ਪਾਇਆ,
ਕਿਸੇ ਦੀ ਨੀਂਦੋਂ ਜਾਗ ਨਾ ਖੁੱਲ੍ਹੀ, ਕੀਤੇ ਯਤਨ, ਕੀਤੇ ਯਤਨ.....
ਸਿੱਖੀ ਦੀ ਵਿਚਾਰਧਾਰਾ ਵਿਰਲਾ ਕੋਈ ਜਾਣਦਾ।
ਭੱਜਿਆਂ ਨੂੰ ਕਿਸ਼ਨ, ਕੀ ਫਾਇਦਾ ਸਮਝਾਣ ਦਾ।
ਜਿਨ੍ਹਾਂ ਮੁੰਦਰਾਂ ਪਾ ਸਿਰ ਮੂੰਹ ਮੁਨਾਇਆ,
ਕਿਸੇ ਦੀ ਨੀਂਦੋਂ ਜਾਗ ਨਾ ਖੁੱਲ੍ਹੀ।
ਕੀਤੇ ਯਤਨ ਬਥੇਰਾ ਰੌਲਾ ਪਾਇਆ, ਕਿਸੇ ਦਦਿ ਨੀਂਦੋਂ ਜਾਗ.....

ਨੋਟ : ਅੱਜ ਕੱਲ ਸਭ ਮਨੌਤੀ ਤੇ ਛਕਾਉਤੀ ਖੰਡ ਪਾਠ ਹੀ ਹੁੰਦੇ ਹਨ, ਅਖੰਡ ਪਾਠ ਨਹੀਂ।

ਸਹੀ ਸਿੱਖੀ ਛੱਡ ਚੱਲੀ

ਆਵਣ ਜਾਣ ਖੇਲ੍ਹ ਇੱਕ ਬਣਿਆ, ਦੁਨੀਆਂ ਗੋਰਖ਼ ਧੰਦਾ ਏ।
ਮਰਨਾ ਸੱਚ ਝੂਠ ਹੈ ਜੀਊਣਾ, ਸਮਝ ਨਾ ਸਕਿਆ ਬੰਦਾ ਏ।
ਇਹ ਸੁਪਨੰਤਰ ਦੁਨੀਆਂ ਮਨ ਨੂੰ, ਮਾਇਆ ਮੋਹ ਤੋਂ ਹੋੜ ਲਵੋ।
ਸਹੀ ਸਿੱਖੀ ਛੱਡ ਚੱਲੀ ਕਰਕੇ, ਉਪਰਾਲਾ ਕੋਈ ਮੋੜ ਲਵੋ।

ਸਿੱਖ ਸਤਿਗੁਰਾਂ ਸਿੱਖੀ ਲਈ, ਸਭ ਕੁੱਝ ਨਿਛਾਵਰ ਕਰ ਦਿੱਤਾ।
ਉੱਚੇ ਨੀਵੇਂ ਸਭ ਵਰਣਾ ਨੂੰ, ਇੱਕ ਬਰਾਬਰ ਕਰ ਦਿੱਤਾ।
ਮੁੜ ਜਾਤਾਂ ਦੀਆਂ ਪਈਆਂ ਵੰਡੀਆਂ, ਵੰਡਿਆਂ ਨੂੰ ਫਿਰ ਜੋੜ ਲਵੋ।
ਸਹੀ ਸਿੱਖੀ ਛੱਡ ਚੱਲੀ ਕਰਕੇ, ਉਪਰਾਲਾ ਕੋਈ ਮੋੜ ਲਵੋ।

ਰਹਿਤ ਕੁਰਹਿਤ ਦੋਹਾਂ ਵਿੱਚ ਕਰਨਾ, ਅਦਬ ਕੇਸਾਂ ਦਾ ਲਿਖਿਆ ਏ।
ਬੇਅਦਬੀ ਨਹੀਂ ਭੁੱਲਕੇ ਕਰਨੀ, ਸਤਿਗੁਰਾਂ ਦੀ ਸਿੱਖਿਆ ਏ।
ਰੱਖਣੇ ਵਾਲ ਜੇ ਔਖੇ ਸਮਝੋਂ, ਕੱਟਣੇ ਪੁੱਟਣੇ ਈ ਛੋੜ ਲਵੋ।
ਸਹੀ ਸਿੱਖੀ ਛੱਡ ਚੱਲੀ ਕਰਕੇ, ਉਪਰਾਲਾ ਕੋਈ ਮੋੜ ਲਵੋ।

ਕੇਸ ਸਵਾਸੀਂ ਨਿਭੇ ਸਿੱਖੀ, ਨਿੱਤ ਵਿੱਚ ਅਰਦਾਸ ਦੇ ਕਹਿੰਦੇ ਹਾਂ।
ਕੈਂਚੀ ਉਸਤਰਾ ਫੜ੍ਹ ਹੱਥੀਂ ਨਿੱਤ, ਮੂੰਹ ਸਿਰ ਮੁੰਨਣ ਬਹਿੰਦੇ ਹਾਂ।
ਰੱਖਣਾ ਨਹੀਂ ਜੋ ਮੰਗਦੇ ਕਿਉਂ ਹੋ, ਕੁੱਝ ਜ਼ਮੀਰ ਝੰਜੋੜ ਲਵੋ।
ਸਹੀ ਸਿੱਖੀ ਛੱਡ ਚੱਲੀ ਕਰਕੇ, ਉਪਰਾਲਾ ਕੋਈ ਮੋੜ ਲਵੋ।

ਸੰਗਤ ਪੰਗਤ ਗੁਰਾਂ ਜੋ ਤੋਰੀ, ਮਨਮੱਤੀ ਅੱਜ ਛੱਡ ਬੈਠੇ।
ਰਾਹ ਸੱਚ ਦਾ ਛੱਡ ਪੱਗਡੰਡੀਆਂ ਕਈ, ਸਿੱਖ ਵਿਰੋਧੀ ਕੱਢ ਬੈਠੇ।
ਢਹਿੰਦੀ ਕਲਾ ਵਿੱਚ ਆਏ ਸਿੱਖੋ, ਸੰਭਲੋ ਹੁਣ ਨਾ ਹੋਰ ਢਵੋ।
ਸਹੀ ਸਿੱਖੀ ਛੱਡ ਚੱਲੀ ਕਰਕੇ, ਉਪਰਾਲਾ ਕੋਈ ਮੋੜ ਲਵੋ।

ਕਈ ਬੇਸਮਝ ਸਿੱਖੀ ਦਾ ਦੇਖੋ, ਕਿੰਝ ਮਜ਼ਾਕ ਉਡਾਉਂਦੇ ਨੇ।
ਰਹਿਤ ਬਹਿਤ ਨਹੀਂ ਕੋਈ, ਨੰਬਰ ਇੱਕ ਦੇ ਸਿੱਖ ਕਹਾਉਂਦੇ ਨੇ।
ਬਿਨ ਗੁਰ ਧਾਰੇ ਸਿੱਖ ਨਹੀ, ਕੱਢ ਝੂਠੋਂ ਸੱਚ ਨਿਕੋਰ ਲਵੋ।
ਸਹੀ ਸਿੱਖੀ ਛੱਡ ਚੱਲੀ ਕਰਕੇ, ਉਪਰਾਲਾ ਕੋਈ ਮੋੜ ਲਵੋ।

ਡਾਕਟਰ ਮਾਸਟਰ ਤੇ ਜੱਜ ਦਾ ਪੁੱਤ, ਡਾਕਟਰ ਮਾਸਟਰ ਜੱਜ ਨਹੀਂ।
ਸੱਚ ਨੂੰ ਝੂਠੇ ਪਰਦੀਂ ਬਹੁਤਾ ਚਿਰ ਕੋਈ ਸਕਦਾ ਕੱਜ ਨਹੀਂ।
ਫੁੱਲ ਕਾਗ਼ਜੀ ਅਸਲ ਨਹੀਂ ਭਾਵੇਂ ਉੱਪਰ ਅਤਰ ਨਿਚੋੜ ਲਵੋ।
ਸਹੀ ਸਿੱਖੀ ਛੱਡ ਚੱਲੀ ਕਰਕੇ, ਉਪਰਾਲਾ ਕੋਈ ਮੋੜ ਲਵੋ।

ਸਿੱਖ ਬਾਣੇ ਵਿੱਚ ਅੱਜ ਫ਼ਰੇਬੀ, ਥਾਂ ਥਾਂ ਡੇਰੇ ਦਾਰ ਬਣੇ।
ਵੱਖਰੀ ਵੱਖਰੀ ਮਰਯਾਦਾ ਦੇ, ਭੋਲੇ ਸਿੱਖ ਸ਼ਿਕਾਰ ਬਣੇ।
ਭੇਖੀ ਪਿੱਛਾ ਛੱਡ ਕੇ ਸਿੱਖਾ, ਘਰ ਚੋਂ ਕੱਢ ਫੁੱਟ ਕੋੜ੍ਹ ਲਵੋ।
ਸਹੀ ਸਿੱਖੀ ਛੱਡ ਚੱਲੀ ਕਰਕੇ, ਉਪਰਾਲਾ ਕੋਈ ਮੋੜ ਲਵੋ।

ਸੰਤ ਸਮਾਜ ਨੇ ਤਣਿਆਂ ਤਾਣਾਂ, ਅੱਜ ਸਿੱਖੀ ਨੂੰ ਫੰਧਣ ਲਈ।
ਸਿੱਖ ਬਾਣਾ ਮਰਯਾਦਾ ਵੱਖਰੀ, ਸਿੱਖੀ ਰਹਿਤ ਉਲੰਘਣ ਲਈ।
ਗੁਰਮਤਿ ਦੋਖੀ ਬਾਗ਼ੀਆਂ ਨਾਲੋਂ, ਰਿਸ਼ਤਾ ਗੁਰਮੁਖੋ ਤੋੜ ਲਵੋ।
ਸਹੀ ਸਿੱਖੀ ਛੱਡ ਚੱਲੀ ਕਰਕੇ, ਉਪਰਾਲਾ ਕੋਈ ਮੋੜ ਲਵੋ।

ਜੋ ਕੰਮ ਕਦੀ ਪੰਡਤ ਸੀ ਕਰਦੇ, ਹੁਣ ਬਹੁਤ ਗ੍ਰੰਥੀ ਕਰਨ ਲੱਗੇ।
ਧਾਗੇ ਪੇੜੇ ਲਿਖ ਤਾਵੀਤ ਦੇ, ਦੁੱਖ ਲੋਕਾਂ ਦੇ ਹਰਨ ਲੱਗੇ।
ਇਤਿਹਾਸ ਦੀ ਥਾਂ ਮਿਥਿਹਾਸੀ, ਗਾਥਾਂ ਦਾ ਸੁਣ ਸ਼ੋਰ ਲਵੋ।
ਸਹੀ ਸਿੱਖੀ ਛੱਡ ਚੱਲੀ ਕਰਕੇ, ਉਪਰਾਲਾ ਕੋਈ ਮੋੜ ਲਵੋ।

ਕੀਰਤਨ ਸ਼ਬਦ ਵਿਚਾਰ ਕਥਾ, ਇੱਕ ਵਕਤ ਇੱਕੋ ਹੀ ਕਰ ਸਿੰਘਾ।
ਅਕਾਲ ਤਖ਼ਤ ਤੋਂ ਪ੍ਰਵਾਨਿਤ, ਮਰਯਾਦਾ ਦਾ ਲੜ ਫੜ ਸਿੰਘਾ।
ਦੇਖਾ ਦੇਖੀ ਖ਼ੁਦ ਨੂੰ ਨਾ, ਮਨਮਤਿ ਮੰਝਧਾਰ ਚ, ਰੋੜ੍ਹ ਲਵੋ।
ਸਹੀ ਸਿੱਖੀ ਛੱਡ ਚੱਲੀ ਕਰਕੇ, ਉਪਰਾਲਾ ਕੋਈ ਮੋੜ ਲਵੋ।

ਗੁਰੂ ਘਰੀਂ ਕਰੋ ਗੱਲ ਗੁਰੂ ਦੀ, ਅਨ ਮਨ ਮੱਤਾਂ ਠੀਕ ਨਹੀਂ।
ਲੱਗ ਗੁਰੂ ਲੜ ਸਿੱਖ ਬਣੋਂ, ਨਿਗੁਰੇ ਸਿੱਖੀ ਦੀ ਰੀਤ ਨਹੀਂ।
ਗੁਰੂ ਬਿਨਾਂ ਗਤਿ ਨਹੀਂ ਕਿਸ਼ਨ ਕਰ, ਲੱਖਾਂ ਓੜ ਤੇ ਪੋੜ ਲਵੋ।
ਸਹੀ ਸਿੱਖੀ ਛੱਡ ਚੱਲੀ ਕਰਕੇ, ਉਪਰਾਲਾ ਕੋਈ ਮੋੜ ਲਵੋ।

ਹੱਕੀ ਮੰਗਾਂ

ਗੂੜ੍ਹੀ ਨੀਂਦਰ ਸੁੱਤੀਆਂ, ਫਿਰ ਉਮੰਗਾਂ ਜਾਗ ਪਈਆਂ।
ਝੱਖੜ ਦਾ ਰੁਖ ਭਾਂਪ, ਤਰੰਗਾਂ ਜਾਗ ਪਈਆਂ।

ਜਦ ਪਿਆ ਬੂਟਿਐਂ ਬੂਰ, ਚੌਫੇਰਾ ਮਹਿਕ ਪਿਐ,
ਤਦ ਲਏ ਹੁਲਾਰੇ ਪਾਉਣ, ਪਤੰਗਾਂ ਜਾਗ ਪਈਆਂ।

ਜਿਨ੍ਹਾਂ, ਖ਼ਾਤਰ ਆਪਣਾ, ਸਭ ਕੁੱਝ ਦ੍ਹਾ ਤੇ ਲਾ ਬੈਠੇ,
ਉਹ ਕਪਟੀ ਸੋਚ ਮਕ੍ਹਾਰੀ ਡੰਗਾਂ ਜਾਗ ਪਈਆਂ।

ਖ਼ੁਦ ਜਿਸਦਾ ਵਿਰਸਾ ਨਹੀਂ, ਕਿਸੇ ਦਾ ਕਿੰਝ ਝੱਲੇ,
ਕਤਲੋ ਗਾਰਤ ਅੱਗਾਂ ਗੰਨਾਂ ਜਾਗ ਪਈਆਂ।

ਰੱਤ ਇਨਸਾਨੀ ਪੀ, ਰੱਜ ਘੂਕੀਂ ਸੁੱਤੀਆਂ ਜੋ,
ਦਿੱਲੀ ਤੇ ਸਰਹੰਦ ਦੀਆਂ, ਕੰਧਾਂ ਜਾਗ ਪਈਆਂ।

ਨੱਚਣ ਤਾਂਡਵ ਨਾਚ, ਬਦੀ ਬੇ ਇਨਸਾਫ਼ੀ,
ਜੱਜ ਚੋਰ ਧਾੜਵੀ, ਡਾਕੇ ਸੰਨ੍ਹਾਂ ਜਾਗ ਪਈਆਂ।

ਜਦ ਜਾਗ ਪਏ ਮਾਨੁੱਖ, ਹੱਕ ਦੱਬੇ ਰਹਿੰਦੇ ਨਹੀਂ,
ਤਦ ਹੱਕਾਂ ਵਿਹੜੇ, ਹੱਕੀ ਮੰਗਾਂ ਜਾਗ ਪਈਆਂ।

ਪੱਤ ਲਹਿੰਦੀ ਤੱਕ ਕੇ, ਅਣਖ ਬਗ਼ਾਵਤ ਕਰ ਬੈਠੀ,
ਤਦ ਸੌਹੀਆਂ ਅਤੇ ਗੁਰੀਲੀਆਂ ਜੰਗਾਂ ਜਾਗ ਪਈਆਂ।

ਸਿੱਖੀ ਦਾ ਕਿਰਦਾਰ, ਦੇਰ ਤੋਂ ਭੁੱਲੀਆਂ ਜੋ,
ਜੰਗਲ ਬੇਲੇ ਜੂਹਾਂ ਛੰਭਾਂ, ਜਾਗ ਪਈਆਂ।

ਬਿਖੜਾ ਪੈਂਡਾ ਔਖੀ ਘਾਟੀ ਚੜ੍ਹਨੇ ਲਈ,
ਹਿੰਮਤ ਬਲ ਨਾਲ ਕਦਮ, ਕੁਮੰਦਾਂ ਜਾਗ ਪਈਆਂ।

ਫੜ ਪੱਲਾ ਸੱਚ ਦਾ, ਫਾਂਸੀ ਚੜ੍ਹਦੇ ਡੋਲੇ ਨਹੀਂ,
ਸਿਰ ਜਾਏ ਸਿਰਰ ਨਾ ਜਾਏ, ਸੁਗੰਧਾਂ ਜਾਗ ਪਈਆਂ।

ਮਿੱਥੀ ਮੰਜ਼ਲ ਉੱਤੇ, ਇੱਕ ਦਿਨ ਪਹੁੰਚਣਗੇ,
ਮਨ ਕਿਸ਼ਨ, ਪਾਂਧੀਆਂ ਜ਼ਜ਼ਬੇ, ਪੰਧਾਂ ਜਾਗ ਪਈਆਂ।

ਇਹ ਸੰਤ ਵਡਿਆਈ ਹੈ ਜਾਂ ਛੁਟਿਆਈ ?

26 ਮਈ 2002 ਨੂੰ, ਮੈਲਬੌਰਨ ਦੇ ਇੱਕ ਗੁਰੂ ਘਰ ਵਿੱਚ, ਕਿਸੇ ਮਹਾਂ-ਪੁਰਖ ਦਾ ਸੇਵਕ, ਕੀਰਤਨ ਅਤੇ ਕਥਾ ਵਿਖਿਆਨ ਕਰਦੇ ਹੋਏ ਕਹਿ ਰਿਹਾ ਸੀ, ਕਿ ਇੱਕ ਵੇਰ, ਮਹਾਂ-ਪੁਰਖ, ਬ੍ਰਹਮ-ਗਿਆਨੀ, ਵੱਡੇ ਬਾਬਾ ਜੀ, ਗੁਰੂ-ਦਰਬਾਰ ਅੱਗੋਂ ਦੀ ਲੰਘ ਰਹੇ ਸਨ। ਉਨ੍ਹਾਂ ਦੇਖਿਆ ਇੱਕ ਛੋਟਾ ਜਿਹਾ ਬੱਚਾ, ਜਿਸਦੇ ਪੈਰੀਂ ਜੁੱਤੀ ਪਾਈ ਹੋਈ ਹੈ, ਗੁਰੂ-ਦਰਬਾਰ ਵਿੱਚ ਫਿਰ ਰਿਹਾ ਹੈ। ਮਹਾਂ-ਪੁਰਖਾਂ ਨੇ ਖਲੋ ਕੇ, ਥੋੜਾ ਕ੍ਰੋਧੀ ਨਜ਼ਰ ਨਾਲ, ਬੱਚੇ ਵਲ ਦੇਖਿਆ, ਅਤੇ ਚਲੇ ਗਏ। ਕਿਸੇ ਸੇਵਾਦਾਰ ਨੇ, ਬੱਚੇ ਦੇ ਮਾਂ ਪਿਓ ਨੂੰ ਕਿਹਾ ਕਿ ਐਹ ਘਟਨਾ ਵਾਪਰੀ ਹੈ, ਬੱਚਾ ਤਾਂ ਅਨਜਾਣ ਹੈ, ਤੁਸੀਂ ਜਾਕੇ, ਬਾਬਾ ਜੀ ਤੋਂ ਇਸ ਗ਼ਲਤੀ ਦੀ, ਮਾਫ਼ੀ ਮੰਗ ਲਵੋ। ਬੱਚਾ ਬਾਬਾ ਜੀ ਦੇ ਭਰਾ ਦਾ ਸੀ, ਸੋ ਬੱਚੇ ਦੇ ਮਾਤਾ ਜੀ ਕਹਿਣ ਲੱਗੇ, ਅਸੀਂ ਮਾਫ਼ੀ ਮੰਗ ਲਵਾਂਗੇ। ਕੁੱਝ ਦਿਨ ਲੰਘ ਗਏ ਤੇ ਬੱਚੇ ਦੇ ਮਾਤਾ ਪਿਤਾ ਨੂੰ, ਮਾਫ਼ੀ ਵਾਲੀ ਗੱਲ ਵਿਸਰ ਗਈ, ਉਹ ਮਾਫ਼ੀ ਮੰਗਣ ਨਾ ਆਏ। ਸੋ ਕੁੱਝ ਦਿਨਾਂ ਬਾਅਦ, ਬੱਚੇ ਦੀ ਮੌਤ ਹੋ ਗਈ। ਇਹ ਕਹਾਣੀ ਸੁਣਦੇ ਹੀ, ਮੇਰੀ ਸੋਚ, ਇੱਕ ਆਪ ਪੜ੍ਹੀ ਲਿਖਤ ਵਲ ਚਲੀ ਗਈ। ਜਿਸ ਵਿੱਚ ਲਿਖਾਰੀ ਨੇ ਲਿਖਿਆ ਹੋਇਆ ਹੈ, ਕਿ ਇੱਕ ਬ੍ਰਹਮ-ਗਿਆਨੀ ਮਹਾਂ-ਪੁਰਖ, ਇੱਕ ਦਰੱਖਤ ਹੇਠ ਬੈਠੇ, ਮੂੰਹ ਢੱਕ ਕੇ, ਸਿਮਰਨ ਵਿੱਚ ਲੀਨ ਸਨ। ਨੇੜਲੇ ਪਿੰਡ ਵਿੱਚੋਂ, ਦੋ ਤਿੰਨ ਮਨ-ਚਲੇ ਮੁੰਡੇ, ਉਧਰ ਨਿਕਲ ਆਏ, ਜਿੱਧਰ ਬਾਬਾ ਜੀ ਛਾਵੇਂ ਬੈਠੇ ਅਨੰਦਲੀਨ ਸਨ। ਮੂੰਹ ਢੱਕਿਆ ਦੇਖ, ਇੱਕ ਮੁੰਡੇ ਨੇ ਕਿਹਾ, ਬਾਬਾ ਜੀ, ਮੂੰਹ ਕਿਉਂ ਢੱਕਿਆ ਹੈ ? ਮੂੰਹ ਨੰਗਾ ਕਰ ਲਵੋ। ਬਾਬਾ ਜੀ ਬੋਲੇ, ਅਜੇ ਮੇਰਾ ਮੂੰਹ ਨੰਗਾ ਕਰਨ ਦਾ ਸਮਾਂ ਨਹੀਂ ਹੋਇਆ। ਇੱਕ ਮੁੰਡੇ ਨੇ, ਬਿਨ੍ਹਾਂ ਸੋਚੇ, ਬਾਬਾ ਜੀ ਦੇ ਮੂੰਹ ਤੋਂ, ਕਪੜਾ ਲਾਹ ਦਿੱਤਾ। ਫਿਰ ਕੀ ਸੀ, ਬਾਬਾ ਜੀ ਦੀਆਂ ਅੱਖਾਂ ਖੁੱਲੀਆਂ, ਜਿਸ ਚੀਜ਼ ਉੱਤੇ ਭੀ ਬਾਬਾ ਜੀ ਦੀ ਨਜ਼ਰ ਪਈ, ਉੱਥੇ ਹੀ ਅੱਗ ਲੱਗ ਗਈ। ਹਰ ਪਾਸੇ ਅੱਗ ਭੜਕੀ ਦੇਖ, ਪਿੰਡ ਵਿੱਚ ਕੁਰਲਾਹਟ ਮੱਚ ਗਈ। ਡਰ ਦੇ ਮਾਰੇ ਉਨ੍ਹਾਂ ਮੁੰਡਿਆਂ ਨੇ ਦੌੜ ਕੇ ਪਿੰਡ ਵਿੱਚ ਆਣ ਦੱਸਿਆ। ਮੁੰਡਿਆਂ ਦੀ ਗ਼ਲਤੀ ਦਾ ਪਤਾ ਲੱਗਾ ਤਾਂ ਸਾਰਾ ਪਿੰਡ ਇਕੱਠਾ ਹੋਇ, ਬਾਬਾ ਜੀ ਦੀ ਪੈਰੀਂ ਆਣ ਡਿੱਗਾ, ਅਤੇ ਮਾਫ਼ੀਆਂ ਮੰਗਣ ਲੱਗੇ। ਤਦ ਬਾਬਾ ਜੀ ਦੀ ਕ੍ਰੋਧ ਅਗਨੀਂ, ਕੁੱਝ ਸ਼ਾਂਤ ਹੋਈ, ਅਤੇ ਉਨ੍ਹਾਂ, ਉਤਾਂਹ ਨੂੰ ਵੇਖਿਆ, ਝੱਟ ਬੱਦਲ ਚੜ੍ਹ ਆਏ ਅਤੇ ਮੀਂਹ ਵਰਸਣ ਲੱਗਾ, ਜਿਸ ਨਾਲ ਸਭ ਪਾਸੇ ਲੱਗੀ ਅੱਗ, ਬੁੱਝ ਗਈ। ਹੈਰਾਨੀ ਹੁੰਦੀ ਹੈ, ਇਹੋ ਜਿਹੀਆਂ ਗਾਥਾਵਾਂ ਸੁਣਕੇ ਜਾਂ ਪੜ੍ਹਕੇ, ਕਿ ਪ੍ਰਾਣੀ ਭਗਤੀ, ਸਿਮਰਨ ਕਿਉਂ ਕਰਦਾ ਹੈ ? ਮਨ ਦੀ ਸ਼ਾਂਤੀ ਲਈ। ਆਪਣੇ ਅੰਦਰੂਨੀ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਨੂੰ ਕਾਬੂ, ਜਾਂ, ਵੱਸ ਵਿੱਚ ਕਰਨ

ਗਈ। ਜੇ ਕੋਈ ਪ੍ਰਾਣੀ, ਇਨ੍ਹਾਂ ਵਿਕਾਰਾਂ ਨੂੰ, ਵੱਸ ਵਿੱਚ ਨਹੀਂ ਕਰ ਸਕਿਆ, ਤਦ ਇਹ, ਸਾਫ਼ ਜ਼ਾਹਰ ਹੈ, ਕਿ ਉਸ ਪ੍ਰਾਣੀ ਦੇ ਅੰਦਰ, ਅਜੇ ਪਰਮਾਤਮਾ ਦੇ ਪਿਆਰ ਦਾ ਪ੍ਰਕਾਸ਼ ਨਹੀਂ ਹੋਇਆ, ਅਤੇ ਕੀਤਾ ਹੋਇਆ ਸਿਮਰਨ, ਭਗਤੀ ਅਧੂਰੀ ਹੈ। ਹੁਣ ਅਸੀਂ, ਸਤਿਗੁਰੂ ਦੀ ਬਾਣੀ ਵਿੱਚੋਂ, ਭਗਤੀ ਰੰਗ ਵਿੱਚ ਰੱਤਿਆਂ ਵਾਰੇ, ਪ੍ਰਮਾਣ ਵਿਚਾਰਾਂਗੇ :

ਸਾਧੂ ਸੰਗਿ ਤਰੀਜੈ ਸਾਗਰੁ ਕਟੀਐ ਜਮ ਕੀ ਫਾਸਾ ਜੀਉ ॥੧੦੮/੬॥
ਸਾਧ ਸੰਗਿ ਦੁਸਮਨ ਸਭਿ ਮੀਤ ॥੨੭੧/੧੧॥
ਸਾਧ ਕੈ ਸੰਗਿ ਮਿਟੇ ਸਭਿ ਰੋਗ ॥੨੭੨/੬॥
ਸਾਧ ਸੰਗਿ ਕਿਸ ਸਿਉ ਨਹੀ ਬੈਰੁ ॥੨੭੧॥
ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥੨੭੨॥
ਸੰਤ ਕ੍ਰਿਪਾਲ ਦਇਆਲ ਦਮੋਦਰ ਕਾਮ ਕ੍ਰੋਧ ਬਿਖੁ ਜਾਰੇ ॥੬੮੦॥
ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥੬੨੨॥
ਸੰਤ ਮੰਡਲ ਮਹਿ ਹਰਿ ਮਨਿ ਵਸੈ ॥
ਸੰਤ ਮੰਡਲ ਮਹਿ ਦੁਰਤੁ ਸਭੁ ਨਸੈ ॥੧੧੪੬॥
ਸੰਤ ਜਨਾ ਕਾ ਪੇਖਨ ਸਭੁ ਬ੍ਰਹਮ ॥
ਸੰਤ ਜਨਾ ਕੈ ਹਿਰਦੈ ਸਭਿ ਧਰਮ ॥੨੯੪॥
ਹਰਿ ਸਰਿ ਸਾਗਰੁ ਨਿਰਮਲੁ ਸੋਈ ॥
ਸੰਤ ਚੁਗਹਿ ਨਿਤ ਗੁਰਮੁਖਿ ਹੋਈ ॥੧੨੮॥
ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ ॥੬੮॥
ਗਿਆਨੀਆ ਅੰਦਰਿ ਗੁਰ ਸਬਦੁ ਹੈ ਨਿਤ ਹਰਿ ਲਿਵ ਸਦਾ ਵਿਗਾਸੁ ॥੧੪੧੫॥
ਗਿਆਨੀਆ ਕਾ ਧਨੁ ਨਾਮੁ ਹੈ ਸਦ ਹੀ ਰਹੈ ਸਮਾਇ ॥੧੨੮੨॥
ਗਿਆਨੀ ਹੋਇ ਸੁ ਚੇਤੰਨੁ ਹੋਇ ਅਗਿਆਨੀ ਅੰਧੁ ਕਮਾਇ ॥੫੫੬॥
ਗਿਆਨੀ ਹੋਵੈ ਸੁ ਗੁਰਮੁਖਿ ਬੂਝੈ ਸਾਚੀ ਸਿਫਤਿ ਸਲਾਹਾ ਹੇ ॥੧੦੫੬॥
ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰ ਸਮਾਨਿ ॥੨੭੨॥
ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤ ਬਰਸੀ ॥੨੭੩॥
ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥੨੭੩॥
ਬ੍ਰਹਮ ਗਿਆਨੀ ਅਹੰਬੁਧਿ ਤਿਆਗਤ ॥੨੭੩॥
ਬ੍ਰਹਮ ਗਿਆਨੀ ਅਨਾਥ ਕਾ ਨਾਥ ॥੨੭੩॥

ਉੱਪਰ ਦਿੱਤੇ ਗੁਰਬਾਣੀ ਪ੍ਰਮਾਣ, ਪੂਰਨ ਸਾਧ ਸੰਤ ਗਿਆਨੀ ਬ੍ਰਹਮ ਗਿਆਨੀ ਹੋਣ ਦਾ ਸੰਕੇਤ ਦਿੰਦੇ, ਉਨ੍ਹਾਂ ਦੀ ਮਨੋ-ਦਸ਼ਾ ਜਾਂ ਉਨ੍ਹਾਂ ਦੇ ਸੰਸਾਰੀ ਜੀਵਾਂ ਨਾਲੋਂ ਭਿੰਨ ਹੋਣ ਦਾ ਸੱਚਾ ਸਬੂਤ ਹਨ। ਫਿਰ ਭੀ ਪਤਾ ਨਹੀਂ ਇਨ੍ਹਾਂ ਦੇ ਚਾਟੜੇ, ਇਨ੍ਹਾਂ ਦੇ ਚੇਲੇ ਅਨਹੋਣੀਆਂ ਅਤੇ ਗੁਰਮਤਿ ਵਿਰੋਧੀ ਕਹਾਣੀਆਂ ਭਗਤੀ ਰੱਤਿਆਂ ਦੇ ਨਾਵਾਂ ਨਾਲ ਕਿਉਂ ਜੋੜ ਦਿੰਦੇ ਹਨ। ਇਹੋ ਜਿਹੇ ਖ਼ੁਸ਼ਾਮਦੀ ਚਾਟੜੇ ਤਾਂ ਇਹ ਭੀ ਨਹੀਂ ਜਾਣਦੇ ਕਿ ਇਸ ਤਰ੍ਹਾਂ ਦੀਆਂ ਕਹਾਣੀਆਂ ਸੁਣਾ ਕੇ ਉਹ ਆਪਣੇ ਬਾਬਿਆਂ ਦੀ ਵਡਿਆਈ ਨਹੀਂ ਕਰ ਰਹੇ ਸਗੋਂ ਉਨ੍ਹਾਂ ਨੂੰ ਛੁਟਿਆ (ਬੌਨੇ ਬਣਾ) ਰਹੇ ਹਨ।

ਸ਼ਹੀਦ ਸਿੰਘ, ਬਾਬਾ ਕਿੱਕਰੀਆ

ਸਾਡੀ ਜਾਣ ਪਛਾਣ ਵਾਲੇ ਇੱਕ (ਸਿੱਖ ਕਹਾਉਂਦੇ) ਜ਼ਿਮੀਦਾਰ ਪਰਿਵਾਰ ਦੇ ਖੇਤਾਂ ਵਿੱਚ, ਚਾਰ ਕੁ ਮੰਜ਼ਲੀ ਗੁੰਬਦ ਵਾਲੀ ਇਮਾਰਤ ਬਣੀ ਹੋਈ ਹੈ। ਜਿਸ ਦੇ ਅੱਗੇ ਭਗਵੇਂ (ਬਸੰਤੀ ਜਾਂ ਅੰਬਰੀ ਨਹੀਂ) ਕਪੜੇ ਦੇ ਪੁਸ਼ਾਕੇ ਵਾਲਾ ਝੰਡਾ (ਜਿਸ ਉੱਤੇ ਅਨਜਾਣ ਕਾਰੀਗਰ ਵਲੋਂ ਬਣਾਇਆ ਬੇਹੂਦਾ ਜਿਹਾ ਕਿਰਪਾਨਾਂ ਵਾਲਾ ਖੰਡਾ ਲਗਾ ਕੇ) ਗੱਡਿਆ ਹੋਇਆ ਹੈ। ਇਸ ਜਗ੍ਹਾ ਦੇ ਉਦਾਲੇ ਕੀਤੀ ਚਾਰ ਦਿਵਾਰੀ ਦੇ ਅੰਦਰ ਹੀ ਇੱਕ ਕਾਫ਼ੀ ਵੱਡਾ ਕਿੱਕਰ ਦਾ ਰੁੱਖ ਹੈ, ਜਿਸ ਦੇ ਚੁਫੇਰੇ ਥੜ੍ਹਾ ਬਣਿਆਂ ਹੋਇਆ ਹੈ ਜਿਸ ਉੱਤੇ ਸ਼ਰਧਕਾਂ ਵਲੋਂ ਜ਼ਾਹਰ ਕੀਤੀ ਸ਼ਰਧਾ ਦੇ ਪ੍ਰਤੀਕ, ਮਿੱਟੀ ਦੇ ਦੀਵੇ ਖਿਲਰੇ ਰਹਿੰਦੇ ਹਨ। ਪੰਜ ਕੁ ਸਾਲ ਪਹਿਲੇ ਇੱਥੇ ਇੱਕ ਛੋਟੀ ਜਿਹੀ ਮਟੀ (ਕੁੱਪ ਨੁਮਾ ਬਣਤਰ ਵਾਲੀ) ਹੁੰਦੀ ਸੀ। ਜਿਸ ਨੂੰ ਬਾਬਾ ਕਿੱਕਰ ਵਾਲਾ ਕਹਿੰਦੇ ਸਨ। ਇਸ ਪਰਿਵਾਰ ਦਾ ਇੱਕ ਪ੍ਰਾਣੀ ਪ੍ਰਦੇਸ ਚਲਾ ਗਿਆ। ਸਰੀਰ ਦਾ ਨਰੋਆ ਤੇ ਉੱਦਮੀ ਸੁਭਾਓ ਵਾਲਾ ਸੀ। ਜਾਨ ਹੂਲ ਕੇ ਮਿਹਨਤ ਕੀਤੀ, ਕਾਰੋਬਾਰ ਵਧੀਆ ਚੱਲ ਪਿਆ। ਇੱਕ ਦਿਨ ਪਿੰਡੋਂ ਆਈ ਪਤਨੀ ਦੀ ਚਿੱਠੀ ਮਿਲੀ, ਲਿਖਿਆ ਸੀ ਕਿ ਮੈਂ ਤੁਹਾਡੇ ਪ੍ਰਦੇਸ ਜਾਣ ਲਈ, ਬਾਬੇ ਕਿੱਕਰ ਵਾਲੇ ਦੀ ਜਗ੍ਹਾ ਉੱਤੇ ਅਖੰਡ ਪਾਠ ਸੁੱਖਿਆ ਸੀ, ਕਰਵਾ ਦੇਈਏ ? ਉਸ ਪ੍ਰਦੇਸੀ ਨੇ ਝੱਟ ਮਾਇਆ ਭੇਜ ਦਿੱਤੀ। ਬੱਸ ਹੋ ਗਈ ਅਖੰਡ ਪਾਠਾਂ ਦੀ ਸ਼ੁਰੂਆਤ। ਪਰਿਵਾਰ (ਪਤਨੀ, ਬੱਚੇ) ਭੀ ਪ੍ਰਦੇਸ ਪਹੁੰਚ ਗਏ। ਇਸ ਪਰਿਵਾਰਕ ਮੇਲ ਨੂੰ, ਬਾਬੇ ਕਿੱਕਰ ਵਾਲੇ ਦੀ ਕ੍ਰਿਪਾ ਸਮਝ ਕੇ ਪ੍ਰਦੇਸੀ ਪਰਿਵਾਰ ਨੇ, ਇਸ ਛੋਟੀ ਜਿਹੀ ਮਟੀ ਨੂੰ, ਬਾਬੇ ਦਾ ਵਧੀਆ ਸਥਾਨ ਬਨਾਉਣ ਦਾ ਮਨ ਬਣਾ ਲਿਆ। ਬੱਸ ਮਾਇਆ ਦਾ ਕ੍ਰਿਸ਼ਮਾ ਅਤੇ ਬਣ ਗਈ ਇਹ ਸ਼ਾਨਦਾਰ (ਬੇ-ਫਾਇਦੀ ਤੇ ਬੇ-ਮਾਇਨੀ) ਇਮਾਰਤ। ਜਿਸ ਦੇ ਦਰਵਾਜ਼ੇ (Gate) ਉੱਤੇ, ਸ਼ਹੀਦ ਸਿੰਘ, ਬਾਬਾ ਕਿੱਕਰੀਆ, ਲਿਖ ਦਿੱਤਾ ਗਿਆ। ਇੱਕ ਦਿਨ ਅਚਾਨਕ ਹੀ ਉਸ ਪਰਿਵਾਰ ਦੇ ਇੱਕ ਬਜ਼ੁਰਗ ਨਾਲ ਮੇਲ ਹੋ ਗਿਆ। ਮੈਂ ਉਸ ਤੋਂ, ਇਸ ਸ਼ਹੀਦ ਸਿੰਘ ਵਾਰੇ ਕੁੱਝ ਜਾਨਣਾ ਚਾਹਿਆ। ਬਜ਼ੁਰਗ ਕਹਿਣ ਲੱਗਾ, ਸੁਣਿਆਂ ਹੋਇਆ ਹੈ ਕਿ ਸਾਡਾ ਕੋਈ ਵਡੇਰਾ ਜੋ ਛੜਾ (ਅਣਵਿਆਹਿਆ) ਹੀ ਰਹਿ ਗਿਆ ਸੀ, ਅੰਮ੍ਰਿਤ ਛਕ ਕੇ, ਨਿਹੰਗ ਸਿੰਘਾਂ ਨਾਲ ਜਾ ਰਲਿਆ ਸੀ। ਇੱਕ ਵੇਰ ਪਿੰਡ ਆਇਆ ਹੋਇਆ ਸੀ। ਸਾਡਾ ਬਾਬਾ ਜਾਂ ਪੜਦਾਦਾ, ਇਸ ਕਿੱਕਰ ਨੂੰ ਛਾਂਗਣ ਲੱਗਾ ਤਾਂ, ਉਸ ਨਿਹੰਗ ਬਾਬੇ ਨੇ ਕਿਹਾ, ਇਹ ਕੰਮ ਮੈਂ ਕਰ ਦਿੰਦਾ ਹਾਂ। ਰੋਕਣ ਦੇ ਬਾਵਜੂਦ ਭੰਗ ਦੇ ਨਸ਼ੇ ਦੀ ਲੋਰ ਵਿੱਚ, ਉਹ ਕਿੱਕਰ ਉੱਤੇ ਚੜ੍ਹ ਗਿਆ। ਅਚਾਨਕ ਪੈਰ ਤਿਲਕਣ ਨਾਲ ਥੱਲੇ ਡਿੱਗਦਿਆਂ ਹੀ ਉਸ ਦੀ ਮੌਤ ਹੋ ਗਈ। ਮੈਂ ਪੁੱਛਿਆ, ਇਸ ਬਾਬੇ ਦਾ ਨਾਮ ਕੀ ਸੀ ? ਉਹ ਬੋਲਿਆ, ਨਾਮ ਤਾਂ ਪਤਾ ਨਹੀਂ। ਪਹਿਲਾਂ ਤੋਂ ਹੀ, ਬਾਬਾ ਕਿੱਕਰ

ਵਾਲਾ ਸੁਣਦੇ ਆ ਰਹੇ ਹਾਂ। ਮੈਂ ਕਿਹਾ ਬਜ਼ੁਰਗੋ, ਸ਼ਹੀਦ ਉਸ ਨੂੰ ਕਿਹਾ ਜਾਂਦਾ ਹੈ ਜਿਸ ਨੇ ਆਪਣੇ ਧਰਮ, ਆਪਣੀ ਕੌਮ ਜਾਂ ਆਪਣੇ ਦੇਸ਼ ਲਈ ਜਾਨ (ਕੁਰਬਾਨੀ) ਦਿੱਤੀ ਹੋਵੇ। ਇਸ ਤਰ੍ਹਾਂ ਅਚਾਨਕ ਜਾਂ ਭਾਣੇ ਅਨੁਸਾਰ ਹੋਈ ਮੌਤ ਨੂੰ, ਤੁਸੀਂ ਸ਼ਹੀਦ ਕਿਉਂ ਕਹਿੰਦੇ ਜਾਂ ਲਿਖਦੇ ਹੋ? ਦੇਖੋ ਜੀ, ਅਸੀਂ ਇਹ ਕਿੱਕਰ ਦਾ ਰੁੱਖ ਪੁੱਟਣ ਲੱਗੇ ਸੀ। ਅਚਾਨਕ ਹੀ ਇੱਕ ਫਨੀਅਰ ਫਨ ਫੈਲਾ ਕੇ ਅੱਗੇ ਖੜ ਗਿਆ। ਬਸ ਉਹ ਦਿਨ ਗਿਆ ਅਸੀਂ ਕਿੱਕਰ ਪੁੱਟਣ ਵਾਰੇ ਕਦੀ ਸੋਚਿਆ ਭੀ ਨਹੀਂ। ਇਸ ਸਾਡੇ ਵਡੇਰੇ ਦੀ ਜ਼ਮੀਨ ਜਾਇਦਾਦ ਸਾਡੇ ਹੀ ਵਾਰਸਾਂ ਨੂੰ ਮਿਲੀ ਸੀ। ਇੱਕ ਦਿਨ, ਸਾਡੀ ਜਿਹੜੀ ਬਹੂ ਬਾਹਰ (ਪ੍ਰਦੇਸ) ਚਲੀ ਗਈ ਹੈ, ਉਸ ਨੂੰ ਦਾਬਾ ਪੈ ਗਿਆ। ਸਾਰਾ ਪਰਿਵਾਰ ਉਸਦੇ ਇਰਦ ਗਿਰਦ ਇਕੱਠਾ ਹੋ, ਆਪੋ ਆਪਣੀ ਸਮਝ ਅਨੁਸਾਰੀ ਯਤਨ ਕਰਨ ਲੱਗਾ। ਉਸ ਕੋਲ ਧੂਫ ਧੁਖਾਈ ਗਈ, ਤਦ ਉਹ ਇਸ ਬਾਬੇ ਦੇ ਬੋਲਾਂ ਵਿੱਚ ਬੋਲ ਉੱਠੀ ਕਿ ਮੇਰੀ ਜ਼ਮੀਨ ਜਾਇਦਾਦ ਸੰਭਾਲਣ ਲਈ ਮੇਰੇ ਜਾਨਸ਼ੀਨ (ਨਜ਼ਦੀਕੀ) ਬਣਦੇ ਹੋ, ਪਰ ਮੈਨੂੰ ਅਨਗੌਲਿਆਂ ਕਰ ਕੇ, ਮੇਰਾ ਚੇਤਾ ਹੀ ਭੁੱਲਾ ਦਿੱਤਾ ਹੈ। ਜੇ ਪਰਿਵਾਰ ਦੀ ਸੁੱਖ ਸ਼ਾਂਤੀ ਚਹੁੰਦੇ ਹੋ ਤਾਂ ਮੇਰੇ ਵਾਸਤੇ ਰਹਾਇਸ਼ੀ ਜਗ੍ਹਾ ਬਣਾ ਕੇ ਮਨੌਤ ਕਰੋ। ਬੱਸ ਤਦ ਤੋਂ ਇਸ ਜਗ੍ਹਾ ਦੀ ਮਨੌਤ ਕਰਦੇ ਹਾਂ। ਮੈਂ ਇੱਕ ਸਿੱਖ ਹੋਣ ਦੇ ਨਾਤ੍ਹੇ, ਉਸ ਬਜ਼ੁਰਗ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਦਾਬਾ ਵਗ਼ੈਰਾ ਕੁੱਝ ਨਹੀਂ ਹੁੰਦਾ ਇਹ ਇੱਕ ਮਾਨਸਿਕ ਰੋਗ ਹੁੰਦਾ ਜੋ ਔਰਤਾਂ ਵਿੱਚ ਹੀ ਵਧੇਰੇ ਹੁੰਦਾ ਹੈ। ਵੈਸੇ ਵੀ ਕੋਈ ਸਿੱਖ ਜਾਂ ਕੋਈ ਭੀ ਭਗਤੀ ਭਾਵਨਾ ਵਾਲਾ, ਪ੍ਰਭੂ ਨਾਲ ਮਿਲਾਪ ਲਈ ਹੀ ਸਿੱਖ ਬਣਦਾ ਜਾਂ ਭਗਤੀ ਕਰਦਾ ਹੈ। ਕਿਸੇ ਮਟੀ ਵਿੱਚ ਰਹਿਣ ਲਈ ਨਹੀਂ। ਜੋ ਭਗਤ ਹੁੰਦਾ ਹੈ ਉਹ ਤਾਂ ਨਿਰਵੈਰ ਹੁੰਦਾ ਹੈ। ਉਹ ਕਿਸੇ ਨੂੰ ਤੰਗ ਕਰਕੇ ਆਪਣੀ ਮੜ੍ਹੀ ਕਿਉਂ ਬਣਵਾਏਗਾ। ਸਾਨੂੰ ਇਹ ਡਰ ਉੱਕਾ ਹੀ ਦਿਲੋਂ ਕੱਢ ਦੇਣਾ ਚਾਹੀਦਾ ਹੈ ਕਿ ਕਿਸੇ ਮਿਰਤਕ ਪ੍ਰਾਣੀ, ਜਿਸ ਦੇ ਸਰੀਰ ਨੂੰ ਅੱਗ ਵਿੱਚ ਸਾੜ੍ਹਿਆ ਜਾਂ ਟੋਇਆ ਪੁੱਟ ਕੇ ਦੱਬ ਦਿੱਤਾ ਗਿਆ ਹੈ ਦੀ ਆਤਮਾ ਜਾਂ ਰੂਹ ਜਾਂ ਮਿਰਤਕਾਂ ਦੀ ਯਾਦ ਵਿੱਚ ਬਣਾਈਆਂ (ਬਾਬਾ ਟਾਹਲੀ ਵਾਲਾ, ਫਲਾਹੀਆਂ ਵਾਲਾ, ਤੂਤਾਂ, ਪਿੱਪਲਾਂ, ਬੋਹੜਾਂ ਵਾਲੀਆਂ) ਮੜ੍ਹੀਆਂ, ਕਦੀ ਭੀ ਕਿਸੇ ਦਾ ਕੁੱਝ ਨਹੀਂ ਬਿਗਾੜ ਸਕਦੀਆਂ। ਉਸ ਬਜ਼ੁਰਗ ਨੇ ਮੇਰੇ ਬੋਲਣ ਕਹਿਣ ਦਾ ਕੋਈ ਅਸਰ ਹੀ ਨਹੀਂ ਸੀ ਕਬੂਲਿਆ। ਅੰਤ ਵਿੱਚ ਗੱਲ ਗੁਰ ਉਪਦੇਸ਼ ਉੱਤੇ ਆ ਕੇ ਹੀ ਮੁੱਕਦੀ ਹੈ ਕਿ: **ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ ॥੨੮/੩॥** ਹੁਣ ਇਸ ਜਗ੍ਹਾ ਉੱਤੇ, ਸੁੱਖਣਾ ਅਨੁਸਾਰੀ ਦੇਸੀ ਅਤੇ ਪ੍ਰਦੇਸੀ ਮਾਇਆ ਨਾਲ, ਕਈ ਕਈ ਇਕੱਠੇ ਅਖੰਡ ਪਾਠ ਕਰਵਾਏ ਜਾਂਦੇ ਹਨ। ਦੇਖ ਭਾਲ ਵਾਸਤੇ ਕਮੇਟੀ ਭੀ ਬਣੀ ਹੋਈ ਹੈ, ਜੋ ਇੱਥੇ ਚੜ੍ਹਦੀ ਮਾਇਆ ਦਾ ਹਿਸਾਬ ਰੱਖਦੀ ਹੈ। ਜਗ੍ਹਾ ਦੇ ਅੰਦਰ ਗੋਲਕ ਰੱਖੀ ਹੋਈ ਹੈ। ਜਿਸ ਦੇ ਜਿੰਦੇ ਕਈ ਵੇਰ ਟੁੱਟ ਚੁੱਕੇ ਹਨ। ਦਰਵਾਜ਼ਾ ਖੁੱਲਾ ਰਹਿ ਜਾਵੇ ਤਾਂ, ਜਾਨਵਰ ਭੀ ਆਪਣੀ ਰਿਹਾਇਸ਼ ਬਣਾ ਲੈਂਦੇ ਅਤੇ ਆਪਣਾ ਮਨ ਚਾਹਾ ਕਾਰੋਬਾਰ ਕਰ ਕੇ ਆਨੰਦ ਮਾਣਦੇ ਹਨ। ਇਹੋ ਜਿਹੇ ਸਮੂਹ ਅਖੌਤੀ ਬਾਬੇ, ਚੋਰਾਂ ਯਾਰਾਂ ਅਤੇ ਜਾਨਵਰਾਂ ਨਾਲ ਕਦੀ ਨਾਰਾਜ਼ ਨਹੀਂ ਹੁੰਦੇ। ਕਿਉਂਕਿ ਇਹ ਖ਼ਿਆਲੀ (ਭਰਮ ਅਨੁਸਾਰੀ ਪੈਦਾ ਕੀਤੇ) ਬਾਬੇ ਉਨ੍ਹਾਂ ਦਾ ਕੁੱਝ ਵਿਗਾੜ ਹੀ ਨਹੀਂ ਸਕਦੇ। ਸਿਰਫ਼

ਆਪਣੇ ਸ਼ਰਧਾਵਾਨਾਂ ਨੂੰ ਹੀ ਡਰਾ ਕੇ, ਕੋਈ ਦੁੱਖ ਦੇ ਕੇ ਜਾਂ ਕਿਸੇ ਭੀ ਤਰੀਕੇ ਕੋਈ ਨੁਕਸਾਨ ਪਹੁੰਚਾ ਕੇ, ਆਪਣੇ ਗ਼ੁੱਸੇ ਦਾ ਇਜ਼ਹਾਰ (ਦਿਖਾਵਾ) ਕਰਾਉਂਦੇ ਅਤੇ ਆਪਣੀ ਮਨੌਤ (ਪੂਜਾ ਪਾਠ, ਸੁੱਖਾਂ ਸੁੱਖਣ) ਲਈ ਮਜਬੂਰ ਕਰਦੇ ਹਨ। ਇਹ ਸਭ ਅਗਿਆਨਮਈ ਸੋਚ ਵਿੱਚ, ਆਪਣੀ ਥ੍ਹਾਂ ਬਣਾ ਬੈਠਾ ਇੱਕ ਭਰਮ, ਵੱਡਾ ਭੁਲੇਖਾ ਹੀ ਹੈ। ਬੇਨਤੀ ਹੈ ਸਿੱਖ ਅਖਾਉਣ ਵਾਲਿਆਂ ਨੂੰ, ਆਪਣੇ ਗੁਰੂ ਦੇ ਉਪਦੇਸ਼ ਨੂੰ ਪੜ੍ਹੋ, ਵਿਚਾਰੋ। ਗਿਆਨ ਦਾ ਅੰਜਨ (ਸੁਰਮਾ) ਅੱਖਾਂ ਵਿੱਚ ਪੈਂਦਿਆਂ ਹੀ, ਸਭ ਅਗਿਆਨ, ਭਰਮ, ਭੁਲੇਖੇ ਆਪ ਹੀ ਦੂਰ ਹੋ ਜਾਣਗੇ। ਗੁਰ ਉਪਦੇਸ਼ ਹੈ : **ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ ॥ ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ** ॥੯੫੪/੧੬॥

ਗੁਰਬਾਣੀ ਨੂੰ ਪੜ੍ਹਨਾ, ਵਿਚਾਰਨਾ ਅਤੇ ਉਪਦੇਸ਼ ਅਨੁਸਾਰੀ ਜੀਵਨ ਜਿਊਣਾ ਹੀ, ਸਿੱਖੀ ਜੀਵਨ ਹੈ।

ਬੇਅਦਬੀ (ਨਿਰਾਦਰ)

ਕਈ ਵੇਰ ਕਿਤਾਬਾਂ ਜਾਂ ਅਖ਼ਬਾਰਾਂ ਵਿੱਚ ਲਿਖਿਆ ਪੜ੍ਹੀਦਾ ਹੈ ਕਿ ਕਿਸੇ ਗੁਰਦੁਆਰੇ ਵਿੱਚ ਸਿੱਖਾਂ ਦੀ ਆਪਸੀ ਲੜ੍ਹਾਈ ਨੇ, ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ (ਅਪਮਾਨ, ਨਿਰਾਦਰ) ਕੀਤੀ ਜਾਂ ਕਿਸੇ ਕਰਮਕਾਂਡੀ ਨੇ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਦੇ ਨਾਲ ਹੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਕੇ ਬੇਅਦਬੀ ਕੀਤੀ ਹੈ। ਕੀ ਵਾਕਈ ਗੁਰੂ ਗ੍ਰੰਥ ਸਾਹਿਬ ਜੀ ਦਾ ਅਪਮਾਨ (ਨਿਰਾਦਰ) ਹੋ ਸਕਦਾ ਜਾਂ ਕੀਤਾ ਜਾ ਸਕਦਾ ਹੈ ? ਇਹ ਬਹੁਤ ਹੀ, ਸੁਹਿਰਦ ਸੋਚ ਨਾਲ ਸਮਝਿਆ ਵਿਚਾਰਿਆ ਜਾ ਸਕਦਾ ਹੈ। ਜਵਾਬ ਲਿਖਣ ਤੋਂ ਪਹਿਲਾਂ ਇੱਕ ਆਪ ਬੀਤੀ ਘਟਨਾ ਦਾ ਜ਼ਿਕਰ ਜਰੂਰ ਕਰਾਂਗਾ। 29 ਜੁਲਾਈ, 2007 ਵਾਲੇ ਦਿਨ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕਰੇਗੀਬਰਨ (ਮਿਲਬੌਰਨ, ਅਸਟ੍ਰੇਲੀਆ) ਦੀ ਪ੍ਰਬੰਧਕ ਕਮੇਟੀ ਚੁਣੀ ਜਾਣੀ ਸੀ। ਮੈਨੂੰ ਪਹਿਲੀ ਕਮੇਟੀ ਵਲੋਂ, ਚੋਣ ਅਧਿਕਾਰੀ (Returning Officer) ਬਣਾਇਆ ਗਿਆ ਸੀ। ਸਤਿਗੁਰ ਦੀ ਬਖ਼ਸ਼ੀ ਸੂਝ ਮੁਤਾਬਿਕ ਮੈਂ ਆਪਣੇ ਵਲੋਂ ਗੁਰਮਤਿ ਸਿਧਾਂਤ [ਗੁਰੂ ਘਰ ਦੀ ਪ੍ਰਬੰਧਕ ਕਮੇਟੀ Election (ਲੁਕਵੀਆਂ ਪਰਚੀਆਂ) ਨਾਲ ਨਹੀਂ ਸੰਗਤ ਵਿੱਚ, Selection (ਸਰਬ ਸੰਮਤੀ) ਨਾਲ ਚੁਣੀ ਜਾਣੀ ਚਾਹੀਦੀ ਹੈ] ਅਨੁਸਾਰ [ਕਿ ਸੱਚੇ ਸਤਿਗੁਰੂ ਦੀ ਹਜ਼ੂਰੀ ਵਿੱਚ, ਸਿੱਖ ਸੱਚ ਉੱਤੇ ਖੜ੍ਹ ਕੇ ਪ੍ਰਬੰਧਕਾਂ ਦੀ ਚੋਣ ਕਰਨ। ਕਿਸੇ ਪਾਖੰਡੀ ਜਾਂ ਭੇਖੀ (ਗੁਪਤ ਪਰਚੀਆਂ ਵਾਲੀ) ਕਾਰਵਾਈ (**ਦਿਲਹੁ ਮੁਹਬਤਿ ਜਿਨੑ ਸੇਈ ਸਚਿਆ ॥ ਜਿਨੑ ਮਨਿ ਹੋਰੁ ਮੁਖਿ ਹੋਰ ਸਿ ਕਾਂਢੇ ਕਚਿਆ ॥ ੪੮੮/੮॥ ਰਹਤ ਅਵਰ ਕਛੁ ਅਵਰ ਕਮਾਵਤ ॥ ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ ॥੨੬੯/੭॥**) ਨਾਲ ਨਹੀਂ] ਚੋਣ ਕਰਾਉਣ ਦੀ ਕੋਸ਼ਿਸ਼ ਕੀਤੀ। ਸਿੱਖ ਦਾ ਤਾਂ ਕਿਰਦਾਰ ਹੀ ਸੱਚ (**ਜੀਅਹੁ ਨਿਰਮਲ ਬਾਹਰਹੁ ਨਿਰਮਲ ॥ ਬਾਹਰਹੁ ਤ ਨਿਰਮਲ ਜੀਅਹੁ ਨਿਰਮਲ ਸਤਿਗੁਰ ਤੇ ਕਰਣੀ ਕਮਾਣੀ ॥ ਕੂੜ ਕੀ ਸੋਇ ਪਹੁਚੈ ਨਾਹੀ ਮਨਸਾ ਸਚਿ ਸਮਾਣੀ ॥੯੧੯/੧੩॥**) ਉੱਤੇ ਖੜ੍ਹਨਾ ਹੈ। ਜਿਉਂ ਹੀ ਮੈਂ ਦੋ ਉਮੀਦਵਾਰਾਂ ਦੇ ਨਾਮ ਲੈ ਕੇ ਇੱਕ ਦੇ ਹੱਕ ਵਿੱਚ ਖੜ੍ਹੇ ਹੋਣ ਲਈ ਬੇਨਤੀ ਕੀਤੀ, ਉਸੇ ਵੇਲੇ ਕੁੱਝ ਸ਼ਰਾਰਤੀ ਅਨਸਰਾਂ (ਗੁਰਮਤਿ ਸੋਚ ਤੋਂ ਸੱਖਣਿਆਂ) ਨੇ, ਗੁਰੂ ਦਰਬਾਰ ਵਿੱਚ ਬੈਠੇ ਹੋਣ ਦੀ ਪ੍ਰਵਾਹ ਨਾ ਕਰਦਿਆਂ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਪੁਰਾਤਨ ਸੈਕਟਰੀ ਨੇ ਮੇਰੇ ਕੋਲ ਆ, ਇਹ ਕਹਿ ਕਿ ਹੁਣ ਤੁਸੀਂ ਇੱਥੇ ਲੋਕਾਂ ਦੇ ਸਿਰ ਪੜਵਾਉਣੇ ਹਨ, ਮੈਨੂੰ ਇਹ ਸੰਕੇਤ ਦੇ ਦਿੱਤਾ ਕਿ ਗੁਰਦੁਆਰੇ ਵਿੱਚ, ਸਿਰ ਪਾੜ੍ਹਨ ਵਾਲੀ ਸੋਚ ਦਾਖ਼ਲ ਹੋ ਚੁੱਕੀ ਹੈ। ਫਿਰ ਵੀ ਕੋਸ਼ਿਸ਼ ਕੀਤੀ ਗਈ ਕਿ ਕਿਸੇ ਉਪਰਾਲੇ ਸਰਬ ਸੰਮਤੀ ਨਾਲ ਫ਼ੈਸਲਾ ਹੋ ਜਾਵੇ। ਕੌਮ ਦਰਦੀਆਂ ਨੇ ਲਿਲ੍ਹਕੜੀਆਂ ਕੱਢਦਿਆਂ ਬੇਨਤੀਆਂ ਕੀਤੀਆਂ, ਜੋ ਅਸਫਲ ਗਈਆਂ। ਕਿਉਂਕਿ ਮਿੱਥ ਕੇ ਆਈ ਹੋਈ ਸਿਰ ਪਾੜ੍ਹਨ ਵਾਲੀ ਸੋਚ, ਫ਼ੈਸਲਾ

ਹੋਣ ਹੀ ਨਹੀਂ ਸੀ ਦੇਣਾ ਚਹੁੰਦੀ। ਸਿੱਖ ਪਹਿਰਾਵੇ ਵਾਲੀ ਦਿੱਖ ਵੀ ਗੁਰਮਤਿ ਤੋਂ ਅਨਜਾਣ ਅਤੇ ਗੁਰੂ ਘਰ ਤੇ ਕਬਜ਼ਾ ਕਰਨ ਵਾਲੀ ਸੋਚ ਵਿੱਚ ਨਿਪੁੰਨ ਦਿਖਾਈ ਦੇ ਰਹੀ ਸੀ। ਗੁਰੂ ਦਰਬਾਰ ਵਿੱਚ ਵੱਜਦੀਆਂ ਤਾੜੀਆਂ ਅਤੇ ਰੌਲੇ ਰੱਪੇ ਦੌਰਾਨ, ਇੱਕ ਪ੍ਰਾਣੀ ਨੇ ਆ ਕੇ, ਗੁਰੂ ਗ੍ਰੰਥ ਸਾਹਿਬ ਜੀ ਦਾ ਸੁਖ ਆਸਨ ਕਰਵਾਇਆ (ਜਿਸ ਦੀ ਆਪਣੀ ਸੋਚ ਸੀ ਕਿ, ਗੁਰੂ ਗ੍ਰੰਥ ਸਾਹਿਬ ਜੀ ਦਾ ਨਿਰਾਦਰ ਹੋ ਰਿਹਾ ਹੈ) ਅਤੇ ਚੁਕਵਾ ਕੇ ਗੁਰੂ ਦਰਬਾਰ ਵਿੱਚੋਂ ਲੈ ਗਿਆ। ਸਮੇਤ ਮੇਰੇ ਜਿਹੇ ਡਰਾਕਲ ਸੋਚ ਵਾਲੇ, ਸਮੂਹ ਪ੍ਰਬੰਧਕ, ਸ਼ਰਧਾਲੂ ਅਤੇ ਹੋਰਾਂ ਦੇ ਸਿਰ ਪਾੜੂ ਸੋਚ ਵਾਲੇ ਦੂਲੇ ਸ਼ੇਰ, ਸਭ ਇੱਕ ਦੂਸਰੇ ਦੇ ਮੂੰਹ ਵਲ ਦੇਖਦੇ ਰਹਿ ਗਏ। ਕੀ ਗੁਰੂ ਗ੍ਰੰਥ ਸਾਹਿਬ ਜੀ ਐਸੀ ਸੌੜੀ (ਬੌਨੀ, ਤੰਗਦਿਲੀ) ਸੋਚ ਵਾਲਿਆਂ ਦਾ ਹੀ ਗੁਰੂ ਹੈ ? ਜੋ ਨਿਰਾਦਰੀ ਦਾ ਬਹਾਨਾ ਬਣਾ ਕੇ ਗੁਰੂ ਦਰਬਾਰ ਵਿੱਚੋਂ ਦਰਬਾਰ ਦੇ ਮਾਲਕ ਨੂੰ ਹੀ ਚੁੱਕ ਕੇ ਲੈ ਜਾਣ। ਕੀ ਹੋਛੇ (ਬੇ-ਸਮਝ) ਪ੍ਰਾਣੀਆਂ ਦੇ ਆਪਸੀ ਰੌਲੇ ਰੱਪੇ ਤੇ ਹੁੱਲੜਬਾਜ਼ ਵਤੀਰੇ ਨਾਲ, ਅਕਾਲਪੁਰਖੀ ਜਾਂ ਨਿਰੰਕਾਰੀ ਬਾਣੀ ਦਾ ਨਿਰਾਦਰ ਹੋ ਸਕਦਾ ਹੈ ? ਗੁਰਦੁਆਰਾ, ਸਿੱਖ ਕੌਮ ਦੇ ਧਰਮ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਅਸਥਾਨ (ਦਰਬਾਰ) ਅਤੇ ਸਿੱਖ ਕੌਮ ਦਾ ਧਾਰਮਿਕ ਅਸਥਾਨ ਹੈ। ਗ਼ਲਤੀ ਕਰਨ ਮੂੜ੍ਹ ਸਿੱਖ ਅਤੇ ਗੁਰੂ ਦੇ ਦਰਬਾਰ ਵਿੱਚੋਂ, ਗੁਰੂ (ਦਰਬਾਰ ਦੇ ਮਾਲਕ) ਨੂੰ ਹੀ ਬਾਹਰ ਜਾਣਾ ਪਵੇ ਜਾਂ ਲਿਜਾਇਆ ਜਾਵੇ, ਇਹ ਕਿਹੋ ਜਿਹੀ ਸਿੱਖੀ ਜਾਂ ਸਿੱਖੀ ਸੋਚ ਹੈ ? ਗੁਰੂ ਦਰਬਾਰ ਵਿੱਚੋਂ ਸਮੂਹ ਲੋਕਾਈ ਦੀ ਹਾਜ਼ਰੀ ਵਿੱਚ, ਕੋਈ ਭੀ ਜਣਾ ਖਣਾ ਆ ਕੇ, ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦਾ ਸੁਖਆਸਨ ਕਰਾਏ ਤੇ ਚੁੱਕਵਾ ਕੇ ਲੈ ਜਾਵੇ ਅਤੇ ਸਿੱਖ ਅਖਵਾਉਣ ਵਾਲੇ ਸਭ ਦੇਖਦੇ ਰਹਿ ਜਾਣ, ਇਹ ਦੇਖ ਕੇ ਤਾਂ ਇਹੀ ਸਮਝ ਆਈ ਹੈ ਕਿ ਅਸੀਂ ਆਪਣੇ ਗੁਰਦੁਆਰੇ ਅਤੇ ਆਪਣੇ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਦਾ, ਮਾਨ ਸਨਮਾਨ ਅਤੇ ਸੇਵਾ ਸੰਭਾਲ ਕਰ ਸਕਣ ਦੇ ਯੋਗ ਹੀ ਨਹੀਂ ਹਾਂ ਪਰ ਅਹੁਦੇ ਸੰਭਾਲਣ ਦੀ ਹੋੜ ਵਿੱਚ ਗੁਰਮਤਿ ਵਿਰੋਧੀ ਕੁ-ਕਰਮ ਕਰਨ ਤੋਂ ਜਰਾ ਭੀ ਨਹੀਂ ਹਿਚਕਚਾਉਂਦੇ। ਹੁਣ ਸਵਾਲ ਦੇ ਜਵਾਬ ਵਲ ਆਉਂਦੇ ਹਾਂ।

ਇਹ ਸੰਸਾਰ, ਇਹ ਸਭ ਕਾਇਨਾਤ (ਅਕਾਲ ਪੁਰਖ, ਪ੍ਰਭੂ ਦੀ ਰਚਨਾ) ਅਕਾਲ ਪੁਰਖ ਦਾ ਦਰਬਾਰ ਹੈ। ਇਸ ਸੰਸਾਰ (ਦਰਬਾਰ) ਵਿੱਚ, ਬਹੁ ਭਾਂਤੇ ਜੀਵ ਆਪੋ ਆਪਣਾ ਕਿਰਦਾਰ ਨਿਭਾਉਂਦੇ ਹਨ। ਕਿਤੇ ਭਲਾਈ ਵਾਲਾ ਵਰਤਾਰਾ ਵਰਤ ਰਿਹਾ ਹੈ ਅਤੇ ਕਿਤੇ ਬੁਰਾਈ ਵਾਲਾ। ਗੁਰਬਾਣੀ ਦਾ ਫ਼ੁਰਮਾਨ ਹੈ, **ਅਸੰਖ ਜਪ ਅਸੰਖ ਭਾਉ ॥ ਅਸੰਖ ਪੂਜਾ ਅਸੰਖ ਤਪ ਤਾਉ ॥ ਅਸੰਖ ਭਗਤ ਗੁਣ ਗਿਆਨ ਵਿਚਾਰ ॥ ਅਸੰਖ ਸਤੀ ਅਸੰਖ ਦਾਤਾਰ ॥ ਅਸੰਖ ਮੂਰਖ ਅੰਧ ਘੋਰ ॥ ਅਸੰਖ ਚੋਰ ਹਰਾਮ ਖੋਰ ॥ ਅਸੰਖ ਗਲਵਢ ਹਤਿਆ ਕਮਾਹਿ ॥ ਅਸੰਖ ਪਾਪੀ ਪਾਪੁ ਕਰਿ ਜਾਹਿ ॥ ਅਸੰਖ ਕੂੜਿਆਰ ਕੂੜੇ ਫਿਰਾਹਿ ॥ ਅਸੰਖ ਮਲੇਛ ਮਲੁ ਭਖਿ ਖਾਹਿ ॥ ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥ ਨਾਨਕੁ ਨੀਚੁ ਕਹੈ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥** ਇਹ ਜਪੁ ਬਾਣੀ ਦੀਆਂ 17ਵੀਂ ਅਤੇ 18ਵੀਂ ਪਉੜੀ ਦੀਆਂ ਕੁੱਝ ਪੰਗਤੀਆਂ ਹਨ ਜੋ ਅਕਾਲ ਪੁਰਖ ਦੇ ਹੁਕਮ ਵਿੱਚ ਚੱਲ ਰਹੀ ਸੰਸਾਰ ਦੀ ਕਾਰ

ਵਿਹਾਰ ਅਤੇ ਮਨੁੱਖਤਾ ਦੇ ਸੁਭਾਉ ਨੂੰ ਦਰਸਾਉਂਦੀਆਂ ਹਨ। ਸੰਸਾਰ ਵਿੱਚ ਕੀ ਕੁੱਝ ਵਾਪਰ (ਦਇਆ, ਨਿਰਦਈਪੁਣਾ, ਲੜਾਈਆਂ ਝਗੜੇ, ਖ਼ੂਨ ਖ਼ਰਾਬਾ) ਰਿਹਾ ਹੈ। ਕੀ ਇਸ ਮਨੁੱਖੀ ਸੁਭਾਉ ਦੇ ਵਰਤਾਰੇ ਨਾਲ, ਅਕਾਲ ਪੁਰਖ (ਪ੍ਰਭੂ) ਦਾ ਜਾਂ ਉਸ ਦੀ ਸਾਜੀ ਕਾਇਨਾਤ ਦਾ ਸਨਮਾਨ ਜਾਂ ਨਿਰਾਦਰ ਹੁੰਦਾ ਜਾਂ ਹੋ ਸਕਦਾ ਹੈ ? ਬਿਲਕੁਲ ਨਹੀਂ। ਇਸ ਸੰਸਾਰੀ ਕਾਰ ਦੇ, ਸੰਸਾਰ ਭਲਾਈ ਵਾਲੇ ਵਰਤਾਰੇ ਨਾਲ, ਮਨੁੱਖਤਾ ਦਾ ਸਿਰ ਮਾਣ ਨਾਲ ਉੱਚਾ ਹੁੰਦਾ ਹੈ ਅਤੇ ਸੰਸਾਰ ਬੁਰਾਈ ਵਾਲੇ ਵਰਤਾਰੇ ਨਾਲ ਮਨੁੱਖਤਾ (ਇਨਸਾਨੀਅਤ) ਹੀ ਸ਼ਰਮਸਾਰ ਹੁੰਦੀ ਹੈ। ਪਰਮਾਤਮਾ ਨੇ ਸੰਸਾਰੀ ਰਚਨਾ ਲਈ ਪਾਣੀ, ਹਵਾ, ਧੁੱਪ ਆਦਿ ਦਾਤਾਂ ਦੀ ਬਖ਼ਸ਼ਿਸ਼ ਕੀਤੀ, ਪਰ ਮਨੁੱਖ ਇਨ੍ਹਾਂ ਦਾਤਾਂ ਨੂੰ ਬੁਰੀ ਤਰ੍ਹਾਂ ਗੰਧਲਾਈ (ਪ੍ਰਦੂਸ਼ਤ ਕਰੀ) ਜਾ ਰਿਹਾ ਹੈ। ਜੋ ਸਮੂਹ ਪੈਦਾਇਸ਼ ਲਈ ਹਾਨੀਕਾਰਕ ਹੈ। ਇਸ ਗ਼ਲਤੀ ਦਾ ਨਤੀਜਾ ਸੰਸਾਰੀ ਪੈਦਾਇਸ਼ ਹੀ ਭੁਗਤੇਗੀ। ਇਸ ਨਾਲ ਪ੍ਰਭੂ ਦਾ ਨਿਰਾਦਰ ਨਹੀਂ ਹੁੰਦਾ ਮਨੁੱਖਤਾ ਦੀ ਬੇ-ਅਕਲੀ, ਬੇ-ਸਮਝੀ ਹੀ ਪਰਖੀ ਜਾ ਰਹੀ ਹੈ। ਇਸੇ ਤਰ੍ਹਾਂ ਗੁਰੂ ਦਰਬਾਰ ਵਿੱਚ ਗਿਆਨ ਗੁਰੂ ਦਾ ਨਿਰਾਦਰ (ਅਪਮਾਨ) ਹੋ ਹੀ ਨਹੀਂ ਸਕਦਾ। ਆਦਰ ਜਾਂ ਨਿਰਾਦਰ ਹੋ ਸਕਦਾ ਹੈ ਉਨ੍ਹਾਂ ਸੂਝ ਬੂਝ ਤੋਂ ਸੱਖਣਿਆਂ (ਅੰਧਿਆਂ) ਦਾ, ਜਿਨ੍ਹਾਂ ਆਪਣੇ ਗੁਰੂ ਉਪਦੇਸ਼ ਨੂੰ ਪੜ੍ਹਿਆ, ਵੀਚਾਰਿਆ ਤੇ ਸਵੈ-ਜੀਵਨ ਵਿੱਚ ਉਤਾਰਿਆ ਹੀ ਨਹੀਂ। ਨਿਰਾਦਰ ਹੋ ਸਕਦਾ ਹੈ ਉਨ੍ਹਾਂ ਭੇਖੀਆਂ ਦਾ, ਜੋ ਗਿਆਨ ਗੁਰੂ ਦੇ ਸਿੱਖ ਅਖਵਾਉਂਦੇ ਹੋਏ ਭੀ, ਅਗਿਆਨਤਾ ਵਾਲੇ ਕੁ-ਕਰਮ ਕਰਨ ਵੇਲੇ ਆਪਣੇ ਗੁਰੂ ਦਾ ਸਤਿਕਾਰ ਭੁੱਲ ਜਾਂਦੇ ਹਨ। **ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ** ॥੬੭/੧੦॥ **ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ** ॥੫੧੫/੧੭॥ ਬਾਣੀ ਰੱਬੀ ਹੁਕਮ ਹੈ। ਬਾਣੀ ਸੱਚ ਗਿਆਨ ਦਾ ਪ੍ਰਕਾਸ਼ ਹੈ। ਮਨੁੱਖੀ ਸੁਭਾਉ ਦੀਆਂ ਹਰਕਤਾਂ ਨਾਲ, ਅਕਾਲ ਪੁਰਖ ਦਾ, ਅਕਾਲ ਪੁਰਖ ਦੇ ਹੁਕਮ, ਗਿਆਨ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਪਮਾਨ ਜਾਂ ਨਿਰਾਦਰ ਹੋ ਹੀ ਨਹੀਂ ਸਕਦਾ। ਗੁਰੂ ਦਰਬਾਰ ਵਿੱਚ ਰੌਲਾ ਰੱਪਾ, ਲੜਾਈ ਝਗੜਾ, ਮਨੁੱਖੀ ਮੂਰਖਤਾ ਜਾਂ ਵਹਿਸ਼ੀਅਤ ਤਾਂ ਹੋ ਸਕਦੀ ਹੈ ਪਰ ਸ਼ਬਦ ਸਰੂਪ ਗਿਆਨ ਗੁਰੂ ਦਾ ਨਿਰਾਦਰ ਜਾਂ ਅਪਮਾਨ ਨਹੀਂ ਹੋ ਸਕਦਾ। ਹਾਂ, **ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ ॥ ਬਿਨੁ ਗੁਰ ਪੰਥੁ ਨ ਸੂਝਈ ਕਿਤੁ ਬਿਧਿ ਨਿਰਬਹੀਐ** ॥੨੨੯/੩॥ **ਅੰਧੇ ਅਕਲੀ ਬਾਹਰੇ ਮੂਰਖ ਅੰਧ ਗਿਆਨੁ ॥ ਨਾਨਕ ਨਦਰੀ ਬਾਹਰੇ ਕਬਹਿ ਨ ਪਾਵਹਿ ਮਾਨੁ** ॥੭੮੯/੧੬॥ ਅੰਧ ਵਿਸ਼ਵਾਸੀ ਜਾਂ ਅਨਜਾਣ ਲੋਕਾਂ ਵਿੱਚ ਆਪਣੀ ਵਿਦਵਤਾ (ਅਸਲ ਵਿੱਚ ਜੋ ਹੁੰਦੀ ਨਹੀਂ) ਜ਼ਾਹਰ ਕਰਨ ਵਾਲੇ ਸ਼ਬਦ ਸਰੂਪ ਗਿਆਨ ਗੁਰੂ ਦੇ ਨਿਰਾਦਰ ਜਾਂ ਅਪਮਾਨ ਦਾ ਅਡੰਬਰ ਜ਼ਰੂਰ ਰਚਦੇ ਰਹਿੰਦੇ ਹਨ।

ਗੁਰਬਾਣੀ ਤਾਂ ਪ੍ਰਭੂ ਦਾ ਨਾਮ ਲੇਵਾ ਭਗਤ ਜਨਾਂ ਨੂੰ ਭੀ ਮਾਨ ਅਪਮਾਨ ਤੋਂ ਨਿਰਲੇਪ ਬਿਆਨਦੀ ਹੈ। ਜੇ ਪ੍ਰਭੂ ਦੇ ਭਗਤ ਪਿਆਰੇ ਆਦਰ ਨਿਰਾਦਰ ਤੋਂ ਨਿਰਲੇਪ ਹੁੰਦੇ ਹਨ ਫਿਰ ਪ੍ਰਭੂ ਨੂੰ ਜਾਨਣ, ਸਮਝਣ ਅਤੇ ਪ੍ਰਭੂ ਮਿਲਾਪ ਦੀ, ਪਗ ਦਰਸ਼ਕ ਗੁਰਬਾਣੀ (ਗੁਰੂ ਗ੍ਰੰਥ ਸਾਹਿਬ ਜੀ) ਦਾ ਅਪਮਾਨ ਜਾਂ ਨਿਰਾਦਰ ਕਿਵੇਂ ਹੋ ਸਕਦਾ ਹੈ ? ਨਿਰੰਕਾਰੀ ਗੁਰੂਬਾਣੀ ਦੇ ਬਚਨ ਹਨ, **ਸੁਖੁ ਦੁਖੁ ਦੋਨੋ ਸਮ ਕਰਿ ਜਾਨੈ**

ਅਉਰ ਮਾਨੁ ਅਪਮਾਨਾ॥ ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥੨੧੯/੨॥ ਸੰਖੇਪ ਅਰਥ ਹਨ, ਜਿਹੜਾ ਮਨੁੱਖ ਸੁੱਖ ਅਤੇ ਦੁੱਖ, ਆਦਰ ਤੇ ਨਿਰਾਦਰ ਨੂੰ ਇੱਕੋ ਜਿਹਾ ਜਾਣਦਾ ਹੈ। ਜਿਸ ਦੇ ਮਨ ਤੇ ਆਦਰ ਤੇ ਨਿਰਾਦਰ ਦਾ ਪ੍ਰਭਾਵ ਨਹੀਂ ਪੈਂਦਾ। ਖ਼ੁਸ਼ੀ ਵੇਲੇ ਅਹੰਕਾਰ ਤੇ ਗਮੀ ਵੇਲੇ ਘਬਰਾਹਟ ਦਾ ਅਸਰ ਨਹੀਂ ਕਬੂਲਦਾ, ਉਸ ਪ੍ਰਭੂ ਪਿਆਰੇ ਨੇ ਜਗਤ ਵਿੱਚ ਜੀਣ ਦਾ ਭੇਤ ਪਾ ਲਿਆ ਹੈ। ਜੇ ਐਸੀ ਅਵਸਥਾ ਵਾਲੇ ਗੁਰਮੁਖਾਂ ਦੇ ਮਨ ਉੱਤੇ ਨਿਰਾਦਰ ਦਾ ਪ੍ਰਭਾਵ ਨਹੀਂ ਪੈਂਦਾ ਤਾਂ ਐਸੀ ਗੁਰਮੁਖਿ ਅਵਸਥਾ ਬਨਾਉਣ ਵਾਲੇ ਉਪਦੇਸ਼ ਗਿਆਨ ਗੁਰੂ ਦਾ ਨਿਰਾਦਰ ਕਿਵੇਂ ਹੋ ਸਕਦਾ ਹੈ? **ਗੁਰੁ ਸਿਮਰਤ ਸਭਿ ਕਿਲਵਿਖ ਨਾਸਹਿ॥ ਗੁਰੁ ਸਿਮਰਤ ਜਮ ਸੰਗਿ ਨ ਫਾਸਹਿ॥ ਗੁਰੁ ਸਿਮਰਤ ਮਨੁ ਨਿਰਮਲੁ ਹੋਵੈ ਗੁਰ ਕਾਟੇ ਅਪਮਾਨਾ ਹੇ**॥੧੦੭੫/੧॥ ਸੰਖੇਪ ਅਰਥ, ਗੁਰੂ ਦੀ ਯਾਦ ਵਿੱਚ ਜੁੜਿਆਂ ਸਾਰੇ ਪਾਪ ਨਾਸ ਹੋ ਜਾਂਦੇ ਹਨ। ਗੁਰੂ ਨੂੰ ਯਾਦ ਕਰਦਿਆਂ (ਜੀਵ) ਜਮ ਦੀ ਫਾਹੀ ਵਿੱਚ ਨਹੀਂ ਫਸਦੇ (ਆਤਮਿਕ ਮੌਤ ਤੋਂ ਬਚੇ ਰਹਿੰਦੇ ਹਨ)। ਗੁਰੂ ਦੀ ਯਾਦ ਵਿੱਚ ਜੁੜਿਆਂ ਮਨ ਪਵਿੱਤਰ ਹੋ ਜਾਂਦਾ ਹੈ। ਐਸੀ ਅਵਸਥਾ ਵਾਲੇ ਪ੍ਰਭੂ ਪਿਆਰਿਆਂ ਨੂੰ ਗੁਰੂ (ਅਕਾਲ ਪੁਰਖ) ਹਰ ਨਿਰਾਦਰੀ ਤੋਂ ਬਚਾ ਲੈਂਦਾ ਹੈ। ਜਿਸ ਗੁਰੂ ਦੀ ਯਾਦ ਵਿੱਚ ਜੁੜਨ ਵਾਲਾ ਮਨੁੱਖ ਮਾਨ, ਅਪਮਾਨ, ਨਿਰਾਦਰੀ ਆਦਿ ਤੋਂ ਨਿਰਲੇਪ ਹੋ ਜਾਂਦਾ ਹੈ, ਫਿਰ ਉਸ ਗੁਰੂ ਦਾ ਨਿਰਾਦਰ ਕਿਵੇਂ ਹੋ ਸਕਦਾ ਅਤੇ ਕਿਵੇਂ ਕੋਈ ਕਰ ਸਕਦਾ ਹੈ? ਸੋ ਸ਼ਬਦ ਸਰੂਪ ਗਿਆਨ ਗੁਰੂ ਦਾ ਨਿਰਾਦਰ ਕਦੀ ਹੋ ਹੀ ਨਹੀਂ ਸਕਦਾ, ਬਸ ਸਾਡੀ ਹੀ ਅਗਿਆਨਤਾ ਭਰਪੂਰ ਅੰਧੀ ਸੋਚ ਹੈ, ਜੋ ਐਸਾ (ਆਦਰ, ਨਿਰਾਦਰ ਵਾਲਾ) ਅਸਰ ਕਬੂਲ ਕੇ ਸਾਨੂੰ ਗਿਆਨ ਗੁਰੂ ਦੇ ਅਗਿਆਨੀ ਸਿੱਖ ਬਣਾਉਂਦੀ ਹੈ।

ਜੋ ਪ੍ਰਾਣੀ ਸਿੱਖ ਹੋ ਕੇ ਕੋਈ ਐਸੀ ਹਰਕਤ ਕਰਦਾ ਹੈ ਜੋ ਸਿੱਖੀ ਸਿਧਾਂਤਾਂ ਦੇ ਉਲਟ ਹੋਵੇ ਤਾਂ ਉਹ ਪ੍ਰਾਣੀ ਸਿਰਫ਼ ਆਪਣੀ ਸਮਝ ਦਾ ਜਨਾਜ਼ਾ ਹੀ ਕੱਢਦਾ ਹੈ। ਜੋ ਅਸਿੱਖ ਐਸਾ ਕੋਈ ਕਰਮ ਕਰਦਾ ਹੈ ਉਹ ਆਪਣੀ ਸਿੱਖ ਧਰਮ ਪ੍ਰਤੀ ਨਫਰਤ ਦਾ ਇਜ਼ਹਾਰ ਜਾਂ ਸਿੱਖਾਂ ਨੂੰ ਖਿਝਾਉਣ ਵਾਸਤੇ ਕਰਦਾ ਹੈ। ਐਸੀਆਂ ਹਰਕਤਾਂ ਨਾਲ, ਹਰਕਤਕਾਰੀ ਦੀ ਮਾਨਸਿਕਤਾ ਹੀ ਜ਼ਾਹਰ ਹੁੰਦੀ ਹੈ, ਗਿਆਨ ਗੁਰੂ ਦੀ ਬੇਅਦਬੀ ਹਰਗਿਜ਼ ਨਹੀਂ ਹੁੰਦੀ।

ਬੰਦਗੀ ਬਣੀ ਬਾਰੂਦ

ਫਿਰ ਖ਼ਤਮ ਸਿੱਖੀ ਨੂੰ ਕਰਨੇ ਲਈ, ਮਨੂੰ ਵਾਂਗੂੰ ਕਸਮ ਉਠਾਉਂਦਾ ਕੋਈ।
ਭੁੱਲ ਚੁੱਕੀ ਚਿਰ ਤੋਂ ਮਰਨੇ ਦੀ, ਸਿੱਖਾਂ ਨੂੰ ਜਾਚ ਸਿਖਾਉਂਦਾ ਕੋਈ।

ਜਪੁ ਹੁੰਦਾ ਹਰਿ ਦਾ ਦਿਨ ਰਾਤੀਂ, ਜਿੱਥੇ ਬਰਖਾ ਹੁੰਦੀ ਰਹਿਮਤ ਦੀ,
ਬੰਦਗੀ ਘਰ ਉੱਤੇ ਤੋਪਾਂ ਨਾਲ, ਬਾਰੂਦੀ ਅੱਗ ਵਰ੍ਹਾਉਂਦਾ ਕੋਈ।

ਜਿਸ ਹਰਿ ਮੰਦਰ ਦੀਆਂ ਕੰਧਾਂ ਨੂੰ, ਸਿਰ ਝੁੱਕ ਝੁੱਕ ਸਿਜਦਾ ਕਰਦਾ ਏ,
ਉਸੇ ਸਿਫਤੀ ਦੇ ਘਰ ਅੰਦਰ, ਲੋਥਾਂ ਦੇ ਢੇਰ ਲਗਾਉਂਦਾ ਕੋਈ।

ਅੰਮ੍ਰਿਤ-ਸਰ ਦੀ ਗੁਰ, ਸਿੱਖਾਂ ਨੂੰ, ਇੱਕ ਦਾਤ ਇਲਾਹੀ ਬਖ਼ਸ਼ੀ ਸੀ,
ਉਸੇ ਹੀ ਸੁੱਚੇ ਅੰਮ੍ਰਿਤ ਵਿੱਚ, ਇਨਸਾਨੀ ਖ਼ੂਨ ਮਿਲਾਉਂਦਾ ਕੋਈ।

ਐਵੇਂ ਆ ਕੇ ਵਿੱਚ ਮਗਰੂਰੀ ਦੇ, ਭੁੱਲ ਕੇ ਇਲਜ਼ਾਮ ਨਾਦਾਨੀ ਦਾ,
ਜਨਰਲ ਅਡਵਾਇਰ ਦੇ ਵਾਂਗੂੰ, ਆਪੇ ਆਪਣੀ ਮੌਤ ਬੁਲਾਉਂਦਾ ਕੋਈ।

ਲੱਖਾਂ ਨਾਲ ਡੱਟ ਕੇ ਜੂਝਣ ਦੀ, ਗੁਰੂ, ਸਿੱਖ ਨੂੰ ਜਾਚ ਸਿਖਾ ਗਏ ਜੋ,
ਆਪਣੇ ਸਤਿਗੁਰ ਦੇ ਹੁਕਮਾਂ ਨੂੰ, ਫਿਰ ਸਿਦਕ ਦੇ ਨਾਲ ਨਿਭਾਉਂਦਾ ਕੋਈ।

ਸਿਰ ਚਾੜ੍ਹੀ ਭਾਜੀ ਮੋੜਨ ਦਾ, ਸਿੱਖੀ ਦਾ ਸਿਦਕੀ ਵਿਰਸਾ ਏ,
ਸਿੰਘ ਸੁੱਖਾ, ਕਿਸ਼ਨ ਮਤਾਬ ਸਿੰਘ, ਬੇਅੰਤ ਸਿੰਘ, ਬਣ ਆਉਂਦਾ ਕੋਈ।

ਸਾਕਾ ਹਰਿਮੰਦਰ, ਜੂਨ 1984

ਹਰਿ ਮੰਦਰ ਦੀ ਪ੍ਰਕਰਮਾਂ ਵਿੱਚ, ਲਾਸ਼ਾਂ ਨੂੰ ਦੇਖੋ।
ਥ੍ਹਾਂ ਥ੍ਹਾਂ ਹੋਣ ਸ਼ਹੀਦਾਂ ਲਈ, ਅਰਦਾਸਾਂ ਨੂੰ ਦੇਖੋ।

ਸਿੱਖ ਕੌਮ ਤੇ ਮੁਗ਼ਲਾਂ, ਅੱਤ ਦਾ ਕਹਿਰ ਕਮਾਇਆ ਏ।
ਹਿੰਦ ਸਰਕਾਰ ਨੇ ਮਾਤ ਉਨ੍ਹਾਂ, ਜ਼ੁਲਮਾਂ ਨੂੰ ਪਾਇਆ ਏ।
ਜਲ੍ਹਿਆਂ ਵਾਲੇ ਬਾਗ਼ ਦੇ ਮੁੜ, ਇਜਲਾਸਾਂ ਨੂੰ ਦੇਖੋ।
ਹਰਿ ਮੰਦਰ ਦੀ ਪ੍ਰਕਰਮਾਂ ਵਿੱਚ, ਲਾਸ਼ਾਂ ਨੂੰ ਦੇਖੋ।

ਬਾਹਰੋਂ ਅੰਧਾ ਧੁੰਦ ਬਾਰੂਦੀ, ਅੱਗ ਵਰ੍ਹਾਉਂਦਾ ਕੋਈ।
ਅੰਦਰ ਦੇਖੋ ਜੱਸ ਹਰੀ, ਮਸਤੀ ਵਿੱਚ ਗਾਉਂਦਾ ਕੋਈ।
ਉਨ੍ਹਾਂ ਸੰਤ ਸਿਪਾਹੀਆਂ ਦੇ, ਧਰਵਾਸਾਂ ਨੂੰ ਦੇਖੋ।
ਹਰਿ ਮੰਦਰ ਦੀ ਪ੍ਰਕਰਮਾਂ ਵਿੱਚ, ਲਾਸ਼ਾਂ ਨੂੰ ਦੇਖੋ।

ਨੌਜਵਾਨ ਨਰ ਨਾਰੀ, ਬੱਚਾ ਬੁੱਢਾ ਨਹੀਂ ਛੱਡਿਆ।
ਗ਼ੁੱਸਾ ਨਫ਼ਰਤ ਕ੍ਰੋਧ ਫ਼ੌਜ ਨੇ ਮਿੱਥ ਮਿੱਥ ਕੇ ਕੱਢਿਆ।
ਬਿਨ ਬਾਲਣ ਦੇ ਜਲਣ ਸਰੀਰਕ ਲਾਟਾਂ ਨੂੰ ਦੇਖੋ।
ਹਰਿ ਮੰਦਰ ਦੀ ਪ੍ਰਕਰਮਾਂ ਵਿੱਚ, ਲਾਸ਼ਾਂ ਨੂੰ ਦੇਖੋ।

ਸਿੱਖ ਇਤਿਹਾਸ ਖ਼ਜ਼ਾਨਾ, ਮਿੱਥ ਕੇ ਸਭ ਜਲਾ ਦਿੱਤਾ।
ਸਮਝਣ ਪਾਜ਼ੀ ਸਿੱਖ ਧਰਮ ਨੂੰ ਜੜ੍ਹੋਂ ਮੁਕਾ ਦਿੱਤਾ।
ਕਪਟੀ ਕੌਮ ਦੀਆਂ ਕਪਟੀ ਜ਼ੁਲਮੀ ਖ਼ਾਹਸ਼ਾਂ ਨੂੰ ਦੇਖੋ।
ਹਰਿ ਮੰਦਰ ਦੀ ਪ੍ਰਕਰਮਾ ਵਿੱਚ, ਲਾਸ਼ਾਂ ਨੂੰ ਦੇਖੋ।

ਕੂੜੇ ਵਾਲੀਆਂ ਗੱਡੀਆਂ ਮੁਰਦਾਰਾਂ ਨਾਲ ਭਰੀਆਂ ਨੇ।
ਖਿੱਚੀ ਫਿਰਦੇ ਬੁੱਚੜ ਲੋਥਾਂ ਜੋ ਅੱਧ ਸੜੀਆਂ ਨੇ।
ਦੇਖ ਕਈ ਖੋ੍ ਗਏ ਆਪਣੇ, ਹੋਸ਼ ਹਵਾਸਾਂ ਨੂੰ ਦੇਖੋ।
ਹਰਿ ਮੰਦਰ ਦੀ ਪ੍ਰਕਰਮਾਂ ਵਿੱਚ, ਲਾਸ਼ਾਂ ਨੂੰ ਦੇਖੋ।

ਖ਼ਤਮ ਸਿੱਖੀ ਨੂੰ ਕਰਨੇ ਲਈ, ਟਿੱਲ ਲਾਉਂਦੇ ਸਾਰਾ ਨੇ।
ਮੁੱਢ ਕਦੀਮੋਂ ਜਿਨ੍ਹਾਂ ਦਾ, ਸਿੱਖ ਬਣੇ ਸਹਾਰਾ ਨੇ।
ਪਿਛਲੇ ਫੋਲ ਕਿਸ਼ਨ, ਸਿੱਖੀ ਇਤਿਹਾਸਾਂ ਨੂੰ ਦੇਖੋ।
ਹਰਿ ਮੰਦਰ ਦੀ ਪ੍ਰਕਰਮਾਂ ਵਿੱਚ, ਲਾਸ਼ਾਂ ਨੂੰ ਦੇਖੋ।

ਹਰਿ ਮੰਦਰ ਦੀ ਪ੍ਰਕਰਮਾਂ ਵਿੱਚ, ਲਾਸ਼ਾਂ ਨੂੰ ਦੇਖੋ।
ਥਾਂ ਥਾਂ ਹੋਣ ਸ਼ਹੀਦਾਂ ਲਈ, ਅਰਦਾਸਾਂ ਨੂੰ ਦੇਖੋ।

ਬੇ-ਅਸਰੇ ਹੀ ਲੰਘੀ ਜਾਂਦੇ, ਗੁਰ ਪੁਰਬ

ਸਿੱਖ ਕੌਮ ਦੇ ਬਾਨੀ, ਸਿੱਖ ਧਰਮ ਦੇ ਸੰਚਾਲਕ, ਨਿਰਮਲ ਪੰਥ ਚਲਾਉਣ ਵਾਲੇ, ਸਤਿਗੁਰੂ ਨਾਨਕ ਜੀ, ਸਰੀਰਕ ਤੌਰ ਤੇ ਦਸ (ਪਰ ਵਿਚਾਰਧਾਰਾ ਇੱਕ ਵਾਲੇ) ਸਰੀਰਾਂ ਵਿੱਚ, ਤਕਰੀਬਨ ਦੋ ਸੌ ਉਨਤਾਲੀ (239) ਸਾਲ, ਇਸ ਸੰਸਾਰ ਵਿੱਚ ਵਿਚਰੇ। ਅਕਾਲ ਪੁਰਖ (ਪਰਮਾਤਮਾ, ਵਾਹਿਗੁਰੂ) ਦੀ ਮਿਹਰ ਸਦਕਾ, ਜੋ ਗੁਰੂ (ਗਿਆਨ) ਜੋਤ, ਸ਼ਬਦ ਨਾਮ ਵਿਚਾਰ ਤਹਿਤ, ਸਤਿਗੁਰੂ ਨਾਨਕ ਜੀ ਦੇ ਰਿਦੈ ਅੰਦਰ ਪ੍ਰਗਟ ਹੋਈ, ਉਹੀਓ ਗਿਆਨ ਜੋਤ, ਉਹੀ ਵਿਚਾਰ-ਧਾਰਾ, ਦਸਹੋਂ ਸਤਿਗੁਰਾਂ ਵਿੱਚ ਵਿਚਰਦੀ, ਇੱਕੋ ਹੀ ਗਿਆਨ ਰੂਪੀ ਵਿਚਾਰਧਾਰਾ ਵਿੱਚ ਪਰਪੱਕ ਰਹਿ ਕੇ ਜੀਵਨ ਜਿਉਂਦਿਆਂ ਅਤੇ ਆਪਣੇ ਪੈਰੋਕਾਰਾਂ (ਸਿੱਖਾਂ) ਨੂੰ ਪਰਪੱਕ ਕਰਾਉਂਦਿਆਂ, ਉਹੀ ਵਿਚਾਰਧਾਰਕ (ਗਿਆਨ) ਜੋਤ, ਸ਼ਬਦ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ, ਪ੍ਰਕਾਸ਼-ਮਾਨ ਹੈ। ਅਸੀਂ, ਹਰ ਸਾਲ, ਸਿੱਖ ਸਤਿਗੁਰਾਂ ਨਾਲ ਸੰਬੰਧਿਤ, ਦਿਨ-ਦਿਹਾਰਾਂ ਦੀ ਯਾਦ ਤਾਜ਼ਾ ਕਰਨ ਲਈ, ਗੁਰਪੁਰਬ ਮਨਾਉਂਦੇ ਆ ਰਹੇ ਹਾਂ। ਹਰ ਸਾਲ ਆਉਂਦੇ (ਮਹਾਨ ਆਤਮਾਂ, ਸੰਤ ਸਿਪਾਹੀ ਅਤੇ ਸਿੱਖ ਧਰਮ ਨੂੰ ਸਿਧਾਂਤਿਕ ਸੰਪੂਰਨਤਾ ਦੇਣ ਵਾਲੇ ਸਤਿਗੁਰਾਂ ਦੇ ਇਸ ਸੰਸਾਰ ਵਿੱਚ ਆਉਣ ਵਾਲੇ ਦਿਨ) ਬੀਤੇ ਸਮੇਂ ਦੀ ਯਾਦ ਕਰਾਉਂਦੇ, ਸੱਚ ਅਤੇ ਅਸੱਚ ਮਿਲਾਵਟੀ ਗਾਥਾਂ ਦੁਹਰਾਉਂਦੇ ਲੰਘੀ ਜਾਂਦੇ ਹਨ, ਸਿੱਖ ਸਤਿਗੁਰਾਂ ਅਤੇ ਸ਼ਬਦ ਗੁਰੂ (ਗੁਰੂ ਗ੍ਰੰਥ ਸਾਹਿਬ ਜੀ) ਨਾਲ ਸੰਬੰਧਿਤ ਦਿਹਾੜੇ (ਗੁਰਪੁਰਬ)। ਸਤਿਗੁਰਾਂ ਨੇ, ਗ਼ੁਲਾਮੀ ਦੀ ਚੱਕੀ ਵਿੱਚ ਪਿਸ ਰਹੀ, ਆਨ੍ਹ, ਸ਼ਾਨ ਤੇ ਮਾਣ ਗੁਆ, ਸਾਹਸ ਹੀਨ ਹੋਈ, ਮਾਨੁੱਖਤਾ ਦੀ ਬਾਂਹ ਫੜੀ। ਧਰਮ ਦੇ ਸੱਚ ਸਿਧਾਂਤ ਤੋਂ ਗਿਰ ਚੁੱਕੇ ਪੂਜਾਰੀਆਂ ਨੂੰ ਫਿਟਕਾਰਿਆ। ਅੰਧ ਵਿਸ਼ਵਾਸ ਦੇ ਅਸਰ ਹੇਠ, ਸੱਚ ਰੋਸ਼ਨੀ ਤੋਂ ਰਹਿਤ ਹੋ ਧੁੰਧਲਾਈਆਂ ਅੱਖਾਂ ਵਿੱਚ, ਗਿਆਨ ਦਾ ਦਾਰੂ ਪਾ ਕੇ ਰੁਸ਼ਨਾਇਆ (**ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ** ॥੨੯੩/੧੪॥) ਅਤੇ ਮੌਕੇ ਦੇ ਹਾਕਮ ਨੂੰ ਜਾਬਰ ਕਹਿ ਕੇ ਲਲਕਾਰਿਆ ਹੀ ਨਹੀਂ ਸ਼ਸ਼ਤਰ ਪਕੜ ਪੂਰਨ ਤੌਰ ਤੇ ਸਾਹਮਣਾ (ਮੁਕਾਬਲਾ) ਭੀ ਕੀਤਾ। ਸਦੀਆਂ ਤੋਂ, ਆਪਣੀ ਹੋਂਦ ਭੁਲਾ ਚੁੱਕਿਆਂ ਨੂੰ, ਸਵੈ-ਮਾਣ ਨਾਲ ਜੀਣਾ ਸਿਖਾਇਆ। ਮਰ ਚੁੱਕੀ ਜ਼ਮੀਰ ਨੂੰ ਜ਼ਿੰਦਾ ਕਰਨ, ਜਾਂ, ਸਾਹਸ ਭਰਪੂਰ ਬਣਾਉਣ ਲਈ, ਆਪਣੀ, ਆਪਣੇ ਪਰਿਵਾਰ ਅਤੇ ਬੇਅੰਤ ਕੌਮੀ ਪੈਰੋਕਾਰਾਂ ਦੀ ਕੁਰਬਾਨੀ ਦੇਣੀ ਪਈ। ਇੱਥੋਂ ਤੱਕ ਕਿ, ਸਿੱਖ ਕੌਮ ਦੀ ਹੋਂਦ ਕਾਇਮ ਰੱਖਣ ਦੇ ਮੁਕਾਬਲੇ, ਆਪਣੀ ਪਰਵਾਰਿਕ ਬੰਸਾਵਲੀ ਚੱਲਦੀ ਰੱਖਣ ਦੀ ਭੀ ਕੋਈ ਪ੍ਰਵਾਹ ਨਹੀਂ ਕੀਤੀ ਅਤੇ ਸਿੱਖ ਕੌਮ ਨੂੰ ਹੀ, ਆਪਣਾ ਪਰਿਵਾਰ ਜਾਣ, ਸਭ ਕੁੱਝ ਨਿਛਾਵਰ ਕਰ ਦਿੱਤਾ।

ਪਰ ਦੁੱਖ ਹੁੰਦਾ ਹੈ, ਅੱਜ ਸਿੱਖ ਕੌਮ ਦੀ, ਤਰਸ-ਯੋਗ ਹਾਲਤ ਦੇਖ ਕੇ, ਕਿ ਸਤਿਗੁਰਾਂ ਨਾਲ ਸੰਬੰਧਿਤ ਦਿਨਾਂ ਤੇ, ਕਰਮ-ਕਾਂਡੀ ਪਾਠ ਕੀਤੇ, ਸਤਿਗੁਰਾਂ ਨਾਲ ਬੀਤੇ ਜਾਂ ਵਾਪਰੇ ਸਮੇਂ ਨੂੰ, ਮਿਥਿਹਾਸ (ਕਲਪਿਤ) ਮਿਲਗੋਭੇ ਦੇ ਪ੍ਰਸੰਗਾਂ ਰਾਹੀਂ, ਸਾਜਾਂ ਨਾਲ ਗਾ ਸੁਣਾ ਸਿਰਫ਼ ਕਮਾਈ ਦਾ ਸਾਧਨ ਬਣਾ ਲਿਆ। ਨਾ ਗੁਰ ਉਪਦੇਸ਼ ਅਨੁਸਾਰੀ ਵਿਚਾਰ ਅਤੇ ਨਾ ਹੀ ਕਿਰਦਾਰ, ਸੁਣਨਹਾਰਿਆਂ ਦੇ ਮਨਾਂ ਉੱਤੇ ਅਸਰ ਕਿਵੇਂ ਪਵੇ? ਹਾਜਰ ਸਰੋਤਿਆਂ ਸੁਣ ਲਿਆ ਤੇ ਭੁਲਾ ਲਿਆ। ਸਾਜਾਂ ਦੀਆਂ ਤਰਜ਼ਾਂ, ਗਾਉਣ ਵਾਲਿਆਂ ਦੀਆਂ ਆਵਾਜ਼ਾਂ, ਇੱਕ ਕੰਨ ਪਾਈਆਂ, ਦੂਸਰੇ ਕੱਢ ਦਿੱਤੀਆਂ, ਲੰਗਰ ਪਾਣੀ ਛੱਕਿਆ, ਪੱਲਾ ਝਾੜਿਆ ਤੇ ਚਲਦੇ ਬਣੇ। ਇਹੋ ਕੁੱਝ ਕਰਦੇ ਕਰਾਉਂਦੇ ਆ ਰਹੇ ਹਾਂ ਅਸੀਂ, ਜਦ ਤੋਂ, ਹੋਸ਼ ਸੰਭਾਲੀ ਹੈ। ਬੱਸ, ਇਹੀ ਫ਼ਰਜ਼ ਨਿਭਾ ਰਹੇ ਹਨ, ਅੱਜ ਗੁਰੂ ਨਾਨਕ ਦੀ ਸਿੱਖੀ ਦੇ ਵਾਰਸ। ਸਤਿਗੁਰਾਂ ਦੀ ਬਖ਼ਸ਼ਿਸ਼ ਕੀਤੀ ਸਿੱਖਿਆ, ਸੂਰਬੀਰਤਾ ਦਾ ਸਿਰਜਿਆ ਇਤਿਹਾਸ ਅਤੇ ਬੇਮਿਸਾਲ ਕੁਰਬਾਨੀਆਂ ਦਾ, ਅਸੀਂ ਕੀ ਅਸਰ ਕਬੂਲਿਆ? ਸਤਿਗੁਰਾਂ ਵਲੋਂ ਪਾਏ ਪੂਰਨਿਆਂ ਉੱਤੇ ਚੱਲਣ ਲਈ, ਅਸੀਂ ਕਿੰਨੇ ਕੁ ਯਤਨ ਸ਼ੀਲ ਹੋਏ। ਸਿੱਖ ਹੋਣ ਨਾਤੇ ਸਾਡੇ ਉੱਤੇ ਇਹ ਇੱਕ ਪ੍ਰਸ਼ਨ ਚਿੰਨ੍ਹ ਲੱਗਦਾ ਹੈ? ਕੀ ਅਸੀਂ ਇਸ ਪ੍ਰਸ਼ਨ ਜਾਂ ਸਵਾਲ ਦਾ ਜਵਾਬ, ਲੱਭਣ ਦੀ, ਸੋਚਣ ਦੀ, ਵਿਚਾਰਨ ਦੀ, ਕਦੀ ਕੋਸ਼ਿਸ਼ ਕੀਤੀ ਜਾਂ ਕਰਾਂਗੇ? ਅਸਲ ਵਿੱਚ ਸਿੱਖ ਧਰਮ ਨਾਲ ਸੰਬੰਧਿਤ ਇਹ ਦਿਹਾੜੇ ਮਨਾਉਣ ਦਾ ਮੱਕਸਦ ਕੀ ਹੁੰਦਾ ਹੈ? ਜਰਾ ਧਿਆਨ ਦੇਣਾ, ਸਤਿਗੁਰੂ ਜੀ ਦਾ ਉਪਦੇਸ ਹੈ:

ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ॥
ਤਾ ਮੇਰੈ ਮਨਿ ਭਇਆ ਨਿਧਾਨਾ॥੧੮੬/੧॥

ਆਪਣੇ ਪੂਰਬਜਾਂ ਦੇ, ਦਿਨ ਦਿਹਾਰ ਮਨਾਉਣ ਜਾਂ, ਉਨ੍ਹਾਂ ਦੀ ਯਾਦ ਨੂੰ ਤਾਜ਼ਾ ਕਰਨ ਦਾ ਇੱਕ ਹੀ ਮੱਕਸਦ ਹੁੰਦਾ ਹੈ ਕਿ, ਉਨ੍ਹਾਂ ਵਲੋਂ ਪਾਏ ਪੂਰਨਿਆਂ, ਆਪਣੇ ਵਾਰਸਾਂ ਨੂੰ ਦਿੱਤੇ ਹੁਕਮ, ਹਦਾਇਤਾਂ, ਉਪਦੇਸ਼ ਜਾਂ ਸਿੱਖਿਆਵਾਂ ਅਨੁਸਾਰ ਆਪਣਾ ਜੀਵਨ ਜੀਊਣਾ। ਇਨ੍ਹਾਂ ਦਿਨਾਂ ਤੇ ਇਕੱਠੇ ਹੋ ਕੇ, ਅਸੀਂ ਇਹ ਵਿਚਾਰਨਾ ਹੁੰਦਾ ਹੈ ਕਿ, ਪੂਰਬਜਾਂ ਦਾ ਦਿੱਤਾ, ਅਸੀਂ ਕਿੰਨ੍ਹਾਂ ਕੁ ਸੰਭਾਲਿਆ, ਸੁਣਿਆਂ, ਅਪਨਾਇਆ ਅਤੇ ਕਿੰਨ੍ਹਾਂ ਕੁ ਗਵਾਇਆ ਹੈ। ਅੱਗੋਂ ਲਈ, ਇਹ ਭੀ ਵਿਚਾਰਨਾ ਹੁੰਦਾ ਹੈ ਕਿ, ਗਵਾਈ ਹੋਈ ਵਿਰਾਸਤ ਅਤੇ ਸਵੈਮਾਣ ਨੂੰ ਪ੍ਰਾਪਤ ਕਿਵੇਂ ਕਰਨਾ ਹੈ? ਅਫ਼ਸੋਸ, ਕਿ ਅਸੀਂ ਅੱਜ, ਕੀ ਕਰ ਰਹੇ ਹਾਂ। ਗੁਰੂ ਦੀ ਸਿੱਖਿਆ, ਗੁਰੂ ਵਿਚਾਰ ਧਾਰਾ, ਪੰਥਕ ਵਿਧਾਨ ਨੂੰ, ਸ਼ਰੇ-ਆਮ ਨਾ ਮੰਨਦੇ ਹੋਏ ਭੀ, ਆਪਣੇ ਆਪ ਨੂੰ, ਸਭ ਤੋਂ ਵਧੀਆ, ਸਿੱਖ ਹੀ ਮੰਨੀ ਬੈਠੇ ਹਾਂ। ਗੁਰੂ ਦੇ ਦੱਸੇ ਰਾਹ ਦੇ, ਪਾਂਧੀ ਬਣੀਏਂ ਜਾਂ ਨਾਂ, ਪਰ, ਗੁਰੂ ਘਰਾਂ ਦੇ ਪ੍ਰਬੰਧਕ ਅਹੁਦਿਆਂ ਲਈ, ਅਠਾਰਾਂ ਸਾਲ ਦੇ ਨੌਜਵਾਨ ਤੋਂ ਲੈ ਕੇ, ਸੰਸਾਰ ਵਿਦਾਈ ਦੀ ਤਿਆਰੀ ਵਿੱਚ ਬੈਠੇ ਬਜ਼ੁਰਗ ਭੀ ਤਰਲੋ-ਮੱਛੀ ਹੋਏ ਰਹਿੰਦੇ ਹਨ ਅਤੇ ਅਹੁਦਾ ਪ੍ਰਾਪਤ ਕਰਨ ਲਈ, ਕੌਮ ਹੱਕੀ ਜਾਂ ਕੌਮ ਵਿਰੋਧੀ ਹਰ ਹੀਲਾ ਵਰਤਦੇ ਹਨ। ਕੀ ਸਤਿਗੁਰਾਂ ਦੇ ਕੀਤੇ ਉਪਕਾਰਾਂ ਬਦਲੇ, ਇਹੀ ਬਣਦਾ ਹੈ

ਸਾਡਾ ਕੌਮੀ ਫ਼ਰਜ਼ ? ਹੋਵੇਗਾ ਦੁਨੀਆਂ ਵਿੱਚ, ਕੋਈ ਸਾਡੇ ਵਰਗਾ, ਅਕ੍ਰਿਤਘਣ, ਮਤਲਵ ਪ੍ਰਸਤ, ਭੇਖੀ ਜਾਂ ਪਾਖੰਡੀ ? ਸ਼ਾਇਦ ਨਹੀਂ। ਲੋੜ ਹੈ ਸਾਨੂੰ ਆਪਣੇ ਅੰਦਰ ਝਾਤੀ ਮਾਰਨ ਦੀ ਅਤੇ ਅਕ੍ਰਿਤਘਣਤਾ ਦੇ ਲੱਗ ਰਹੇ ਦਾਗ ਨੂੰ ਧੋਣ ਦੀ। ਗੁਰੂ ਦਾ ਹੁਕਮ ਮੰਨੀਏਂ, ਗੁਰੂ ਦੀ ਸਿੱਖਿਆ ਅਨੁਸਾਰ, ਜੀਵਨ ਜੀਊਣ ਦੀ ਜਾਚ ਸਿੱਖੀਏ। ਤਦ ਸਿੱਖ ਹੋਣ, ਸਿੱਖ ਅਖਵਾਉਣ (I am proud to be a Sikh) ਦਾ ਮਾਣ ਕਰੀਏ।

ਬਿਰਦ ਬਾਣੇ ਦੀ ਪੈਜ

ਹਰ ਨਿੱਤ-ਨੇਮੀ ਸਿੱਖ, ਸੱਚੇ ਪਾਤਿਸ਼ਾਹ, ਸਤਿਗੁਰੂ ਦੇ ਹੁਕਮ ਅਨੁਸਾਰ, ਪ੍ਰਭੂ ਦੀ ਯਾਦ ਵਿੱਚ ਜੁੜਦਾ ਤੇ ਦੋ ਵੇਲੇ ਅਰਦਾਸ (ਬੇਨਤੀ, ਜੋਦੜੀ) ਕਰਦਾ ਹੈ ਕਿ ਹੇ ਸੱਚੇ ਪਿਤਾ, ਅਕਾਲ ਪੁਰਖ ਵਾਹਿਗੁਰੂ ਜੀਓ, ਸੇਈ ਪਿਆਰੇ ਮੇਲ, ਜਿੰਨ੍ਹਾਂ ਮਿਲਿਆਂ, ਤੇਰਾ ਨਾਮ ਚਿੱਤ ਆਵੇ। ਗੁਰੂ ਪਿਆਰਿਆਂ ਨਾਲ ਮੇਲ ਮਿਲਾਪ, ਅਤੇ ਗੁਰਮਤਿ ਵਿਚਾਰਾਂ ਨਾਲ, ਮਨ ਆਨੰਦ, ਖੇੜੇ ਵਿੱਚ ਰਹਿੰਦਾ ਹੈ। ਸਤਿਗੁਰੂ ਦੀ ਬਖ਼ਸ਼ਿਸ਼ ਸਦਕਾ, ਇੱਕ ਗੁਰੂ ਪਿਆਰੇ ਦੇ ਘਰ ਬੈਠੇ, ਗੁਰਮਤਿ ਵਿਚਾਰਾਂ ਦਾ ਆਨੰਦ ਮਾਣ ਰਹੇ ਸਾਂ। ਬਾਹਰ ਵਾਲੇ ਦਰਵਾਜੇ ਦੀ ਵੱਜੀ ਘੰਟੀ ਨੇ ਸਾਡਾ ਧਿਆਨ ਆਵਾਜ ਵਲ ਖਿੱਚ ਲਿਆ। ਦਰਵਾਜ਼ਾ ਖੋਹਲਿਆ, ਇੱਕ ਦਰਸ਼ਣੀ ਜੋੜਾ, ਸਿੰਘ ਤੇ ਸਿੰਘਣੀ ਖੜ੍ਹੇ ਸਨ। ਘਰ ਵਾਲੇ ਵੀਰ ਜੀ ਨੇ, ਆਦਰ ਸਤਿਕਾਰ ਨਾਲ, ਗੁਰੂ ਫ਼ਤਿਹ ਬੁਲਾ, ਅੰਦਰ ਲੰਘਾਏ। ਸਭ ਨਾਲ ਫ਼ਤਿਹ ਸਾਂਝੀ ਕਰ, ਸਾਰੇ ਬੈਠਣ ਵਾਲੇ ਕਮਰੇ ਵਿੱਚ ਬੈਠ ਗਏ। ਘਰ ਵਾਲੇ ਵੀਰ ਜੀ ਦੀ ਸਿੰਘਣੀ ਨੇ ਜਲ ਲਿਆਂਦਾ ਪਰ ਆਏ ਗੁਰੂ ਪਿਆਰਿਆਂ ਨੇ, ਜਲ ਛਕਣ ਤੋਂ ਨਾਂਹ ਕਰ ਦਿੱਤੀ। ਚਾਹ ਵਾਰੇ ਪੁੱਛਿਆ ਤਾਂ ਕਹਿਣ ਲੱਗੇ ਅਸੀਂ ਚਾਹ ਨਹੀਂ ਛਕਦੇ। ਸੋ ਦੁੱਧ ਗਰਮ ਕਰਕੇ, ਸਟੀਲ ਦੇ ਜੱਗ ਵਿੱਚ ਪਾ ਕੇ, ਸਾਡੇ ਵਿਚਕਾਰ ਮੇਜ਼ ਉੱਤੇ ਲਿਆ ਰੱਖਿਆ ਅਤੇ ਨਾਲ ਚੀਨੀ ਦੇ ਕੱਪ ਅਤੇ ਪਲੇਟ ਵਿੱਚ ਪਾਏ ਹੋਏ ਬਿਸਕੁਟ ਭੀ। ਕੱਪਾਂ ਵਿੱਚ ਦੁੱਧ ਪਾਉਣ ਲੱਗੇ ਤਾਂ ਉਹ ਨਵੇਂ ਆਏ ਗੁਰੂ ਦੇ ਪਿਆਰੇ ਬੋਲੇ, ਸਾਡੇ ਲਈ ਦੁੱਧ ਕੱਪਾਂ ਵਿੱਚ ਨਾ ਪਾਇਓ। ਜੇ ਸਟੀਲ ਦੇ ਗਲਾਸ ਜਾਂ ਸਰਬ ਲੋਹ ਦੇ ਬਾਟੇ ਹਨ ਤਾਂ ਉਨ੍ਹਾਂ ਵਿੱਚ ਪਾ ਦਿਓ। ਘਰ ਵਿੱਚ ਸਟੀਲ ਦੇ ਗਲਾਸ ਸਨ, ਸੋ ਉਨ੍ਹਾਂ ਲਈ ਦੁੱਧ ਗਲਾਸਾਂ ਵਿੱਚ ਪਾ ਦਿੱਤਾ ਅਤੇ ਅਸੀਂ ਸਭਨਾਂ ਨੇ ਕੱਪਾਂ ਵਿੱਚ ਪਾ ਕੇ ਦੁੱਧ ਛਕਿਆ। ਦੁੱਧ ਛਕਣ ਤੋਂ ਬਾਅਦ, ਧੋਣ ਵਾਸਤੇ ਭਾਂਡੇ ਚੁੱਕਣ ਲੱਗੇ ਤਾਂ ਆਏ ਵੀਰ ਦੀ ਸਿੰਘਣੀ ਨੇ ਸਟੀਲ ਦੇ ਗਲਾਸ ਚੁੱਕਦਿਆਂ ਕਿਹਾ, ਇਹ ਚੀਨੀ ਦੇ ਕੱਪਾਂ ਦੇ ਨਾਲ ਨਹੀਂ ਧੋਣੇ। ਸੋ ਉਨ੍ਹਾਂ ਗਲਾਸ ਆਪ ਧੋਤੇ। ਕੁੱਝ ਦੇਰ ਗੁਰਮਤਿ ਅਤੇ ਕੌਮੀ ਵਿਚਾਰਾਂ ਹੁੰਦੀਆਂ ਰਹੀਆਂ। ਵਿਚਾਰਾਂ ਦੀ ਲੜੀ ਬੰਦ ਕਰਦਿਆਂ, ਆਏ ਵੀਰ ਨੇ ਪੁੱਛਿਆ, ਟੌਇਲਟ ਕਿੱਧਰ ਹੈ ? ਘਰ ਵਾਲਾ ਵੀਰ, ਕੁੱਝ ਦੇਰ ਲਈ ਚੁੱਪ ਰਹਿ, ਕੁੱਝ ਸੋਚਣ ਲੱਗਾ, ਤੇ ਫਿਰ ਖੜਾ ਹੋ, ਦੋਵੇਂ ਹੱਥ ਜੋੜ, ਸਤਿਗੁਰੂ, ਸੱਚੇ ਪਾਤਿਸ਼ਾਹ ਅੱਗੇ, ਅਰਦਾਸ, ਬੇਨਤੀ ਕਰਨ ਲੱਗਾ। ਹੇ ਸੱਚੇ ਪਾਤਿਸ਼ਾਹ ਜੀਓ, ਆਪ ਜੀ ਦੀ ਮਿਹਰ ਹੋਈ, ਗੁਰਮੁਖਿ ਪਿਆਰੇ ਘਰ ਆਏ ਹਨ। ਉਨ੍ਹਾਂ ਦੇ ਹੁਕਮ ਅਨੁਸਾਰ, ਆਪ ਜੀ ਵਲੋਂ ਬਖ਼ਸ਼ਿਸ਼ ਹੋਏ ਸਟੀਲ ਦੇ ਗਲਾਸ, ਸਰਬ ਲੋਹ ਦੇ ਬਾਟੇ ਛਕਣ ਛਕਾਉਣ ਲਈ ਵਰਤੇ ਗਏ ਹਨ। ਹੇ ਸੱਚੇ ਪਾਤਿਸ਼ਾਹ ਜੀਓ, ਇਸ ਵੇਲੇ ਗੁਰਮੁਖਿ ਪਿਆਰਿਆਂ

ਨੇ, ਟੌਇਲਟ ਜਾਣ ਦੀ ਇੱਛਾ ਪ੍ਰਗਟ ਕੀਤੀ ਹੈ। ਸੱਚੇ ਪਾਤਿਸ਼ਾਹ ਜੀਓ, ਭਾਵੇਂ ਅਸਟ੍ਰੇਲੀਆ ਵਿੱਚ, ਸਟੀਲ ਦੀਆਂ ਟੌਇਲਟਾਂ ਉਪਲੱਬਧ ਹਨ, ਪਰ ਇਸ ਸੇਵਾਦਾਰ ਦੇ ਘਰ ਵਿੱਚ, ਸਿਰਫ਼ ਚੀਨੀ ਦੀ ਬਣੀ ਹੋਈ ਟੌਇਲਟ ਹੈ, ਸਟੀਲ ਜਾਂ ਸਰਬ ਲੋਹ ਦੀ ਬਣੀ ਹੋਈ ਨਹੀਂ। ਗੁਰਮੁਖਿ ਪਿਆਰਿਆਂ ਦੇ, ਸਤਿਕਾਰ ਵਿੱਚ, ਕੋਈ ਫ਼ਰਕ ਨਾ ਪਵੇ। ਹੇ ਸੱਚੇ ਪਾਤਿਸ਼ਾਹ ਜੀਓ, ਸੁਮਤਿ, ਸੋਝੀ ਬਖ਼ਸ਼ ਕੇ, ਬਿਰਦ ਬਾਣੇ ਦੀ ਪੈਜ ਰੱਖੋ ਜੀ। ਘਰ ਵਾਲੇ ਵੀਰ ਦੀਆਂ ਅੱਖਾਂ ਬੰਦ ਅਤੇ ਦੋਵੇਂ ਹੱਥ ਜੁੜੇ ਹੋਏ ਸਨ। ਆਉਣ ਵਾਲੇ ਗੁਰੂ ਪਿਆਰੇ ਨੇ ਵੀ, ਅਰਦਾਸ, ਬੇਨਤੀ ਸੁਣੀ ਅਤੇ ਬਿਨ੍ਹਾਂ ਕੁੱਝ ਬੋਲੇ, ਟੌਇਲਟ ਵਿੱਚ ਵੜਦਿਆਂ ਦਰਵਾਜ਼ਾ ਅੰਦਰੋਂ ਬੰਦ ਕਰ ਲਿਆ।

ਖ਼ਾਸ ਧਿਆਨ ਦੇਣ ਯੋਗ : ਕੋਈ ਭੀ ਖੁਰਾਕ (ਅੰਨ, ਪਾਣੀ, ਦੁੱਧ ਆਦਿ) ਸਰਬ ਲੋਹ ਵਿੱਚੋਂ ਪੈਦਾ ਨਹੀਂ ਹੁੰਦੀ ਅਤੇ ਨਾ ਹੀ ਸਰਬ ਲੋਹ ਦੇ ਸਰੀਰ ਵਿੱਚ ਪੈਂਦੀ ਹੈ। ਦੁੱਧ ਜੋ ਚੁਸਕੀਆਂ ਲੈ ਲੈ ਮਜੇ ਨਾਲ ਛਕਿਆ ਜਾਂਦਾ ਹੈ। ਸਰਬ ਲੋਹ ਦੀ ਪੈਦਾਇਸ਼ ਨਹੀਂ ਹੈ। ਬੌਨੀ ਸੋਚ ਗੁਰਮਤਿ ਵਿਚਾਰਧਾਰਾ ਤੋਂ ਸੱਖਣੀ ਰਹਿ, ਅਗਿਆਨਤਾ ਵਿੱਚ ਭਟਕਦੀ ਹੋਈ ਭੀ, ਗੁਰੂ ਦੀ ਪੈਰੋਕਾਰ ਬਣਨ ਦਾ ਦਾਹਵਾ ਕਿਉਂ ਕਰਦੀ ਹੈ ?

ਦੁਆਪਰ, ਤਰੇਤੇ ਅਤੇ ਕਲਯੁਗ ਦੇ ਸੰਤ

ਕਦੀ ਸੰਤ ਕਰਦੇ ਸੀ ਭਗਤੀ ਇਕਾਂਤ ਰਹਿਕੇ,
ਮਾਇਆ ਮੋਹ ਦੇ ਬੰਧਨਾਂ ਤੋਂ, ਨਿਰਲੇਪ ਰਹਿੰਦੇ ਸੀ।

ਕੁੱਲੀ ਜੁੱਲੀ ਕੰਬਲ ਕਮੰਡਲ ਸੀ ਪੂੰਜੀ ਹੁੰਦੀ,
ਚਸਕੇ ਸੁਆਦਾਂ ਦੇ ਨਹੀਂ ਚੰਗੇ ਹੁੰਦੇ ਕਹਿੰਦੇ ਸੀ।

ਛੱਡਕੇ ਮੋਹ ਦੁਨਿਆਵੀ ਪ੍ਰੀਤ ਪ੍ਰਭੂ ਨਾਲ ਪਾ ਕੇ,
ਨਾਮ ਦੀ ਖੁਮਾਰੀ ਦੇ, ਸਰੂਰੀ ਝੂਟੇ ਲੈਂਦੇ ਸੀ।

ਮਾਨ ਅਪਮਾਨ ਲੋਭ ਮੋਹ ਉਹਨਾਂ ਪੋਂਹਦਾ ਨਹੀਂ ਸੀ,
ਜੱਗ ਦਾ ਵਤੀਰਾ ਰੱਬੀ ਰਜ਼ਾ ਵਿੱਚ ਸਹਿੰਦੇ ਸੀ।

ਸ਼ਾਹੀ ਖਾਣੇ ਖਾਂਦੇ, ਸ਼ਾਹੀ ਬਾਣੇ ਅੱਜ ਪਾਉਂਦੇ ਸੰਤ,
ਕੋਇਲਾਂ ਵਾਂਗੂੰ ਬੈਠ ਕੇ ਸਟੇਜਾਂ ਉੱਤੇ ਕੂਕਦੇ।

ਨਾਲ ਗੜਵਈ ਮਾਲਸ਼ਈ ਸੇਵਾਦਾਰ ਰੱਖੇ,
ਲੋੜਦੇ ਅਨਾਜ਼ੀਂ ਤੇ ਘੁਰਾੜੀਂ ਰਾਤੀਂ ਸੂਕਦੇ।

ਥੋੜਾ ਜਿਹਾ ਪੈਦਲ ਜੇ ਤੁਰਨਾ ਪੈ ਜਾਵੇ ਕਿਤੇ,
ਤਾੜੇ ਵਾਲੀ ਧੌਂਕਣੀ ਦੇ ਵਾਂਗ ਦਿਲ ਹੂਕਦੇ।

ਗ਼ਰੀਬ ਤੇ ਲਾਚਾਰ ਲੋਕ ਭਾਵੇਂ ਭੁੱਖੇ ਮਰੀ ਜਾਣ,
ਘਿਉ ਤੇ ਸਮੱਗਰੀ ਇਹ ਮਣਾਂ ਮੂੰਹੀਂ ਫੂਕਦੇ।

ਨਾਮ ਦਾਨ ਦਿੰਦੇ ਨੇ ਇਹ ਕਰ ਕੇ ਪਰਖ ਪੂਰੀ,
ਹੀਰਿਆਂ ਦੇ ਜੌਹਰੀ ਪੂਰੇ ਪਾਰਖੂ ਇਹ ਰੂਪ ਦੇ।

ਘਰ ਘਰ ਘੁੰਮਦੇ ਸੁਭਾਂਤੀ ਚੋਗ ਚੁੱਗਦੇ ਨੇ,
ਭੌਰੇ ਜਿਵੇਂ ਫੁੱਲਾਂ ਦਾ ਆਨੰਦੀ ਰਸ ਚੂਸਦੇ।

ਕਲਯੁੱਗੀ ਸੰਤਾਂ ਤਾਈਂ ਕੱਲੇ ਰਹਿਣਾ ਔਖਾ ਹੋਇਆ,
ਚੇਲੇ ਚੇਲੀਆਂ ਚ, ਹਰ ਵੇਲੇ ਘਿਰੇ ਰਹਿੰਦੇ ਨੇ।

ਅੱਜ ਸਾਧਾਂ ਬਾਬਿਆਂ ਦੀ ਆਪੋ ਧਾਪੀ ਦੌੜ ਲੱਗੀ,
ਜ਼ਰ ਤੇ ਜ਼ਮੀਨਾਂ ਤਾਈਂ ਭੱਜ ਭੱਜ ਪੈਂਦੇ ਨੇ।

ਭਗਤੀ ਦਾ ਭੋਰਾ ਕੋਠਾ ਤੱਤਾ ਠੰਢਾ ਹੁੰਦਾ ਹੋਵੇ,
ਸਫ਼ਰ ਲਈ ਕਾਰੀਂ ਤੇ ਜ਼ਹਾਜ਼ੀਂ ਝੂਟੇ ਲੈਂਦੇ ਨੇ।

ਛੱਤੀ ਪ੍ਰਕਾਰੀ ਖਾਣੇ ਦੁੱਧ ਫਲ ਸੋਮ ਰਸ,
ਭੋਗਦੇ ਕਿਸ਼ਨ, ਭੋਗੋ ਸੇਵਕਾਂ ਨੂੰ ਕਹਿੰਦੇ ਨੇ।

ਕੁਕੜੂੰ ਕੜੂੰ ਦੀ ਬੋਲੀ ਬੋਲਦੇ ਸਿੱਖ

ਪ੍ਰਭੂ ਨੇ ਜੀਵ ਪ੍ਰਾਣੀ ਨੂੰ ਦੇਖਣ ਵਾਲੇ, ਸੁਣਨ ਵਾਲੇ ਅਤੇ ਮਹਿਸੂਸ ਕਰਨ ਵਾਲੇ ਇੰਦ੍ਰੇ (ਅੱਖਾਂ, ਕੰਨ, ਨੱਕ, ਹੱਥ, ਜੀਭ ਆਦਿ) ਦਿੱਤੇ ਹਨ। ਦੇਖਣ ਵਾਲੇ ਦੇਖ ਕੇ, ਸੁਣਨ ਵਾਲੇ ਸੁਣ ਕੇ ਅਤੇ ਮਹਿਸੂਸ ਕਰਨ ਵਾਲੇ ਮਹਿਸੂਸ ਕਰ ਕੇ, ਦੇਖਣ ਦਾ, ਸੁਣਨ ਦਾ ਅਤੇ ਅਨੁਭਵਤਾ ਦਾ ਅਸਰ ਜਰੂਰ ਕਬੂਲਦੇ ਹਨ। ਬਹੁ ਗਿਣਤੀ ਦਾ ਸਰਬ ਪੱਖੀ ਪ੍ਰਭਾਵ, ਘੱਟ ਗਿਣਤੀ ਉੱਤੇ ਪੈਣਾ, ਇਹ ਅਸਰ ਕਬੂਲਣ ਵਾਲੀ ਬਿਰਤੀ ਹੀ ਕਰਵਾਉਂਦੀ ਹੈ। ਗੱਲ ਕਰਦੇ ਹਾਂ ਸਿੱਖ ਕੌਮ ਦੀ ਜੋ ਭਾਰਤ ਵਿੱਚ 2% ਕਹੀ ਜਾਂਦੀ ਹੈ, ਪਰ ਸਿੱਖੀ ਵਿਚਾਰਧਾਰਾ ਨੂੰ ਸਮਝਣ ਵਾਲੇ ਸਿੱਖਾਂ ਦੀ ਗਿਣਤੀ ਤਾਂ ਸ਼ਾਇਦ ½% ਭੀ ਨਾ ਹੋਵੇ। ਇਹ ਬਹੁ ਗਿਣਤੀ ਦੇ ਪ੍ਰਭਾਵ ਦਾ ਹੀ ਕਾਰਨ ਹੈ ਕਿ ਸੱਚੇ ਸਤਿਗੁਰੂ (ਗੁਰੂ ਗ੍ਰੰਥ ਸਾਹਿਬ ਜੀ) ਦੇ ਪੈਰੋਕਾਰ ਹੁੰਦਿਆਂ ਜਾਂ ਅਖਵਾਉਂਦਿਆਂ ਹੋਇਆਂ ਭੀ, ਬਹੁ ਗਿਣਤੀ ਸਿੱਖ ਗੁਰੂ ਉਪਦੇਸ਼ ਤੋਂ ਅਨਜਾਨ ਰਹਿ ਕੇ ਗੁਰਬਾਣੀ ਵਿਚਾਰਧਾਰਾ ਦੀ ਵਿਰੋਧੀ ਸੋਚ ਅਪਨਾਈ ਬੈਠੇ ਹਨ। ਸਿੱਖ ਧਰਮ ਵਿੱਚ ਆਏ ਨਿਘਾਰ (ਪਤਿਤ-ਪੁਣਾ, ਕਰਮ-ਕਾਂਡ, ਅਤੇ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵਰਜਿਤ, ਰਹੁ-ਰੀਤਾਂ ਦੀ ਸਿੱਖੀ ਵਿੱਚ ਭਰਮਾਰ) ਦੀ ਵਜ੍ਹਾ ਨੂੰ ਵਿਚਾਰਦਿਆਂ ਇੱਕ ਪੁਰਾਣੀ ਆਪਣੀ ਅੱਖੀਂ ਦੇਖੀ ਅਤੇ ਕੰਨ੍ਹਾਂ ਨਾਲ ਸੁਣੀ, ਘਟਨਾ ਦੀ ਯਾਦ ਤਾਜ਼ਾ ਹੋ ਆਈ। ਸਾਲ 1981 ਕੁ ਦੀ ਗੱਲ ਹੈ, ਅਸੀਂ ਕੁੱਝ ਪੰਜਾਬੀ ਅਸਟ੍ਰੇਲੀਆ ਦੇ ਇੱਕ ਛੋਟੇ ਸ਼ਹਿਰ ਸ਼ਿਪਰਟਨ ਵਿੱਚ, ਇੱਕ ਜਿਮੀਂਦਾਰ ਦੇ ਬਾਗਾਂ ਵਿੱਚ ਨਾਸ਼ਪਾਤੀਆਂ ਅਤੇ ਸੇਬ ਤੋੜਦੇ ਹੁੰਦੇ ਸੀ। ਉਸ ਜਿਮੀਂਦਾਰ ਨੇ ਕਾਫ਼ੀ ਮੁਰਗੀਆਂ ਤੇ ਮੁਰਗੇ ਰੱਖੇ ਹੋਏ ਹੁੰਦੇ ਸਨ। ਇੱਕ ਦਿਨ, ਜਿਮੀਂਦਾਰ ਦਾ ਮੁੰਡਾ, ਕਿਤਿਓਂ ਇੱਕ ਮੈਗਪਾਈ (ਕਾਲਾ ਚਿੱਟਾ ਕਾਂ) ਦਾ ਬੱਚਾ ਫੜ ਲਿਆਇਆ ਅਤੇ ਉਸਨੂੰ, ਕੁਕੜਾਂ ਦੇ ਨਾਲ ਹੀ ਖੁੱਡੇ ਵਿੱਚ ਛੱਡ ਦਿੱਤਾ। ਉਹ ਕਾਂ ਦਾ ਬੱਚਾ, ਕੁਕੜਾਂ ਵਾਲੀ ਖ਼ੁਰਾਕ ਖਾਂਦਾ ਅਤੇ ਕੁਕੜਾਂ ਨਾਲ ਹੀ ਖੇਲਦਾ ਕਲੋਲਾਂ ਕਰਦਾ ਵੱਡਾ ਹੋਣ ਲੱਗਾ। ਕੁਕੜ ਸਾਰਾ ਦਿਨ, ਕੁੜ ਕੁੜ ਕੁੜ ਕੁੜ ਕਰਦੇ ਅਤੇ ਕੁਕੜੂੰ ਕੜੂੰ, ਕੁਕੜੂੰ ਕੜੂੰ ਦੀ ਬਾਂਗ ਦਿੰਦੇ ਰਹਿੰਦੇ। ਬਹੁ-ਗਿਣਤੀ ਵਿੱਚ, ਉਹ ਮੈਗਪਾਈ ਕਾਂ ਦਾ ਬੱਚਾ, ਆਪਣੀ ਅਸਲੀਅਤ, ਆਪਣਾ ਅਸਲ ਬੋਲਣ ਦਾ ਢੰਗ ਭੁੱਲ ਗਿਆ ਅਤੇ ਬਹੁ-ਗਿਣਤੀ ਦਾ ਅਸਰ ਕਬੂਲਦਿਆਂ ਕੁਕੜਾਂ ਦੀ ਬੋਲੀ, ਕੁਕੜੂੰ ਕੜੂੰ ਬੋਲਣ ਲੱਗਾ। ਅਨੇਕ ਪਸ਼ੂ ਪੰਛੀ ਹਨ ਜੋ ਸਿਖਾਇਆਂ ਕਈ ਤਰ੍ਹਾਂ ਦੀਆਂ ਆਦਤਾਂ ਜਾਂ ਹੋਰ ਬੋਲੀ ਸਿੱਖ ਜਾਂਦੇ ਹਨ। ਭਾਰਤ ਵਿੱਚ ਇੱਕ ਤੋਤਾ ਪੰਛੀ ਹੈ ਜੋ ਮਨੁੱਖ ਵਾਲੀ ਬੋਲੀ ਬੋਲਣੀ ਸਿੱਖ ਜਾਂਦਾ ਹੈ। ਅਸਟ੍ਰੇਲੀਆ ਵਿੱਚ ਇਸੇ ਤਰ੍ਹਾਂ ਦਾ ਕੋਕੀ ਪੰਛੀ ਹੈ ਜੋ ਮਨੁੱਖੀ ਬੋਲੀ ਸਿੱਖ ਜਾਂਦਾ ਹੈ। ਸਰਕਸ (ਇਨਸਾਨ ਅਤੇ ਜਾਨਵਰਾਂ ਦੇ ਜਿਸਮਾਨੀ ਕਰਤਬ) ਵਿੱਚ ਜਾਨਵਰਾਂ ਨੂੰ ਸਿਖਾ ਕੇ

ਅਨੇਕ ਤਰ੍ਹਾਂ ਦੇ ਖੇਲ ਕਰਾਏ ਜਾਂਦੇ ਹਨ। ਇਨ੍ਹਾਂ ਨੂੰ ਮਿਹਨਤ ਕਰ ਕੇ ਸਿਖਾਇਆ ਜਾਂਦਾ ਹੈ, ਪਰ ਬਹੁ ਗਿਣਤੀ ਦਾ ਪ੍ਰਭਾਵ, ਮਨ ਆਪਣੇ ਆਪ ਕਬੂਲਦਾ ਹੈ। ਉਸ ਮੈਗਪਾਈ ਦੇ ਬੱਚੇ ਦੀ ਤਰ੍ਹਾਂ, ਅਸੀਂ (ਸਿੱਖ ਕੌਮ) ਭੀ, ਬਹੁ-ਗਿਣਤੀ ਦੇ ਪ੍ਰਭਾਵ ਹੇਠ ਆਪਣੀ ਅਸਲ ਵਿਚਾਰਧਾਰਾ ਸੱਚ ਨੂੰ ਭੁੱਲਦੇ ਤੇ ਅਸੱਚ ਨੂੰ ਕਬੂਲਦੇ (ਬਿੱਪਰੀ ਸੋਚ ਤੇ ਕਰਮਕਾਂਡੀ ਰਹੁਰੀਤਾਂ ਅਪਨਾਈ) ਜਾ ਰਹੇ ਜਾਂ ਅਪਨਾ ਚੁੱਕੇ ਹਾਂ। ਖ਼ਾਸ ਕਰਕੇ (ਬਹੁ ਗਿਣਤੀ ਵਿੱਚ) ਸਾਡੇ ਗੁਰੂ ਘਰਾਂ ਦੇ ਸੇਵਾਦਾਰ, ਗ੍ਰੰਥੀ, ਕੀਰਤਨੀਏ, ਅਤੇ ਕਥਾਕਾਰ, ਅਨਮੱਤੀ ਕਰਮ-ਕਾਂਡ ਅਤੇ ਬਿਪ੍ਰ ਰਹੁ-ਰੀਤਾਂ ਦਾ ਪ੍ਰਭਾਵ ਪੂਰੀ ਤਰ੍ਹਾਂ ਕਬੂਲ ਚੁੱਕੇ ਹਨ ਅਤੇ ਕੁਕੜੂੰ ਕੜੂੰ ਵਾਲੀ ਬੋਲੀ ਬੋਲਦਿਆਂ ਗੁਰੂ ਘਰਾਂ ਦੀਆਂ ਸਟੇਜਾਂ ਤੇ ਬਹਿ ਕੇ ਬਿੱਪਰ ਸੋਚ ਵਾਲੀਆਂ ਸਾਖੀਆਂ ਹੀ ਸੁਣਾਉਂਦੇ ਤੇ ਪ੍ਰਚਾਰਦੇ ਹਨ। ਆਮ ਸੰਸਾਰ ਵਿੱਚ ਵਿਚਰਦਿਆਂ, ਮੌਸਮ ਤੇ ਵਾਤਾਵਰਣ ਅਨੁਸਾਰ ਪ੍ਰਾਣੀ ਦੇ ਸਰੀਰ ਅਤੇ ਪਹਿਨੇ ਕਪੜਿਆਂ ਉੱਤੇ, ਮਿੱਟੀ ਘੱਟਾ ਪਸੀਨਾ ਆਦਿ ਦੀ ਮੈਲ ਲੱਗ ਜਾਂਦੀ ਹੈ ਤਾਂ ਇਹ ਬਾਹਰੀ ਮੈਲ, ਸਾਬਣ ਨਾਲ ਸਾਫ਼ ਕਰਦੇ ਹਾਂ। ਜੇ ਇਹ ਕਿਰਿਆ ਨਿਤਾ-ਪਰਤੀ ਨਾ ਕੀਤੀ ਜਾਵੇ ਤਾਂ ਕਪੜੇ ਦੇ ਤੰਦ ਮੈਲ ਪੈ ਜਾਂਦੀ ਹੈ, ਫਿਰ ਨਿੱਖਰਨਾ ਮੁਸ਼ਕਿਲ ਹੋ ਜਾਂਦਾ ਹੈ। ਇਸੇ ਤਰ੍ਹਾਂ ਹੀ ਸਰੀਰ ਦੇ ਅੰਦਰ ਵਿਚਰਦੀ ਮਤਿ (ਸੋਚ, ਮਨ) ਉੱਤੇ ਭੀ ਸਮੇਂ ਦੇ ਬੋਲ ਕਬੋਲ ਰੰਗ ਤਮਾਸ਼ਿਆਂ (ਦੇਖਿਆਂ, ਸੁਣਿਆਂ, ਮਹਿਸੂਸ ਕੀਤਿਆਂ) ਦੀ ਮੈਲ ਆਪਣਾ ਅਸਰ ਪਾਉਂਦੀ ਹੈ। ਜਿਸ ਨੂੰ ਗੁਰਬਾਣੀ ਦੇ ਸੱਚ ਗਿਆਨ ਰੂਪੀ ਉਪਦੇਸ਼ ਦੇ ਨਿੱਤਨੇਮ ਨਾਲ (ਬਾਣੀ ਪੜ੍ਹਕੇ, ਵਿਚਾਰਕੇ, ਉਪਦੇਸ਼ ਅਨੁਸਾਰ ਜੀਵਨ ਜੁਗਤਿ ਬਣਾ ਕੇ) ਹੀ, ਸਾਫ਼ ਕੀਤਾ ਜਾ ਸਕਦਾ ਹੈ। ਗੁਰੂ ਬਚਨ ਹਨ, **ਭਰੀਐ ਹਥੁ ਪੈਰੁ ਤਨੁ ਦੇਹ ॥ ਪਾਣੀ ਧੋਤੈ ਉਤਰਸੁ ਖੇਹ ॥ ਮੂਤ ਪਲੀਤੀ ਕਪੜੁ ਹੋਇ ॥ ਦੇ ਸਾਬੂਣੁ ਲਈਐ ਓਹੁ ਧੋਇ ॥ ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥੨੦॥੪/੧੧॥** ਇਹ ਨਿੱਤਨੇਮ ਕਰਨਾ ਬਹੁਤ ਹੀ ਜ਼ਰੂਰੀ ਹੈ। ਜੇ ਆਲਸ ਕਰ ਕੇ ਗੁਰ ਸ਼ਬਦ (ਬਾਣੀ) ਦਾ ਨਿੱਤਨੇਮ ਛੱਡ ਦਿੱਤਾ ਜਾਵੇ ਤਾਂ ਕਪੜੇ ਦੀ ਤੰਦ ਮੈਲ ਪੈ ਜਾਣ ਵਾਂਗ ਹੀ, ਬਹੁ ਭਾਂਤੀ ਮੈਲ ਲੱਗੀ ਇਸ ਮਤਿ ਨੂੰ ਸਾਫ਼ ਕਰਨਾ ਮੁਸ਼ਕਿਲ ਹੋ ਜਾਂਦਾ ਹੈ। ਗੁਰੂ ਦੇ ਹੁਕਮ ਵਿੱਚ ਰਹਿਆਂ ਸੰਸਾਰੀ ਝਮੇਲਿਆਂ (ਆਵਾ-ਗਉਣ) ਤੋਂ ਮੁਕਤਿ ਹੋ ਜਾਈਦਾ ਹੈ। ਸਤਿਗੁਰੂ ਜੀ ਫ਼ੁਰਮਾਉਂਦੇ ਹਨ, **ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ ॥ ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥ ਗੁਰ ਪਰਸਾਦੀ ਜੀਵਤੁ ਮਰੈ ਉਲਟੀ ਹੋਵੈ ਮਤਿ ਬਦਲਾਹੁ ॥ ਨਾਨਕ ਮੈਲੁ ਨ ਲਗਈ ਨਾ ਫਿਰਿ ਜੋਨੀ ਪਾਹੁ ॥੬੫੧/੧॥** ਆਮ ਸੰਸਾਰੀ ਸੋਚ ਹੈ ਕਿ, ਅੱਖੀਓ ਤੱਕਣਾ ਸਿਫਤ ਤੁਹਾਡੀ ਕੌਣ ਕਹੇ ਤੁਸੀਂ ਤੱਕੋ ਨਾ। ਜਗਤ ਤਮਾਸ਼ਾ ਸਦ ਹੀ ਤੱਕੋ ਤੱਕਦੀਆਂ ਤੱਕਦੀਆਂ ਥੱਕੋ ਨਾ।ਅਤੇ। ਕੰਨਾਂ ਦਾ ਤਾਂ ਕੰਮ ਹੈ ਸੁਣਨਾ ਬੋਲ ਕਬੋਲ ਸੰਸਾਰੀ। ਕਿੱਥੇ ਘਾਟਾ ਲਾਭ ਹੈ ਕਿੱਥੇ ਵਿਰਲੇ ਕਿੰਨੇ ਵਿਚਾਰੀ। ਆਉ ਹੁਣ ਸਿੱਖ ਵਾਸਤੇ ਜੋ ਸਤਿਗੁਰੂ ਦਾ ਹੁਕਮ ਹੈ ਉਸ ਨੂੰ ਭੀ ਵਿਚਾਰੀਏ, **ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥** ਹੇ ਮੇਰੀ ਅੱਖੀਓ, ਪ੍ਰਭੂ ਨੇ ਤੁਹਾਡੇ ਵਿੱਚ ਆਪਣੀ ਜੋਤ ਟਿਕਾਈ ਹੈ, ਤੁਸੀਂ ਜੋ ਭੀ ਤੱਕੋਂ ਤੁਹਾਨੂੰ ਪ੍ਰਭੂ ਰਚਨਾ ਵਿੱਚ ਪ੍ਰਭੂ ਹੀ ਦਿਸਣਾ ਚਾਹੀਦਾ ਹੈ।

ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ॥ ਸਾਚੈ ਸੁਨਣੈ ਨੋ ਪਠਾਏ ਸਰੀਰ ਲਾਏ ਸੁਣਹੁ ਸਤਿ ਬਾਣੀ॥ ਹੇ ਮੇਰੇ ਕੰਨੋਂ ਤੁਹਾਨੂੰ ਸੱਚ ਸੁਣਨ ਲਈ ਬਣਾਇਆ ਹੈ। ਸਰੀਰ ਨਾਲ ਲਾਇਆ ਹੈ। ਸਦਾ ਪ੍ਰਭੂ ਦੇ ਸੱਚ ਦਾ ਉਪਦੇਸ਼ ਸੁਣੋ। ਕਾਸ਼, ਅਸੀਂ ਸਤਿਗੁਰੂ ਜੀ ਦੀ ਸਹੀ ਵਿਚਾਰ-ਧਾਰਾ ਨੂੰ ਸਮਝ ਸਕਦੇ ਅਤੇ ਖ਼ਾਲਸੇ ਦੇ ਨਿਆਰੇ ਪਨ ਦੀ ਵਿਲੱਖਣਤਾ ਨੂੰ, ਬਿਪ੍ਰਨ ਦੀਆਂ ਗੀਤਾਂ ਦੇ ਮਿਲਗੋਭੇ ਵਿੱਚ ਰਲਗੱਡ ਕਰਨ ਦੇ ਆਪ ਹੀ ਜੁੰਮੇਵਾਰ ਨਾ ਬਣਦੇ।

ਬਿਹਲੜ ਬੱਗ

ਸ਼ਬਦ ਸਰੂਪ ਗੁਰੂ ਨੂੰ, ਦੇਹ ਦਾ ਦਰਜਾ ਦਿੰਦੇ ਜੋ।
ਗੁਰਮਤਿ ਗਿਆਨ ਵਿਚਾਰ-ਧਾਰਾ ਤੋਂ, ਸੱਖਣੇ ਹੁੰਦੇ ਉਹ।
ਗੁਰ ਮੂਰਤਿ ਗੁਰ ਸਬਦ ਹੈ, ਸੋਚ ਕਿਉਂ ਵਿਸਰਾ ਦਿੱਤੀ।
ਬਿਹਲੜ ਬੱਗਾਂ ਕਰਮ-ਕਾਂਡੀ, ਹਰ ਰਸਮ ਬਣਾ ਦਿੱਤੀ।
ਕੌਮ ਦੇ ਬਿਹਲੜ ਬੱਗਾਂ.....

ਤੋੜ ਸੱਚ ਦੇ ਨਾਲੋਂ, ਮਿੱਥ ਦੇ ਪਿੱਛੇ ਲਾਉਂਦੇ ਜੋ।
ਸੋਝੀ ਸੱਖਣੇ ਸ਼ਰਧਾਲੂਆਂ ਦਾ, ਲਾਭ ਉਠਾਉਂਦੇ ਉਹ।
ਗ੍ਰੰਥ ਪੰਥ ਛਡਵਾਕੇ, ਸਿੱਖੀ ਡੇਰੀਂ ਲਾ ਦਿੱਤੀ।
ਬਿਹਲੜ ਬੱਗਾਂ ਕਰਮ-ਕਾਂਡੀ, ਹਰ ਰਸਮ ਬਣਾ ਦਿੱਤੀ।
ਕੌਮ ਦੇ ਬਿਹਲੜ ਬੱਗਾਂ.....

ਕਿਹਾਂ ਗੁਰਾਂ ਮੱਠ ਮੜ੍ਹੀਏਂ, ਸਿੱਖਾ ਸੀਸ ਝੁਕਾਈਂ ਨਾ।
ਸੱਚ ਧਰਮ ਗੁਰੂ ਗਿਆਨ ਨਾਮ ਨੂੰ, ਮਨੋਂ ਭੁਲਾਈਂ ਨਾ।
ਬੰਦੇ ਬਾਣੇ ਮੂਰਤ ਅੱਗੇ, ਕੌਮ ਝੁਕਾ ਦਿੱਤੀ।
ਬਿਹਲੜ ਬੱਗਾਂ ਕਰਮ-ਕਾਂਡੀ, ਹਰ ਰਸਮ ਬਣਾ ਦਿੱਤੀ।
ਕੌਮ ਦੇ ਬਿਹਲੜ ਬੱਗਾਂ.....

ਥੜ੍ਹੇ ਨਿਸ਼ਾਨ ਕੌਮ ਦੇ, ਦੁੱਧ ਲੱਸੀਏਂ ਨਲਵਾਉਂਦੇ ਨੇ।
ਨਿਰ ਆਕਾਰ ਭੁਲਾ ਸਿੱਖ ਨੂੰ, ਆਕਾਰੀਂ ਲਾਉਂਦੇ ਨੇ।
ਸੱਚ ਮਾਰਗ ਦੀ ਕੌਮ, ਬਿਪਰ, ਪਗਡੰਡੀਏਂ ਪਾ ਦਿੱਤੀ।
ਬਿਹਲੜ ਬੱਗਾਂ ਕਰਮ-ਕਾਂਡੀ, ਹਰ ਰਸਮ ਬਣਾ ਦਿੱਤੀ।
ਕੌਮ ਦੇ ਬਿਹਲੜ ਬੱਗਾਂ.....

ਗੁਰੂ ਗਿਆਨ ਦੀ ਸਮਝ ਬਿਨ੍ਹਾਂ, ਗ੍ਰੰਥੀ ਅਖਵਾਉਂਦੇ ਜੋ।
ਮੱਸਿਆ ਪੁੰਨਿਆਂ ਸੰਗਰਾਂਦਾਂ ਦੇ, ਸੋਹਲੇ ਗਾਉਂਦੇ ਉਹ।
ਥਿੱਤਾਂ ਪੂਜਣ ਮੂਰਖ਼, ਬਾਣੀ ਗੱਲ ਮੁਕਾ ਦਿੱਤੀ।
ਬਿਹਲੜ ਬੱਗਾਂ ਕਰਮ-ਕਾਂਡੀ, ਹਰ ਰਸਮ ਬਣਾ ਦਿੱਤੀ।
ਕੌਮ ਦੇ ਬਿਹਲੜ ਬੱਗਾਂ.....

ਸਪਤਾਹਿਕ ਮਾਹਵਾਰ, ਕਈ ਸੰਪਟ ਪਾਠ ਚਲਾ ਦਿੱਤੇ।
ਕਰਮ-ਕਾਂਡੀ ਅਖੰਡ ਪਾਠਾਂ ਵਿੱਚ, ਸਿੱਖ ਉਲਝਾ ਦਿੱਤੇ।
ਕੁੰਭ ਲਲੇਰ ਜੋਤ ਦੀ ਸ਼ਰਧਾ, ਮਨੀਂ ਵਸਾ ਦਿੱਤੀ।
ਬਿਹਲੜ ਬੱਗਾਂ ਕਰਮ-ਕਾਂਡੀ, ਹਰ ਰਸਮ ਬਣਾ ਦਿੱਤੀ।
ਕੌਮ ਦੇ ਬਿਹਲੜ ਬੱਗਾਂ.....

ਨਾਮ ਪੂਜਾਰੀ ਕੌਮ ਨੂੰ, ਵਹਿਮਾਂ ਭਰਮਾਂ ਘੇਰ ਲਿਆ।
ਕੁਦਰਤ ਪੂਜਣ ਲੱਗੀ, ਮੂੰਹ ਕਾਦਰ ਤੋਂ ਫੇਰ ਲਿਆ।
ਸੁੱਖਾਂ ਮੰਨਤ ਮਨੌਤਾਂ ਠੱਗਾ ਦੀ ਕਦਰ ਵਧਾ ਦਿੱਤੀ।
ਬਿਹਲੜ ਬੱਗਾਂ ਕਰਮ-ਕਾਂਡੀ, ਹਰ ਰਸਮ ਬਣਾ ਦਿੱਤੀ।
ਕੌਮ ਦੇ ਬਿਹਲੜ ਬੱਗਾਂ.....

ਨਾਮ ਗਿਆਨ ਨੂੰ ਭੁੱਖ ਤੇਹ, ਗਰਮੀ ਸਰਦੀ ਨਹੀਂ ਲੱਗਦੀ।
ਠੱਗ ਮੰਡਲੀ ਇਹ ਕਰਮ-ਕਾਂਡ ਕਰ, ਸ਼ਰਧਾ ਨੂੰ ਠੱਗਦੀ।
ਗੁਰਮੁਖਿ ਸ਼ਬਦ ਵਿਚਾਰੇ, ਗੁਰੂ ਕਲਾ ਵਰਤਾ ਦਿੱਤੀ।
ਬਿਹਲੜ ਬੱਗਾਂ ਕਰਮ-ਕਾਂਡੀ, ਹਰ ਰਸਮ ਬਣਾ ਦਿੱਤੀ।
ਕੌਮ ਦੇ ਬਿਹਲੜ ਬੱਗਾਂ.....

ਸੁੰਦਰ ਕੱਪੜੀਂ ਸੱਚ ਗਿਆਨ, ਸਜਾਈ ਜਾਂਦੇ ਹਾਂ।
ਮਾਇਆ ਦੇ ਦੇ ਪੂਜਾ ਪਾਠ, ਕਰਾਈ ਜਾਂਦੇ ਹਾਂ।
ਸ਼ਰਧਾ ਨੇ ਬੱਸ ਸੋਚ ਸਿੱਖੀ, ਇੱਥੇ ਅਟਕਾ ਦਿੱਤੀ।
ਬਿਹਲੜ ਬੱਗਾਂ ਕਰਮ-ਕਾਂਡੀ, ਹਰ ਰਸਮ ਬਣਾ ਦਿੱਤੀ।
ਕੌਮ ਦੇ ਬਿਹਲੜ ਬੱਗਾਂ.....

ਖਾਣ ਪੀਣ ਸਿੱਖ ਰਹਿਤਾਂ ਦੇ ਵਿੱਚ, ਪਾਉਣ ਬਖੇੜੇ ਜੋ।
ਚੱਲਣ ਸਿੱਖ ਵਿਰੋਧੀ ਚਾਲ੍ਹਾਂ, ਦੁਸ਼ਮਣ ਕਿਹੜੇ ਉਹ।
ਦੁੱਧ ਸਿੱਖੀ ਵਿੱਚ, ਕਿਵੇਂ ਮਕ੍ਹਾਰਾਂ ਕਾਂਜੀ ਪਾ ਦਿੱਤੀ।
ਬਿਹਲੜ ਬੱਗਾਂ ਕਰਮ-ਕਾਂਡੀ, ਹਰ ਰਸਮ ਬਣਾ ਦਿੱਤੀ।
ਕੌਮ ਦੇ ਬਿਹਲੜ ਬੱਗਾਂ.....

ਸੰਗਤ ਵਿੱਚ ਕਈ ਕਰਦੇ ਗੱਲ, ਸਦਾ ਮਿਥਿਹਾਸਾਂ ਦੀ।
ਨਾ ਬਾਣੀ ਵਿਚਾਰ, ਨਾ ਗੁਰਮਤਿ ਗੁਰ ਇਤਿਹਾਸਾਂ ਦੀ।
ਜਾਪੇ ਸਿੱਖ ਨੂੰ ਸੱਚ ਸਮਝਣ ਦੀ, ਜਾਚ ਭੁਲਾ ਦਿੱਤੀ।
ਬਿਹਲੜ ਬੱਗਾਂ ਕਰਮ-ਕਾਂਡੀ, ਹਰ ਰਸਮ ਬਣਾ ਦਿੱਤੀ।
ਕੌਮ ਦੇ ਬਿਹਲੜ ਬੱਗਾਂ.....

ਸ਼ਬਦ ਗੁਰੂ ਦਾ ਮਿਸ਼ਨ ਸਿੱਖਾ, ਦੱਸ ਕਦੋਂ ਤੂੰ ਜਾਣੇਂਗਾ।
ਆਪੂੰ ਸਮਝ ਵਿਚਾਰੇਂਗਾ, ਤਾਂ ਹੀ ਰੰਗ ਮਾਣੇਂਗਾ।
ਕਿਸ਼ਨ ਵਿਚੋਲ-ਗਿਰੀ ਨੇ, ਤੇਰੀ ਮੱਤ ਮਰਵਾ ਦਿੱਤੀ।
ਬਿਹਲੜ ਬੱਗਾਂ ਕਰਮ-ਕਾਂਡੀ, ਹਰ ਰਸਮ ਬਣਾ ਦਿੱਤੀ।
ਕੌਮ ਦੇ ਬਿਹਲੜ ਬੱਗਾਂ.....

ਗੁਰੂਬਾਣੀ ਨਾਲ ਛੇੜ ਛਾੜ ਕਿਉਂ ?

ਸਹਿਜ ਸਿੰਘ ਦਿਲ ਦਾ ਭਾਵੇਂ ਬਹੁਤ ਚੰਗਾ (ਸੁਚੱਜੀ ਸੋਚ ਤੇ ਸਮੂਹ ਮਿਲਾਪੜਾ) ਇਨਸਾਨ ਹੈ ਪਰ ਗ਼ਰੀਬੀ ਉਸਦੀ ਕੋਈ ਪੇਸ਼ ਨਹੀਂ ਸੀ ਜਾਣ ਦਿੰਦੀ। ਘਰ ਵਾਲੀ ਅਨੰਦ ਕੌਰ, ਸੁਘੜ ਸਿਆਣੀ ਇੱਕ ਘਰੇਲੂ ਔਰਤ ਹੈ। ਜਿਸ ਨੇ ਸੱਤ ਬੱਚਿਆਂ ਨੂੰ ਜਨਮ ਤਾਂ ਦੇ ਦਿੱਤਾ ਪਰ ਸਹਿਜ ਸਿੰਘ ਦੀ ਮਜ਼ਦੂਰੀ ਨਾਲ, ਨੌਂ ਜੀਆਂ ਵਾਲੇ ਪਰਿਵਾਰ ਦਾ ਗੁਜਾਰਾ ਬੜਾ ਮੁਸ਼ਕਿਲ ਚੱਲਦਾ ਸੀ। ਗੁਰਮਤਿ ਦੇ ਅਨਜਾਣ ਦੋਵੇਂ ਜੀਅ, ਮਸੰਦਾਂ ਦੇ ਵਾਰਸ ਮਹੰਤਾਂ ਸੰਤਾਂ ਦੇ ਡੇਰਿਆਂ ਦੀ ਚੌਂਕੀ ਭਰਨੀ ਆਪਣੇ ਧੰਨ ਭਾਗ ਸਮਝਦੇ। ਜਿਵੇਂ ਜਿਵੇਂ ਬੱਚੇ ਵੱਡੇ ਹੋ ਰਹੇ ਸਨ ਸਭ ਦੀਆਂ ਜਰੂਰਤੀ ਲੋੜਾਂ ਵਧ ਰਹੀਆਂ ਸਨ ਅਤੇ ਬੱਚਿਆਂ ਦੀ ਪੜ੍ਹਾਈ ਵਾਰੇ ਸੋਚਣਾ ਤਾਂ ਇਨ੍ਹਾਂ ਲਈ ਜਾਣੋਂ ਦਿਨੇ ਸੁਪਨੇ ਲੈਣ ਬਰਾਬਰ ਸੀ। ਇਸੇ ਇਲਾਕੇ ਵਿੱਚ ਸੰਤ ਗ਼ਰੀਬ ਦਾਸ [ਨਾਮ ਹੀ ਗ਼ਰੀਬ ਦਾਸ ਸੀ ਪਰ ਲੋਕਾਂ ਵਲੋਂ ਚੜ੍ਹਾਏ ਚੜ੍ਹਾਵੇ ਨਾਲ ਸੰਤ ਜੀ ਆਪਣਾ ਜੀਵਨ ਪੂਰੇ ਠਾਠ ਬਾਠ ਤਹਿਤ (ਮਹਾਰਾਜਿਆਂ ਜਿਹਾ) ਗੁਜਾਰ ਰਹੇ ਹਨ] ਜੀ ਨੇ, ਗ਼ਰੀਬ ਬੱਚਿਆਂ (ਮੁੰਡੇ, ਕੁੜੀਆਂ) ਦੇ ਪੜ੍ਹਾਉਣ ਲਈ ਆਪਣੇ ਡੇਰੇ ਵਿੱਚ ਹੀ ਪਾਠਸ਼ਾਲਾ ਬਣਾ ਰੱਖੀ ਹੈ, ਜੋ ਗ਼ਰੀਬ ਦਾਸ ਜੀ ਦੀਆਂ ਆਰਥਿਕ ਤੇ ਆਨੰਦਤ ਲੋੜਾਂ ਦੀ ਪੂਰਤੀ ਕਰਦੀ ਹੈ। ਸਹਿਜ ਸਿੰਘ ਤੇ ਉਸ ਦੇ ਘਰ ਵਾਲੀ ਨੇ ਤੰਗੀ ਮਹਿਸੂਸ ਕਰਦਿਆਂ ਵੱਡਾ ਜਿਗਰਾ ਕਰ ਕੇ ਆਪਣੇ ਤਿੰਨ (ਤੇਜਵੀਰ, ਧਿਆਨਾ ਅਤੇ ਲਾਲੂ) ਬੱਚੇ, ਇਸ ਗ਼ਰੀਬ ਦਾਸ ਦੇ ਡੇਰੇ ਵਿੱਚ ਛੱਡ ਦਿੱਤੇ। ਗੁਰਮੁਖੀ ਅੱਖਰਾਂ ਤੋਂ ਸ਼ੁਰੂਆਤ ਕਰ ਕੇ ਗੁਰਬਾਣੀ ਦਾ ਪਾਠ ਰਟਨ ਕਰਾਇਆ ਜਾਂਦਾ। ਭਾਰਤੀ ਸੰਸਕ੍ਰਿਤੀ ਦੇ ਸਮੂਹ ਗ੍ਰੰਥਾਂ (ਵੇਦ, ਪੁਰਾਣ, ਸਿਮ੍ਰਤੀਆਂ ਆਦਿ) ਅਤੇ ਪੂਜਕ ਸੰਸਕਾਰਾਂ (ਕਰਮਕਾਂਡਾਂ) ਦੀ ਪੂਰਨ ਜਾਣਕਾਰੀ ਪਰਪੱਕ (ਖ਼ਾਸ ਸੰਸਥਾਵੀ ਸਮਝੌਤਿਆਂ ਅਨੁਸਾਰ) ਕਰਾਈ ਜਾਂਦੀ। ਕਿਸੇ ਮੰਤਰ, ਸ਼ਬਦ ਜਾਂ ਕਾਵ ਰਚਨਾ ਨੂੰ, ਬਿਨ ਸਮਝੇ, ਬਿਨ ਵਿਚਾਰੇ ਯਾਦ ਕਰਨਾ ਜਾਂ ਗਿਣਤੀ ਮਿਣਤੀ ਕਰਨ ਨੂੰ, ਲੋਕ ਬੋਲੀ ਵਿੱਚ ਤੋਤਾ ਰਟਨ ਕਹਿੰਦੇ ਹਨ। ਅੱਜ ਭੀ ਅਨੇਕ ਡੇਰਿਆ ਅਤੇ ਟਕਸਾਲਾਂ ਵਿੱਚ, ਗ਼ਰੀਬ ਮਾਪਿਆਂ ਵਲੋਂ ਚੜ੍ਹਾਏ ਬੱਚੇ, ਪਰੰਪਰਾਈ ਸਿਖਿਆ ਦੀ ਪ੍ਰਾਪਤੀ ਜਾਂ ਰੋਜੀ ਰੋਟੀ ਦਾ ਵਸੀਲਾ ਬਨਾਉਣ ਵਾਸਤੇ, ਸਿੱਖਿਆ ਪ੍ਰਾਪਤ ਕਰਦੇ ਹਨ। ਰਾਗ ਵਿੱਦਿਆ (ਸਾਜ, ਸੰਗੀਤ) ਸਿੱਖ ਜਾਣ ਨਾਲ, ਡੇਰਿਆਂ ਦੇ ਪੜ੍ਹੇ ਬੱਚਿਆਂ ਲਈ, ਕੀਰਤਨ ਇੱਕ ਰੁਜਗਾਰ ਬਣ ਜਾਣਾ ਸੁਭਾਵਿਕ ਹੈ। ਐਸੇ ਸਿਖਿਆਰਥੀਆਂ ਕੋਲੋਂ ਗੁਰਮਤਿ ਵਿਚਾਰਧਾਰਾ ਦੀ ਕੋਈ ਉਮੀਦ ਰੱਖਣੀ ਹੀ ਨਿਰਮੂਲ ਸੋਚ ਹੈ। ਸਹਿਜ ਸਿੰਘ ਅਤੇ ਅਨੰਦ ਕੌਰ ਦੇ ਬੱਚੇ ਭੀ ਦਿਨ ਬ-ਦਿਨ ਰਾਗ ਵਿੱਦਿਆ ਤੇ ਕੀਰਤਨ ਵਿੱਚ ਮਾਹਰ ਹੁੰਦੇ ਗਏ। ਡੇਰੇ ਵਿੱਚ ਹੀ ਅੰਮ੍ਰਿਤ ਦੀ ਦਾਤ ਪ੍ਰਾਪਤ (ਸ਼ਾਇਦ ਪਾਠਕ ਸੋਚਣਗੇ, ਗ਼ਰੀਬ ਦਾਸ ਦੇ ਡੇਰੇ ਵਿੱਚ ਅੰਮ੍ਰਿਤ ਸੰਚਾਰ ? ਜੋ

ਦਮਦਮੀ ਟਕਸਾਲ ਦਾ ਆਗੂ ਫਤੇ ਚੰਦ ਹੋ ਸਕਦਾ ਹੈ ਤਾਂ ਡੇਰੇਦਾਰ ਗ਼ਰੀਬ ਦਾਸ ਕਿਉਂ ਨਹੀਂ) ਕਰ ਕੇ ਸਿੰਘ ਸਜ ਗਏ। ਇਸੇ ਤਰ੍ਹਾਂ ਕਈ ਸਾਲ ਬੀਤ ਗਏ ਅਤੇ ਤੇਜਵੀਰ ਸਿੰਘ, ਧਿਆਨ ਸਿੰਘ ਤੇ ਲਾਲ ਸਿੰਘ ਤਿੰਨਾਂ ਭਰਾਵਾਂ ਦਾ ਵਧੀਆ ਕੀਰਤਨੀ ਜੱਥਾ ਬਣ ਗਿਆ। ਇਹ ਕੀਰਤਨੀ ਜੱਥਾ ਤੇਜਵੀਰ ਸਿੰਘ ਬਠਿੰਡੇ ਵਾਲੇ ਲਿਖਣ ਤੇ ਅਖਵਾਉਣ ਲੱਗੇ। ਇੱਕ ਵੇਰ ਸਿੱਖ ਮਿਸ਼ਨਰੀ ਵੀਰਾਂ ਨੇ ਗੁਰਮਤਿ ਸਮਾਗਮ ਕਰਾਉਣ ਲਈ, ਇਸ ਜਥੇ ਤੱਕ ਭੀ ਪਹੁੰਚ ਕਰ ਕੇ ਸਮਾਗਮ ਵਿੱਚ ਹਿੱਸਾ ਲੈਣ ਲਈ ਬੇਨਤੀ ਕੀਤੀ। ਸਾਜਾਂ ਦੀ ਮੁਹਾਰਤ ਅਤੇ ਸੁਰੀਲੀਆਂ ਆਵਾਜਾਂ ਸੁਣਨਹਾਰਿਆਂ ਦੇ ਕੰਨਾਂ ਵਿੱਚ ਅਨੰਦਤ ਰਸ ਘੋਲ ਰਹੀਆਂ ਸਨ ਪਰ ਗੁਰਬਾਣੀ ਦਾ ਰਸ (ਗਿਆਨ ਰਸ) ਪ੍ਰਾਪਤ ਨਹੀਂ ਸੀ ਹੋ ਰਿਹਾ। ਗੁਰਮਤਿ ਵਿਚਾਰ ਅਤੇ ਸਿਧਾਂਤਕ ਪੱਖੋਂ ਕੁੱਝ ਊਣਤਾਈ ਮਹਿਸੂਸ ਹੋ ਰਹੀ ਸੀ। ਕੀਰਤਨ ਸੁਣਦਿਆਂ ਇਹ ਹੀ ਸਮਝ ਨਹੀਂ ਸੀ ਆ ਰਿਹਾ ਕਿ ਰਾਗੀ ਸਿੰਘ ਗੁਰਬਾਣੀ ਪੜ੍ਹ ਰਹੇ ਹਨ ਜਾਂ ਕੋਈ ਕਾਵ ਰਚਨਾ। ਗੁਰਬਾਣੀ ਨਾਲ ਕਈ ਕੁੱਝ ਰਲਗੱਡ ਕੀਤਾ ਜਾ ਰਿਹਾ ਸੀ। ਜਿਵੇਂ, **ਰੈਣਿ ਦਿਨਸੁ ਗੁਰ ਚਰਣ ਅਰਾਧੀ ਦਇਆ ਕਰੋ ਮੇਰੇ ਸਾਈ** ॥੭੫੮/੧੦॥ ਗੁਰੂਬਾਣੀ ਦੀ ਪੰਗਤੀ ਦੇ ਵਿੱਚ ਬਿਨ ਵਿਚਾਰ, ਆਪ ਹੁਦਰੀ ਤਬਦੀਲੀ ਕਰਨੀ ਅਤੇ ਆਪਣੀ ਮਰਜੀ ਨਾਲ ਹੀ, ਦਇਆ ਕਰਹੁ ਦੇ ਨਾਲ ਵਾਹਿਗੁਰੂ ਉਚਾਰਨ ਸ਼ੁਰੂ ਕਰ ਦੇਣਾ, ਇਸ ਨੂੰ ਗੁਰਮਤਿ ਨਹੀਂ ਆਪਣੇ ਮਨ ਦੀ ਮਤਿ ਜਾਂ ਡੇਰੇਦਾਰ ਦੀ ਰਟਾਈ ਮਰਯਾਦਾ (ਤੋਤਾ ਰਟਨ) ਹੀ ਕਿਹਾ ਜਾ ਸਕਦਾ ਹੈ। ਸਤਿਗੁਰਾਂ ਵਲੋਂ ਲਿਖਿਆ, ਮੇਰੇ ਸਾਈ ਇਨ੍ਹਾਂ ਨੂੰ ਕਿਉਂ ਚੰਗਾ ਨਹੀਂ ਲੱਗਾ ? ਮੇਰੇ ਸਾਈ ਸਬਦ ਨਾਲੋਂ ਇਨ੍ਹਾਂ ਨੂੰ ਵਾਹਿਗੁਰੂ ਸ਼ਬਦ ਕਿਉਂ ਜਿਆਦਾ ਚੰਗਾ ਲੱਗਾ ?

ਐਸਾ ਗਿਆਨੁ ਜਪਹੁ ਮਨ ਮੇਰੇ ॥ ਹੋਵਹੁ ਚਾਕਰ ਸਾਚੇ ਕੇਰੇ ॥੧॥ ਰਹਾਉ ॥੭੨੮/੧੬॥ ਗਿਆਨ ਜਪਹੁ, ਦੇ ਨਾਲ ਵਾਹਿਗੁਰੂ ਜੋੜ ਕੇ ਝੂਮਣ ਲੱਗ ਪੈਣਾ, ਕਿਸ ਨੇ ਦਿੱਤਾ ਹੈ ਇਹ ਆਪ ਹੁਦਰੀਆਂ ਕਰਨ ਦਾ ਅਧਿਕਾਰ ? ਗੁਰਬਾਣੀ ਵਿੱਚ ਆਪਣੀ ਹੀ ਮਤਿ ਅਨੁਸਾਰ ਵਾਧਾ ਘਾਟਾ (ਛੇੜ, ਛਾੜ) ਕਰਨਾ, ਇਹ ਕਿਸ ਨੇ ਅਤੇ ਕਿਉਂ ਸਿਖਾਇਆ ਹੈ ਇਨ੍ਹਾਂ ਡੇਰੇਦਾਰਾਂ ਅਤੇ ਡੇਰੇਦਾਰਾਂ ਦੇ ਸਮਰੱਥਕਾਂ ਨੂੰ?

ਨਾਨਕ ਕੀ ਅਰਦਾਸਿ ਸੁਣੀਜੈ ॥੭੪੧/੮॥ ਅਰਦਾਸਿ ਸੁਣੀਜੈ ਅਰਦਾਸਿ ਸੁਣੀਜੈ, ਹੇ ਰਵਿ, ਹੇ ਸਸਿ, ਹੇ ਕਰਣਾਨਿਧਿ ਮੇਰੀ ਅਭੈ ਬਿਨਤੀ ਸੁਣ ਲੀਜੈ। ਗੁਰਬਾਣੀ ਦੀ ਪੰਗਤੀ ਦੇ ਵਿੱਚ, ਮੱਲੋਜੋਰੀਂ, ਸੂਰਜ, ਚੰਦ ਦੇਵਤਿਆਂ ਨੂੰ ਲਿਆ ਵਾੜਨਾ, ਇਹ ਕਿੱਥੋਂ ਦੀ ਗੁਰਮਤਿ ਹੈ ?

ਐਸਾ ਕਰਨ ਵਾਲੇ, ਦੇ ਸਕਦੇ ਹਨ ਗੁਰਬਾਣੀ ਵਿੱਚੋਂ ਕੋਈ ਐਸਾ ਪ੍ਰਮਾਣ ? ਗੁਰਤਾ ਪ੍ਰਾਪਤ ਗੁਰੂਬਾਣੀ ਦੇ ਵਿੱਚ, ਗੁਰਸਿੱਖਾਂ (ਭਾਈ ਗੁਰਦਾਸ ਜੀ, ਭਾਈ ਨੰਦ ਲਾਲ ਜੀ, ਭਾਈ ਸੰਤੋਖ ਸਿੰਘ, ਭਾਈ ਗਿਆਨ ਸਿੰਘ, ਬਚਿੱਤ੍ਰ ਨਾਟਕ ਜਾਂ ਰਹਿਤਨਾਮਿਆਂ ਆਦਿ) ਦੀਆਂ ਰਚਨਾਵਾਂ ਨੂੰ ਰਲਗੱਡ ਕਰਨਾ, ਇਹ ਗੁਰੂਬਾਣੀ ਦਾ ਸਤਿਕਾਰ ਹੈ ਜਾਂ ਗਿਆਨਮਈ ਸਿਧਾਂਤ ਨੂੰ ਵਿਗਾੜਨ ਦੀ ਕੂਟਲਨੀਤੀ ? ਤਕਰੀਬਨ 1950 ਇਸਵੀ ਤੱਕ, ਕੋਈ ਭੀ ਕੀਰਤਨ ਕਰਨ ਵਾਲਾ, ਆਪਣੀ ਵਿਦਵਤਾ ਦਾ ਇਸ ਤਰ੍ਹਾਂ (ਗੁਰੂਬਾਣੀ ਵਿੱਚ ਬਾਹਰੀ ਰਚਨਾਵਾਂ ਦਾ ਮਿਲਾਵਟੀ) ਦਿਖਾਵਾ ਨਹੀਂ ਸੀ ਕਰਦਾ। ਅੱਜ ਤਾਂ ਇਸ ਤਰ੍ਹਾਂ ਲੱਗਦਾ

ਹੈ ਕਿ ਕੀਰਤਨ ਕਰਨ ਵਾਲਿਆਂ ਨੂੰ, ਗੁਰਬਾਣੀ ਅਤੇ ਕਾਵ ਰਚਨਾਵਾਂ ਵਿੱਚ ਕੋਈ ਅੰਤਰ ਹੀ ਨਜ਼ਰ ਨਹੀਂ ਆਉਂਦਾ। ਖ਼ਾਸ ਕਰ ਕੇ ਅਖੌਤੀ ਦਸਮ ਗ੍ਰੰਥ (ਜੋ ਸਿੱਖ ਸਤਿਗੁਰਾਂ ਨੇ ਸਿੱਖ ਕੌਮ ਨੂੰ ਦਿੱਤਾ ਹੀ ਨਹੀਂ) ਦੀਆਂ, ਪੌਰਾਣਿਕ ਰਚਨਾਵਾਂ, ਜਿਨ੍ਹਾਂ ਨੇ ਗਿਆਨਮਈ ਵਿਚਾਰਧਾਰਾ ਦਾ ਹੁਲੀਆ ਹੀ ਵਿਗਾੜ ਦਿੱਤਾ ਹੈ ਅਤੇ ਇਸ ਦੇ ਪੂਰੇ ਜਿੰਮੇਵਾਰ ਹਨ ਡੇਰਿਆਂ (ਆਪੂੰ ਪ੍ਰਾਪਤ ਕੀਤੀ ਮਹਾਂਪੁਰਖ ਦੀ ਡਿਗਰੀ ਵਾਲਿਆਂ) ਦੇ ਪੜ੍ਹਾਏ, ਸਿਖਾਏ ਸਿੱਖਿਆਰਥੀ। ਜਿਨ੍ਹਾਂ ਨੂੰ ਪੌਰਾਣਿਕ ਲਿਖਤਾਂ, ਗੁਰੂ ਬਾਣੀ ਨਾਲੋਂ ਜਿਆਦਾ ਅਨੰਦਤ ਕਰਦੀਆਂ ਹਨ। ਕੀ ਡੇਰਾਵਾਦੀ ਸੋਚ ਦੇ ਧਾਰਨੀਆਂ ਨੇ, ਸਤਿਗੁਰੂ ਜੀ ਦਾ ਇਹ ਉਪਦੇਸ਼ :

> **ਹਮਰਾ ਝਗਰਾ ਰਹਾ ਨ ਕੋਊ ॥**
> **ਪੰਡਿਤ ਮੁਲਾਂ ਛਾਡੇ ਦੋਊ ॥੧੧੫੮/੧੯॥**
> **ਪੰਡਿਤ ਮੁਲਾਂ ਜੋ ਲਿਖਿ ਦੀਆ ॥**
> **ਛਾਡਿ ਚਲੇ ਹਮ ਕਛੂ ਨ ਲੀਆ ॥੧੧੫੯/੨॥**

ਕਦੀ ਪੜ੍ਹਿਆ ਜਾਂ ਵਿਚਾਰਿਆ ਨਹੀਂ ਹੋਵੇਗਾ ? ਜਰੂਰ ਪੜ੍ਹਦੇ ਹਨ, ਪਰ ਗੁਰ ਉਪਦੇਸ਼ ਦੀ ਪ੍ਵਾਹ ਨਹੀਂ ਕਰਦੇ, ਕਿਉਂਕਿ ਇਹ ਸ਼ਬਦ ਗੁਰੂ ਦੇ ਨਹੀਂ, ਡੇਰਾਵਾਦੀ (ਮਹਾਂਪੁਰਖਾਂ) ਦੇ ਹੀ ਸਿੱਖ ਹੁੰਦੇ ਹਨ। ਨਿੱਤਨੇਮ ਕਰਦਿਆਂ ਹਰ ਸਿੱਖ ਨਿੱਤ ਗੁਰ ਉਪਦੇਸ਼ ਪੜ੍ਹਦਾ ਹੈ, **ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥ ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥ ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥ ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ ॥** ਅਨੰਦ ੯੨੦ ॥ ਕੀ ਸਤਿਗੁਰੂ ਜੀ ਦਾ ਇਹ ਉਪਦੇਸ਼ ਸਿਰਫ਼ ਰਟਨ ਕਰਨ ਵਾਸਤੇ ਹੀ ਹੈ, ਜੀਵਨ ਆਧਾਰ ਬਨਾਉਣ ਵਾਸਤੇ ਨਹੀਂ ? ਸਿੱਖ ਕੌਮ ਦਾ ਇਹ ਫ਼ਰਜ਼ ਬਣਦਾ ਹੈ ਕਿ, ਇਹ ਪੜਚੋਲ ਕੀਤੀ ਜਾਵੇ ਕਿ ਐਸੀਆਂ ਆਪ ਹੁਦਰੀਆਂ, ਸਿੱਖ ਕੌਮ ਨਾਲ ਮਜ਼ਾਕ (ਕਿ ਅਸੀਂ ਗੁਰਬਾਣੀ ਨੂੰ ਇਹੋ ਜਿਹੀ ਰੰਗਤ ਭੀ ਦੇ ਸਕਦੇ ਹਾਂ) ਕਰਨ ਵਾਲੀਆਂ ਹਰਕਤਾਂ, ਕਿਉਂ ਅਤੇ ਕਿਸ ਦੇ ਆਦੇਸ਼ ਨਾਲ ਕਰਦੇ ਕਰਵਾਉਂਦੇ ਹਨ ? ਸਮਾਗਮ ਦੀ ਸਮਾਪਤੀ ਤੋਂ ਬਾਅਦ, ਸਿੱਖ ਮਿਸ਼ਨਰੀ ਵੀਰਾਂ ਨੇ, ਤੇਜਵੀਰ ਸਿੰਘ ਜੀ ਦੇ ਜਥੇ ਨਾਲ, ਵਿਚਾਰ ਕਰਨ ਦਾ ਮਨ ਬਣਾਇਆ ਤਾਂ ਹੈਰਾਨੀ ਹੋਈ ਕਿ ਏਨੀਂ ਵਧੀਆ ਰਾਗ ਵਿੱਦਿਆ ਸਿੱਖੇ ਹੋਏ, ਹੱਥ ਕਲਾ ਅਤੇ ਗਲੇ ਸੁਰ ਦੇ ਮਾਹਰ, ਗੁਰਬਾਣੀ ਗਿਆਨ ਦੀ ਵਿਚਾਰਧਾਰਾ ਤੋਂ ਜਿਵੇਂ ਬਿਲਕੁਲ ਹੀ ਅਨਜਾਣ ਸਨ। ਰਾਗ ਵਿੱਦਿਆ ਦੀ ਮੁਹਾਰਤ ਅਤੇ ਕਰਮਕਾਂਡੀ ਆਦਾਵਾਂ, ਗਾਥਾਵਾਂ ਦੀ ਨਿਪੁੰਨਤਾ ਦੇ ਮਾਣ ਵਿੱਚ ਹੀ ਇਸ ਜਥੇ ਦੇ ਪੈਰ ਧਰਤੀ ਉੱਤੇ ਨਹੀਂ ਟਿਕਦੇ ਸਨ। ਜਦ ਗੁਰਮਤਿ ਅਨੁਸਾਰੀ ਵਿਚਾਰਾਂ ਦਾ ਇਨ੍ਹਾਂ ਉੱਤੇ ਕੋਈ ਅਸਰ ਹੁੰਦਾ ਨਾ ਦਿਸਿਆ ਤਾਂ ਇਹੀ ਸਮਝ ਆਈ ਕਿ ਕਰਮਕਾਂਡੀ ਪਾਠਸ਼ਾਲਾਂ ਦੇ ਪੜ੍ਹਾਏ ਰਟਨਈ ਤੋਤੇ, ਉਹ ਹੀ ਬੋਲਣਗੇ ਜੋ ਇਨ੍ਹਾਂ ਦੇ ਪਾਠਸ਼ਾਲਾ (ਡੇਰੇਦਾਰ) ਮਾਲਕ ਨੇ, ਇਨ੍ਹਾਂ ਨੂੰ ਪਰਪੱਕ ਕਰਾਇਆ ਹੋਇਆ ਹੈ। ਰਟਨਈ ਤੋਤੇ ਮਾਲਕ ਦਾ ਹੁਕਮ ਕਬੂਲਦੇ ਅਤੇ ਮਾਲਕ ਨੂੰ ਭਰਮਾਉਣ ਲਈ ਹੀ ਰੱਟਾ ਲਾਉਂਦੇ ਹਨ। ਕੀ ਬੋਲਦੇ ਹਨ ਇਸ ਪਾਸੇ ਇਨ੍ਹਾਂ ਦੀ ਸੋਚ ਜਾ ਹੀ ਨਹੀਂ ਸਕਦੀ। ਇਹ ਡੇਰੇਦਾਰਾਂ (ਅਖੌਤੀ ਮਹਾਂਪੁਰਖਾਂ, ਦੇਹ ਸਰੀਰ ਦੇ ਮੁਰੀਦ ਵਾਲੀ ਸੋਚ) ਦੇ ਵਫ਼ਾਦਾਰ ਅਤੇ

ਰੁਜਗਾਰੀ ਸੋਚ ਦੇ ਮੁਦਈ ਹੀ ਹੁੰਦੇ ਹਨ। ਗੁਰਬਾਣੀ ਉਪਦੇਸ਼ ਅਨੁਸਾਰੀ ਜੀਵਨ ਨਾਲ ਇਨ੍ਹਾਂ ਦਾ ਕੋਈ ਵਾਸਤਾ ਨਹੀਂ ਹੁੰਦਾ। ਦੁੱਖ ਤਾਂ ਉਸ ਵੇਲੇ ਹੁੰਦਾ ਹੈ ਜਦ ਸਿੱਖ ਕੌਮ ਨਾਲ ਸੰਬੰਧਿਤ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਬਿਨ ਜਾਚ ਪੜਤਾਲ ਕੀਤਿਆਂ ਐਸੇ ਕੀਰਤਨ ਕਰਨ ਵਾਲਿਆਂ ਨੂੰ ਗੁਰੂ ਘਰਾਂ ਵਿੱਚ ਬੁਲਾ ਕੇ ਕੀਰਤਨ ਦੀ ਸੇਵਾ ਦੇ ਦਿੰਦੇ ਹਨ ਜਿਨ੍ਹਾਂ ਨੂੰ, ਗੁਰੂਬਾਣੀ ਅਤੇ ਕਾਵਿ ਰਚਨਾ ਦੇ ਅੰਤਰ ਦੀ ਭੀ ਸੋਝੀ ਨਹੀਂ ਹੁੰਦੀ। ਜੇ ਕੋਈ ਕੌਮ ਦਰਦੀ ਇਨ੍ਹਾਂ ਨੂੰ ਕੁੱਝ ਸਮਝਾਉਣ ਦੀ ਕੋਸ਼ਿਸ਼ ਕਰੇ, ਤਦ ਇਨ੍ਹਾਂ ਵਲੋਂ ਬੜੇ ਮਾਣ (ਹੰਕਾਰੀ ਅਦਾ) ਨਾਲ ਜਵਾਬ ਦਿੱਤਾ ਜਾਂਦਾ ਹੈ, ਕਿ ਅਸੀਂ ਆਪਣੀ ਟਕਸਾਲੀ ਮਰਯਾਦਾ ਅਨੁਸਾਰ ਹੀ ਸਭ ਕੁੱਝ ਕਰਦੇ ਹਾਂ। ਅਕਾਲ ਪੁਰਖ ਅੱਗੇ ਇਹੀ ਬੇਨਤੀ ਕਰ ਸਕਦੇ ਹਾਂ ਕਿ ਸਿੱਖ ਕੌਮ ਨੂੰ ਗੁਰਮਤਿ ਅਨੁਸਾਰੀ ਸੁਚੱਜੀ ਸੋਚ ਦੀ ਬਖ਼ਸ਼ਿਸ਼ ਕਰੇ ਤਾਂ ਜੋ ਅਸੀਂ ਡੇਰੇਦਾਰਾਂ (ਗੁਰਮਤਿ ਵਿਰੋਧੀ ਸੋਚ) ਦੇ ਵਿਛਾਏ ਮੱਕੜ ਜਾਲ ਵਿੱਚੋਂ ਬਾਹਰ ਨਿਕਲਣ ਦਾ ਉਪਰਾਲਾ ਕਰ ਸਕੀਏ।

ਗੁਰਬਾਣੀ ਇਸੁ ਜਗ ਮਹਿ ਚਾਨਣੁ

ਜਦ ਭੀ ਗਿਆਨ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਦਾ ਉਪਦੇਸ਼, **ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ** ॥੬੭/੧੦॥ ਅਤੇ, **ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ** ॥੩੦੪/੧੬॥ ਸੁਣਦਾ ਜਾਂ ਪੜ੍ਹਦਾ ਹਾਂ, ਤਾਂ ਸੋਚ ਝੱਟ ਸਮੇਂ ਨੂੰ ਮਾਪਣ (1604 ਇਸਵੀ, ਜਦ ਗੁਰੂ ਨਾਨਕ ਜੀ ਦੇ ਪੈਰੋਕਾਰ, ਨਿਰਮਲ ਪੰਥ ਨੂੰ, ਪੋਥੀ ਦੇ ਰੂਪ ਵਿੱਚ, ਗੁਰੂਬਾਣੀ ਮਿਲੀ) ਲਈ ਬੀਤੇ ਤੋਂ ਵਰਤਮਾਨ ਤੱਕ (400 ਸਾਲ ਤੋਂ ਵੱਧ) ਦਾ ਸਮਾਂ ਤਹਿ ਕਰ ਜਾਂਦੀ ਹੈ। ਗੁਰ ਉਪਦੇਸ ਦੇ ਅਰਥਾਂ ਵਲ ਧਿਆਨ ਦੇਈਏ, ਗੁਰੂ ਦੀ ਬਾਣੀ ਇਸ ਜਗਤ (ਜੀਵਨ ਦੇ ਰਸਤੇ) ਵਿੱਚ ਚਾਨਣ (ਜੀਵਨ ਨੂੰ ਗਿਆਨ ਪ੍ਦਾਨ) ਕਰਦੀ ਹੈ, ਜੋ ਕਰਮਿ (ਪ੍ਰਭੂ ਕਿਰਪਾ, ਚੰਗੇ ਭਾਗਾਂ) ਨਾਲ ਹੀ ਮਨ ਵਿੱਚ ਵਸਦੀ ਹੈ।੧। ਸਤਿਗੁਰੂ ਦੀ ਬਾਣੀ ਸੱਚ (ਪ੍ਰਭੂ) ਦਾ ਸਰੂਪ ਹੈ, ਕਿਉਂਕਿ ਇਹ ਨਿਰੋਲ ਸੱਚੇ ਪ੍ਰਭੂ ਦੀ ਸਿਫਤ-ਸਲਾਹ ਹੈ ਅਤੇ ਸਤਿਗੁਰੂ ਦੀ ਬਾਣੀ ਰਾਹੀਂ, ਸਤਿ ਸਰੂਪ ਹੀ, ਬਣ ਜਾਣਾ ਜਾਹੀਦਾ ਹੈ। ਭਾਵ ਸੱਚ ਨੂੰ ਜਪਣ ਵਾਲਾ, ਸੱਚ ਨਾਮ ਦੀ ਰੰਗਤ ਚੜ੍ਹਨ ਨਾਲ ਸੱਚ ਦਾ ਰੂਪ ਹੀ ਹੋ ਜਾਵੇ। ਅਰਥ ਬੜੇ ਸਪੱਸ਼ਟ ਹਨ ਪਰ ਨਾਲ ਹੀ, ਕੌਮੀ ਸੱਚ ਸਾਹਮਣੇ ਦਿਖਾਈ ਦੇ ਰਿਹਾ ਹੈ ਕਿ ਸਿੱਖ ਕੌਮ ਦੀ ਬਹੁ ਗਿਣਤੀ ਨੂੰ, ਅਗਿਆਨਤਾ ਦੀ ਵਬਾ (ਬਿਪ੍ਰਵਾਦੀ ਸੋਚ ਦੇ ਛੂਤ ਰੋਗ) ਨੇ, ਪੂਰੀ ਤਰ੍ਹਾਂ ਆਪਣੀ ਜਕੜ ਵਿੱਚ ਲਿਆ ਹੋਇਆ ਹੈ। ਚਾਰ ਸੌ ਸਾਲ ਤੋਂ ਪ੍ਰਾਪਤ ਹੋਏ, ਸਤਿ ਸਰੂਪ ਗੁਰਬਾਣੀ ਦੇ ਚਾਨਣ ਨੇ, ਸਿੱਖ ਕੌਮ ਦੇ ਮਨ ਅੰਦਰ ਗਿਆਨ ਦਾ ਪ੍ਰਕਾਸ਼ ਕਿਉਂ ਨਹੀਂ ਕੀਤਾ ? ਬਹੁ ਗਿਣਤੀ ਸਿੱਖ ਕੌਮ, ਗੁਰਬਾਣੀ ਉਪਦੇਸ਼ ਦੇ ਵਿਰੋਧੀ, ਅਗਿਆਨਮਈ ਕਰਮਕਾਂਡ, ਕਿਉਂ ਕਰੀ ਜਾ ਰਹੀ ਹੈ ? ਸਹਿਜ ਵਿਚਾਰ ਅਤੇ ਸੁਚੱਜੀ ਸੋਚ ਨਾਲ ਸੋਚਿਆਂ, ਸੱਚ ਪ੍ਰਤੱਖ ਸਾਹਮਣੇ ਆ ਜਾਂਦਾ ਹੈ ਕਿ, ਸਿੱਖ ਅਖਵਾਉਣ ਵਾਲਿਆਂ ਨੇ ਗੁਰਬਾਣੀ ਚਾਨਣ ਦੀ ਮਿਸ਼ਾਲ (ਬੈਟਰੀ) ਤਾਂ ਹੱਥ ਫੜ ਲਈ ਪਰ ਆਪਣੀਆਂ ਅੱਖਾਂ ਮੁੰਦ (ਮੀਚ) ਲਈਆਂ ਹਨ, ਫਿਰ ਸੱਚ ਦਿਖਾਈ ਕਿਵੇਂ ਦੇਵੇਗਾ। ਸਿੱਖ ਕੌਮ ਨੂੰ, ਅਗਿਆਨਤਾ ਦੀ ਦਲਦਲ ਵਿੱਚ ਫਸਾਉਣ ਜਾਂ ਧੱਕਣ ਦੇ ਅਸਲ ਜੁੰਮੇਵਾਰ, ਸਮੂਹ ਸੰਤ ਸਮਾਜੀ ਡੇਰੇ ਅਤੇ ਆਪੂੰ ਹੋਂਦ ਵਿੱਚ ਆਈਆਂ ਅਖੌਤੀ ਟਕਸਾਲਾਂ ਹੀ ਹਨ। ਇਹ ਸੰਤ ਸਮਾਜੀਏ (ਸਮੂਹ ਡੇਰੇਦਾਰ) ਅੰਨ੍ਹੀ ਸ਼ਰਧਾ ਦੇ ਹਾਮੀ, ਗਿਆਨ ਦੇ ਦੁਸ਼ਮਣ ਤੇ ਅਕਾਲ ਤਖ਼ਤ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਦੇ ਕੱਟੜ ਵਿਰੋਧੀ ਹਨ। ਟਕਸਾਲਾਂ ਤੇ ਸੰਤ ਸਮਾਜ ਆਪਣੇ ਡੇਰਿਆਂ ਦੀ ਆਪਣੀ ਮਰਯਾਦਾ ਛਾਪਦੇ (ਜਿਸ ਵਿੱਚ ਬਹੁ ਰਹੁਰੀਤਾਂ, ਸਮੱਗਰੀ ਤੇ ਕਰਮ ਕਾਂਡ ਗੁਰ ਉਪਦੇਸ਼ ਵਿਰੋਧੀ ਹਨ) ਅਤੇ ਆਪਣੇ ਪੈਰੋਕਾਰਾਂ ਵਿੱਚ ਵੰਡਦੇ ਹਨ। ਆਪਣੇ ਨਿੱਜੀ ਡੇਰਿਆਂ ਵਿੱਚ,

ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਤਾਂ, ਆਮ ਸਿੱਖਾਂ ਨੂੰ ਭਰਮਾਉਣ ਅਤੇ ਆਪਣੀਆਂ ਦੁਕਾਨਦਾਰੀਆਂ ਚਲਦੀਆਂ ਰੱਖਣ ਲਈ ਹੀ ਕਰਦੇ ਹਨ। ਉਂਝ ਇਹ ਆਪਣੇ ਵੱਡੇ ਬਾਬੇ (ਡੇਰੇ ਦੇ ਮੋਢੀ) ਦੇ ਹੀ ਪੈਰੋਕਾਰ ਅਤੇ ਪ੍ਰਸ਼ੰਸ਼ਕ ਹੁੰਦੇ ਹਨ। ਇਨ੍ਹਾਂ ਦਾ ਪਹਿਰਾਵਾ ਦਿਖਾਵਾ ਸਿੱਖ ਅਤੇ ਸੋਚ ਪੂਰਨ ਬਿੱਪ੍ਰਵਾਦੀ ਹੀ ਹੈ। ਬਿੱਪ੍ਰਵਾਦੀ ਗ੍ਰੰਥਾ ਨੂੰ ਪੜ੍ਹਨਾ, ਪੜ੍ਹਾਉਣਾ ਅਤੇ ਉਨ੍ਹਾਂ ਦੀ ਹੀ ਕਥਾ ਵਿਆਖਿਆ ਕਰਨਾ ਇਨ੍ਹਾਂ ਦਾ ਪਰਮੋ ਧਰਮ ਹੈ। ਜੋ ਸੋਚ, ਬਚਿੱਤ੍ਰ ਨਾਟਕ, ਚੰਡੀ ਚਰਿਤ੍ਰ, ਅਵਤਾਰਵਾਦ, ਸ਼ਸ਼ਤਰ ਪੂਜਾ ਤੇ ਚਰਿਤ੍ਰੋ-ਪਖਯਾਨ ਆਦਿ ਲਿਖਤਾਂ ਨੂੰ, ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਰੱਖਣ ਲਈ ਬਜ਼ਿੱਦ ਹੋਵੇ, ਉਹ ਸੋਚ ਨਿਆਰੇ ਖ਼ਾਲਸੇ (ਨਿਰਮਲ ਪੰਥ) ਦੀ ਸ਼ੁਭਚਿੰਤਕ ਕਿਵੇਂ ਹੋ ਸਕਦੀ ਹੈ। ਇਹ ਆਪਣੇ ਮਨਚਾਹੇ, ਅਖੌਤੀ ਦਸਮ ਗ੍ਰੰਥ ਦੇ ਪਾਠ ਕਰਨ ਦਾ ਠੇਕਾ, ਗੁਰੂ ਗ੍ਰੰਥ ਸਾਹਿਬ ਦੇ ਪਾਠ ਦੀ ਭੇਟਾ ਨਾਲੋਂ ਵੱਧ ਵਸੂਲਦੇ ਹਨ। ਇਨ੍ਹਾਂ ਭੇਖੀ ਠੱਗਾਂ ਦੇ ਡੰਗੇ ਅਤੇ ਫੁਸਲਾਏ ਹੋਏ ਆਮ ਲੋਕ ਭੀ, ਬੇ ਸਮਝੀ ਦੇ ਕਾਰਨ ਕਈ ਐਸੇ ਕਰਮ ਕਰਦੇ ਆਏ ਹਨ, ਜੋ ਸਮੇਂ ਸਮੇਂ ਸਿੱਖ ਕੌਮ ਦੇ ਹਿਤਾਂ ਲਈ ਘਾਤਕ ਬਣ ਕੇ ਸਾਹਮਣੇ ਆਉਂਦੇ ਰਹੇ ਹਨ। ਸੰਤ ਸਮਾਜ (ਡੇਰਿਆਂ, ਟਕਸਾਲਾਂ) ਦੀਆਂ ਲਿਖੀਆਂ ਲਿਖਤਾਂ ਨੂੰ ਪੜ੍ਹ ਕੇ, ਅਸਰ ਕਬੂਲਣ ਵਾਲੀ ਸੋਚ, ਗੁਰਬਾਣੀ ਗਿਆਨ ਪੱਖੋਂ ਸੱਖਣੀ ਹੀ ਹੁੰਦੀ ਹੈ। ਕਿਉਂਕਿ, ਕਿਸੇ ਭੀ ਵਿਚਾਰ ਨੂੰ ਗੁਰਬਾਣੀ ਦੇ ਚਾਨਣ ਵਿੱਚ ਦੇਖਣ ਦੀ ਵਜਾਏ ਇਹ ਸੋਚ ਆਪਣੀਆਂ ਅੱਖਾਂ ਹੀ ਬੰਦ ਕਰ ਲੈਂਦੀ ਹੈ। ਐਸੀ ਹੀ, ਨਾ ਗੁਣ ਨਾ ਉਪਕਾਰ ਵਾਲੀ ਸੋਚ ਅਧੀਨ ਇੱਕ ਸਿੱਖ ਨੇ 1997 ਤੋਂ 2010 ਈਸਵੀ ਤੱਕ, ਤਕਰੀਬਨ ਤੇਰਾਂ ਕੁ ਸਾਲਾਂ ਵਿੱਚ, ਗੁਰੂ ਗ੍ਰੰਥ ਸਾਹਿਬ ਜੀ ਦੀਆਂ, ਚਾਰ ਬੀੜਾਂ, ਹੱਥੀ ਲਿਖ ਕੇ ਸੰਪੂਰਨ ਕੀਤੀਆਂ ਹਨ। 11 ਅਪ੍ਰੈਲ, 2010 ਨੂੰ ਐਤਵਾਰ ਵਾਲੇ ਦਿਨ, ਬੀੜ ਲਿਖਣ ਵਾਲੇ ਸ. ਜਸਵੰਤ ਸਿੰਘ ਜੀ ਨੇ, ਮਿਲਬੌਰਨ ਦੇ ਗੁਰਦੁਆਰਾ ਕਰੇਗੀਬਰਨ ਵਿੱਚ ਆ ਕੇ ਆਪਣੇ ਇਸ ਕਾਰਜ ਦੀ ਆਪ ਹੀ ਜਾਣਕਾਰੀ ਦਿੱਤੀ ਅਤੇ ਦੂਸਰੇ ਦਿਨ 12 ਅਪ੍ਰੈਲ ਵਾਲੇ, ਚੰਡੀਗੜ੍ਹ ਤੋਂ ਛਪਦੇ ਪੇਪਰ ਸਪੋਕਸਮੈਨ ਦੇ ਤੀਜੇ ਪੰਨੇ ਉੱਤੇ, ਹੇਠ ਲਿਖੀ ਖ਼ਬਰ ਛਪੀ।

ਮਲੇਸ਼ੀਆ ਦੇ ਸਿੱਖ ਵਿਦਵਾਨ, ਜਸਵੰਤ ਸਿੰਘ ਖੋਸਾ ਨੇ,
ਗੁਰੂ ਗ੍ਰੰਥ ਸਾਹਿਬ ਦਾ ਚੌਥਾ ਹੱਥ ਲਿਖਤ ਸਰੂਪ ਸੰਪੂਰਨ ਕੀਤਾ।
84 ਕਿਲੋਂ ਦਾ ਸਰੂਪ ਦੁਨੀਆਂ ਦਾ ਸਭ ਤੋਂ ਵਜ਼ਨੀ ਗੁਰੂ ਗ੍ਰੰਥ ਸਾਹਿਬ।

ਮਲੇਸ਼ੀਆ ਦੇ ਸਿੱਖ ਵਿਦਵਾਨ ਸ. ਜਸਵੰਤ ਸਿੰਘ ਖੋਸਾ ਨੇ ਗੁਰੂ ਗ੍ਰੰਥ ਸਾਹਿਬ ਦੀ ਚੌਥੀ ਹੱਥ ਲਿਖਤ ਬੀੜ ਸੰਪੂਰਨ ਕਰ ਲਈ ਹੈ। 1430 ਸਫ਼ਿਆਂ ਵਾਲੀ ਇਸ ਬੀੜ ਦਾ ਵਜ਼ਨ 84 ਕਿਲੋਗਰਾਮ ਹੈ ਅਤੇ ਇਹ ਦੁਨੀਆਂ ਦੀ ਸਭ ਤੋਂ ਵੱਡੀ ਅਤੇ ਵਜ਼ਨੀ ਬੀੜ ਮੰਨੀ ਜਾ ਰਹੀ ਹੈ। ਇਸ ਦੀ ਲੰਬਾਈ 91.44 ਸੈਂਟੀਮੀਟਰ ਅਤੇ ਚੌੜਾਈ 66.04 ਸੈਂਟੀਮੀਟਰ ਹੈ। ਸ. ਜਸਵੰਤ ਸਿੰਘ ਖੋਸਾ ਨੇ ਇਹ ਬੀੜ ਤਿਆਰ ਕਰਕੇ ਆਪਣਾ ਹੀ ਪੁਰਾਣਾ ਰਿਕਾਰਡ ਤੋੜ ਦਿੱਤਾ ਹੈ। ਸ. ਖੋਸਾ ਦਸਦੇ [11 ਅਪ੍ਰੈਲ 2010 ਦਿਨ ਐਤਵਾਰ ਨੂੰ ਮਿਲਬੌਰਨ ਦੇ ਗੁਰਦੁਆਰਾ ਕਰੇਗੀਬਰਨ ਵਿੱਚ ਖੋਸਾ ਜੀ ਨੇ ਬੀੜਾਂ ਵਾਰੇ ਤੇ ਗਿਣੀ

ਬੁਕ ਦੁਨੀਆਂ ਦੇ ਰਿਕਾਰਡ ਵਿੱਚ ਨਾਮ ਦਰਜ਼ ਕਰਾਉਣ ਜਾਂ ਹੋਣ ਵਾਰੇ ਆਪ ਦਸਿਆ, ਕਮੇਟੀ ਵਲੋਂ ਖੋਸਾ ਜੀ ਨੂੰ ਸਿਰੋਪੇ ਨਾਲ ਸਨਮਾਨਿਤ ਅਤੇ ਪੰਜ ਸੌ ਡਾਲਰ ਉਨ੍ਹਾਂ ਵਲੋਂ ਕੀਤੀ ਮਿਹਨਤ ਲਈ (ਸੇਵਾ ਨਹੀਂ ਕਹਿ ਸਕਦੇ ਕਿਉਂਕਿ ਸੇਵਾ ਦਾ ਕੋਈ ਇਵਜ਼ਾਨਾ ਲਿਆ ਜਾਂ ਦਿੱਤਾ ਨਹੀਂ ਜਾਂਦਾ) ਸ਼ਾਬਾਸ਼ ਦੇ ਤੌਰ ਤੇ ਦਿੱਤਾ ਗਿਆ] ਹਨ ਕਿ ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਦਾ ਹੱਥ ਲਿਖਤ ਸਰੂਪ ਤਿਆਰ ਕਰਨ ਵਿੱਚ ਬਹੁਤ ਅਨੰਦ ਆਉਂਦਾ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੇ ਸੰਨ 2004 ਵਿੱਚ 45 ਕਿਲੋ ਵਜ਼ਨੀ ਅਤੇ 76.2 ਸੈਂਟੀਮੀਟਰ ਲੰਬੀ ਤੇ 48.26 ਸੈਂਟੀਮੀਟਰ ਚੌੜੀ ਬੀੜ ਤਿਆਰ ਕੀਤੀ ਸੀ। ਤਾਜ਼ਾ ਹੱਥ ਲਿਖਤ ਬੀੜ ਨੂੰ ਖੋਲਣ ਤੇ ਇਸਦੀ ਲੰਬਾਈ 182.9 ਸੈਂਟੀਮੀਟਰ ਹੋ ਜਾਂਦੀ ਹੈ। ਸ. ਖੋਸਾ ਨੇ ਦਸਿਆ ਕਿ ਉਨ੍ਹਾਂ ਨੇ ਰੋਜ਼ਾਨਾ 14 ਘੰਟੇ (ਗੁਰਦੁਆਰੇ ਬੋਲਦਿਆਂ 15, 16 ਘੰਟੇ ਕਿਹਾ ਸੀ) ਲਿਖ ਕੇ ਲਗ ਪਗ 14 ਕੁ ਮਹੀਨਿਆਂ ਵਿੱਚ ਸਰੂਪ ਨੂੰ ਪੂਰਾ ਕੀਤਾ। ਸ. ਖੋਸਾ ਇਸ ਹੱਥ ਲਿਖਤ ਬੀੜ ਨੂੰ ਅਮਰੀਕਾ ਦੇ ਗੁਰਦੁਆਰੇ ਨੂੰ ਭੇਟ ਕਰਨਗੇ। ਸ. ਖੋਸਾ ਨੇ ਪਹਿਲਾ ਹੱਥ ਲਿਖਤ ਸਰੂਪ 1998 ਵਿੱਚ ਲੰਡਨ ਦੇ ਇੱਕ ਗੁਰਦੁਆਰੇ ਨੂੰ ਭੇਟ ਕੀਤਾ ਸੀ ਜਦ ਕਿ ਦੂਜਾ ਸਰੂਪ ਉਨ੍ਹਾਂ ਨੇ ਅੰਮ੍ਰਿਤਸਰ ਵਿਖੇ ਭੇਟ ਕੀਤਾ ਸੀ। ਤੀਜਾ ਸਰੂਪ ਉਨ੍ਹਾਂ ਨੇ 2007 ਵਿੱਚ ਕਨੇਡਾ ਦੇ ਇੱਕ ਗੁਰਦੁਆਰੇ ਨੂੰ ਭੇਟ ਕੀਤਾ ਸੀ। ਕਰੇਗੀਬਰਨ ਗੁਰਦੁਆਰੇ ਵਿੱਚ ਤਾਂ ਖੋਸਾ ਜੀ ਨੇ ਇਹ ਭੀ ਕਿਹਾ ਕਿ ਮੈਂ ਤਾਂ ਕਹਾਂਗਾ ਕਿ ਹਰ ਸਿੱਖ ਨੂੰ ਹੱਥੀ ਬਾਣੀ ਲਿਖਣੀ ਚਾਹੀਦੀ ਹੈ ਅਤੇ ਮਲੇਸ਼ੀਆ ਵਿੱਚ ਕਈ ਸਿੱਖ (ਮਰਦ ਤੇ ਔਰਤਾਂ) ਬਾਣੀ ਲਿਖਣ ਦਾ ਅਭਿਆਸ ਕਰ ਰਹੇ ਹਨ।

ਇਹ ਸਭ ਕੁੱਝ ਪੜ੍ਹ ਸੁਣ ਕੇ ਕੌਮ ਦਰਦੀ ਸੋਚ ਅੰਦਰ ਅਨੇਕ ਵਿਚਾਰਾਂ ਦੀ ਖਹਿਬਾਜ਼ੀ ਸ਼ੁਰੂ ਹੋ ਜਾਣੀ ਸੁਭਾਵਿਕ ਹੈ। ਖੋਸਾ ਜੀ ਦੇ ਨਾ ਹੀ ਗੁਰਦੁਆਰੇ ਵਿੱਚ ਬੋਲਣ ਵੇਲੇ ਅਤੇ ਨਾ ਹੀ ਸਪੋਕਸਮੈਨ ਦੀ ਖ਼ਬਰ ਵਿੱਚੋਂ ਕੋਈ ਸੰਕੇਤ ਮਿਲਦਾ ਹੈ ਕਿ ਖੋਸਾ ਜੀ ਨੇ ਨਕਲ ਕਰਨ ਵੇਲੇ ਕਿਸ ਬੀੜ ਤੋਂ ਉਤਾਰਾ ਕੀਤਾ ? ਉਹ ਬੀੜ ਭੀ ਹੱਥ ਲਿਖਤ ਸੀ ਜਾਂ ਪ੍ਰੈੱਸ ਛਾਪੇ ਵਾਲੀ ? ਖੋਸਾ ਜੀ ਵਲੋਂ ਲਿਖੀਆਂ ਹੱਥ ਲਿਖਤ ਬੀੜਾਂ ਦੀ ਸੋਧ-ਸੁਧਾਈ ਕਿਵੇਂ ਅਤੇ ਕਿਸ ਵਿਦਵਾਨ ਕੋਲੋਂ ਕਰਵਾਈ ਗਈ ? ਉਨ੍ਹਾਂ ਹੱਥ ਲਿਖਤ ਬੀੜਾਂ ਵਿੱਚ, ਕੋਈ ਲਗ ਮਾਤਰ ਜਾਂ ਸ਼ਬਦਜੋੜ ਦੀ ਗ਼ਲਤੀ ਨਹੀਂ ਹੋਵੇਗੀ ? ਇਸ ਦੇ ਜ਼ੁੰਮੇਵਾਰ ਜਾਂ ਗਵਾਹ ਸਿਰਫ਼ ਖੋਸਾ ਜੀ ਹੀ ਹਨ ਜਾਂ ਹੋਰ ਕੋਈ ਭੀ ? ਇਹ ਸਵਾਲ ਮੈਂ ਇਸ ਕਰਕੇ ਕੀਤਾ ਹੈ ਕਿ ਸਿੱਖ ਕੌਮ ਕੋਲ ਦੋ ਬੀੜਾਂ (ਪਹਿਲੀ ਜਿਸ ਨੂੰ ਇੱਕ ਪਰਿਵਾਰ ਸਾਂਭੀ ਬੈਠਾ ਹੈ, ਕਰਤਾਰਪੁਰੀ, ਜੋ ਦਾਹਵਾ ਕਰਦੇ ਹਨ ਕਿ ਇਹ ਗੁਰੂ ਅਰਜਨ ਜੀ ਦੀ ਪੂਰਨ ਨਿਗਰਾਨੀ ਹੇਠ ਭਾਈ ਗੁਰਦਾਸ ਜੀ ਦੀ ਲਿਖੀ ਆਦਿ ਬੀੜ ਹੈ। ਕਈ ਵਿਦਵਾਨ ਇਸਨੂੰ ਆਦਿ ਬੀੜ ਦਾ ਉਤਾਰਾ ਭੀ ਮੰਨਦੇ ਹਨ। ਦੂਜੀ, ਦਮਦਮੀ ਜੋ ਸਮੂਹ ਗੁਰੂ ਘਰਾਂ ਵਿੱਚ ਪ੍ਰਕਾਸ਼ ਕੀਤੀ ਜਾਂਦੀ ਹੈ, ਜਿਸ ਵਾਰੇ ਟਕਸਾਲ ਵਾਲੇ ਕਹਿੰਦੇ ਹਨ ਕਿ ਇਹ ਬੀੜ ਗੁਰੂ ਗੋਬਿੰਦ ਸਿੰਘ ਜੀ ਦੀ ਦੇਖ ਰੇਖ ਹੇਠ ਭਾਈ ਮਨੀ ਸਿੰਘ ਜੀ ਨੇ ਲਿਖੀ ਤੇ ਬਾਬਾ ਦੀਪ ਸਿੰਘ ਜੀ ਨੇ ਇਸ ਦੇ ਉਤਾਰੇ ਕੀਤੇ। ਟਕਸਾਲ ਦੇ ਮੁਖੀ ਵਿੱਦਿਆ ਮਾਰਤੰਡ ਗੁਰਬਚਨ ਸਿੰਘ ਜੀ ਆਪਣੀ ਪੁਸਤਕ

ਗੁਰਬਾਣੀ ਪਾਠ ਦਰਸ਼ਣ ਦੇ ਪੰਨਾ 274 ਉੱਤੇ ਲਿਖਦੇ ਹਨ ਕਿ ਇਨ੍ਹਾਂ ਦੋਹਾਂ ਬੀੜਾਂ ਦੇ ਪਾਠ ਭੇਦਾਂ ਵਿੱਚ ਤਕਰੀਬਨ ਪੰਦਰਾਂ 1500 ਸੌ ਪਾਠ ਭੇਦ ਜਾਣੀ ਕਿ ਲਗ ਮਾਤਰ ਸ਼ਬਦ ਵਖਰੇਵੇਂ ਹਨ। ਟਕਸਾਲ ਦਾ ਤਾਂ ਜਾਣੋਂ ਇਹ ਮੰਨਣ ਹੈ ਕਿ ਦਮਦਮੀ ਬੀੜ (ਜੋ ਭਾਈ ਮਨੀ ਸਿੰਘ ਜੀ ਦੀ ਲਿਖੀ ਮੰਨੀ ਜਾਂਦੀ ਹੈ ਅਤੇ ਟਕਸਾਲੀਏ ਭਾਈ ਮਨੀ ਸਿੰਘ ਜੀ ਨੂੰ ਆਪਣਾ ਮੁਖੀ ਮੰਨਦੇ ਹਨ) ਟਕਸਾਲ ਦੀ ਲਿਖੀ ਹੋਣ ਕਰਕੇ ਸਹੀ ਹੈ। ਸੋ ਨਕਲ ਕਰਦਿਆਂ, ਕਿਸੇ ਮਹੀਨ ਲਗ, ਮਾਤਰ, ਅੱਖਰ ਦੇ ਭੁੱਲ ਜਾਂ ਰਹਿ ਜਾਣ ਵਾਰੇ ਸੋਚ ਬਣ ਜਾਣੀ ਕੋਈ ਗ਼ਲਤ ਸੋਚ ਨਹੀਂ ਹੈ। ਜੇ ਸਿੱਖ ਸਤਿਗੁਰਾਂ ਦੇ ਸਮੇਂ ਅਤੇ ਨਿਗਰਾਨੀ ਵਿੱਚ ਹੋਏ ਉਤਾਰਿਆਂ ਵਿੱਚ (ਟਕਸਾਲੀਆਂ ਦੇ ਲਿਖਣ ਮੁਤਾਬਿਕ) ਫ਼ਰਕ ਹੈ ਤਦ ਅੱਜ ਦੀਆਂ ਹੱਥ ਲਿਖਤਾਂ ਪੂਰਨ ਸ਼ੁਧ ਹਨ, ਕੌਣ ਦੇਖੇਗਾ ? ਸਮਾਂ ਪਾ ਕੇ (ਪੰਜਾਹ ਜਾਂ ਸੌ ਸਾਲ ਬਾਅਦ) ਇਹ ਲਿਖਤਾਂ ਭੀ ਪਾਠ ਭੇਦਾਂ ਦਾ ਕਾਰਨ ਬਣ ਸਕਦੀਆਂ ਹਨ। ਗੁਰੂਬਾਣੀ ਨਾਲ ਪਿਆਰ ਕਰਨ ਵਾਲੇ ਇਹ ਪ੍ਰੇਮੀ, ਹੱਥ ਲਿਖਤ ਬੀੜਾਂ ਲਿਖ ਕੇ, ਸਿੱਖ ਕੌਮ ਨੂੰ ਕੀ ਸੇਧ ਜਾਂ ਕਿਹੜਾ ਗਿਆਨ ਦੇਣਾ ਚਹੁੰਦੇ ਹਨ ? ਇਨ੍ਹਾਂ ਹੱਥ ਲਿਖਤ ਬੀੜਾਂ ਤੋਂ, ਸਿੱਖ ਕੌਮ ਨੂੰ ਕੀ ਪ੍ਰਾਪਤੀ ਹੋਵੇਗੀ ? ਜਦੋਂ ਛਾਪੇ ਵਾਲੀ ਪ੍ਰੈਸ ਹੋਂਦ ਵਿੱਚ ਨਹੀਂ ਸੀ ਆਈ, ਉਸ ਵੇਲੇ ਬੀੜਾਂ ਦੀ ਲੋੜ ਨੂੰ ਮੁੱਖ ਰੱਖਦਿਆਂ, ਬੀੜਾਂ ਲਿਖਣੀਆਂ ਇੱਕ ਸੁਚੱਜੀ ਸੋਚ ਸੀ, ਪਰ ਅੱਜ ਪ੍ਰੈੱਸ ਦੇ ਹੁੰਦਿਆਂ ਇਹ ਹਠ ਕਰਨਾ ਕਿ ਮੈਂ ਨਕਲ ਮਾਰਦਿਆਂ ਕੋਈ ਗ਼ਲਤੀ ਨਹੀਂ ਹੋਣ ਦਿਆਂਗਾ, ਬਹੁਤੀ ਸੁਚੱਜੀ ਅਤੇ ਨਿਮਰਤਾਈ ਸੋਚ ਨਹੀਂ, ਸਿਰਫ਼ ਹਠ ਕਰਮ ਹੀ ਹੈ ਅਤੇ ਹਠ ਕਰਮ ਹਉਮੈਂ ਦੀ ਪੈਦਾਇਸ਼ ਦਾ ਬੀਜ ਹੈ। ਸਤਿਗੁਰੂ ਜੀ ਦੇ ਬਚਨ ਹਨ, **ਹਠ ਕਰਿ ਮਰੈ ਨ ਲੇਖੈ ਪਾਵੈ** ॥੨੨੬/੫॥ ਸਿੱਖ ਸਤਿਗੁਰਾਂ ਦੇ ਸਮੇਂ ਭੀ ਕਈਆਂ ਵਲੋਂ ਹੱਥ ਲਿਖਤ ਬੀੜਾਂ ਲਿਖੀਆਂ ਗਈਆਂ। ਘੋਖਣ ਨਾਲ ਕਈਆਂ ਵਿੱਚ ਫ਼ਰਕ ਪਾਏ ਗਏ। ਗੁਰੂ ਅਰਜਨ ਜੀ ਦੀ ਨਿਗਰਾਨੀ ਹੇਠ ਭਾਈ ਗੁਰਦਾਸ ਜੀ ਬੀੜ ਦੀ ਲਿਖਾਈ ਕਰਿ ਰਹੇ ਹਨ। ਲਿਖੇ ਪਤਰਿਆਂ ਨੂੰ ਸਤਿਗੁਰੂ ਜੀ ਪੜ੍ਹਦੇ ਘੋਖਦੇ ਹਨ। ਇਸੇ ਸਮੇਂ (ਪੋਥੀ ਦੇ ਪਹਿਲੇ ਪ੍ਰਕਾਸ਼ ਤੋਂ ਪਹਿਲਾਂ) ਭਾਈ ਬੰਨੋ ਜੀ ਨੇ ਭੀ ਇੱਕ ਬੀੜ ਲਿਖ ਦਿੱਤੀ। ਜਿਸ ਨੂੰ ਪਿੱਛੋਂ ਖਾਰੀ ਬੀੜ (ਵਾਧੇ ਘਾਟੇ ਕਾਰਨ) ਕਹਿ ਕੇ ਅਪ੍ਰਵਾਨ ਕਰ ਦਿੱਤਾ ਗਿਆ। ਉਸ ਵਿੱਚ ਵਾਧੇ ਘਾਟੇ ਕਿਵੇ, ਕਦੋਂ ਹੋਏ ਕਿਸ ਨੇ ਕੀਤੇ ? ਮੈਂ ਇਸ ਪਾਸੇ ਨਹੀਂ ਜਾਵਾਂਗਾ ਇਹ ਜਾਨਣ ਸਮਝਣ ਲਈ, ਭਾਈ ਸਾਹਿਬ ਸਿੰਘ ਜੀ ਦੀ ਪੁਸਤਕ ਆਦਿ ਬੀੜ ਵਾਰੇ ਪੜ੍ਹੋ ਕਿ ਲਿਖਣਹਾਰਿਆਂ ਨੇ ਕੀ ਕੁੱਝ ਕੀਤਾ। ਸਾਹਿਬ ਸਿੰਘ ਜੀ ਇਹ ਭੀ ਲਿਖਦੇ ਹਨ ਕਿ ਗੁਰਬਾਣੀ ਦਾ ਉਤਾਰਾ ਕਰਨ ਵਾਲਾ, ਗੁਰਬਾਣੀ ਦੀ ਬੋਲੀ ਦੇ ਵਿਆਕਰਣਿਕ ਨਿਯਮਾਂ ਦੀ ਸੂਝ ਭੀ ਰੱਖਦਾ ਹੋਵੇ।

ਇੱਕ ਸਿੱਖ ਹੋਣ ਦੇ ਨਾਤ੍ਹੇ ਕੋਈ ਕੌਮੀ ਕਾਰਜ ਕਰਨ ਵਾਲੇ ਦਾ ਫ਼ਰਜ਼ ਬਣਦਾ ਹੈ ਕਿ ਉਸ ਨੂੰ ਆਪਣੇ ਕਾਰਜ ਦੀ ਐਨੀ ਕੁ ਸਮਝ ਜਰੂਰ ਹੋਵੇ ਕਿ ਜੋ ਉਹ ਕਰ ਰਿਹਾ ਹੈ ਇਸ ਤੋਂ ਕੌਮ ਨੂੰ ਕੋਈ ਪ੍ਰਾਪਤੀ ਭੀ ਹੋ ਸਕਦੀ ਹੈ ? ਕਿਤੇ ਇਹ ਕੀਤਾ ਹੋਇਆ ਕਾਰਜ ਸਮਾਂ ਪਾ ਕੇ ਕੌਮ ਦੇ ਕਿਸੇ ਨੁਕਸਾਨ ਦਾ ਕਾਰਨ ਤਾਂ ਨਹੀਂ ਬਣੇਗਾ ? ਸਿੱਖ ਕੌਮ ਦੇ ਹਠ ਕਰਮੀਆਂ ਨੂੰ ਇਹ ਭੀ ਸੋਚਣਾ ਹੋਵੇਗਾ ਕਿ ਆਪਣੀ ਸ਼ੁਹਰਤ

ਅਤੇ ਸੰਸਾਰ ਰਿਕਾਰਡ ਬਨਾਉਣ ਦੇ ਹਠ ਅਧੀਨ ਅਸੀਂ, ਗੁਰਮਤਿ ਵਿਚਾਰਧਾਰਾ ਨੂੰ ਨੁਕਸਾਨ ਪਹੁੰਚਾਉਣ ਦੇ ਜ਼ੁੰਮੇਵਾਰ ਤਾਂ ਨਹੀਂ ਬਣ ਰਹੇ। ਅਸਟ੍ਰੇਲੀਆ ਨਿਵਾਸੀ ਸ. ਬਲਵੰਤ ਸਿੰਘ ਨੇ, ਗੁਰਬਾਣੀ (ਗੁਰੂ ਗ੍ਰੰਥ ਸਾਹਿਬ) ਮਹਾਨ ਕੋਸ਼ (ਭਾਈ ਕਾਨ੍ਹ ਸਿੰਘ ਨਾਭਾ) ਤੇ ਹੋਰ ਸਿੱਖ ਧਰਮ ਨਾਲ ਸੰਬੰਧਿਤ ਲਿਖਤਾਂ ਨੂੰ, ਕੰਪਿਊਟਰ ਵਿੱਚ ਪਾ ਦਿੱਤਾ। ਸੰਨ 1993 ਦੇ ਅਖ਼ੀਰ ਜਦ ਉਸ ਨੇ ਸ਼੍ਰੋਮਣੀ ਕਮੇਟੀ ਦੇ ਇਜਲਾਸ ਵਿੱਚ ਇਸ ਆਪਣੀ ਕੀਤੀ ਮਿਹਨਤ ਵਾਰੇ ਦੱਸਿਆ ਤਾਂ ਬਿਪ੍ਰਵਾਦੀ ਸੋਚ ਦੇ ਚਾਟੜੇ, ਅਗਿਆਨੀ ਕਮੇਟੀ ਮੈਂਬਰ, ਆਪੇ ਤੋਂ ਬਾਹਰ ਹੋ ਕੇ ਬਲਵੰਤ ਸਿੰਘ ਦੇ ਗਲ ਪੈ ਗਏ ਕਿ ਇਹ ਨਵਾਂ ਕਾਰਜ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੈ, ਕਿਉਂਕਿ ਕੰਪਿਊਟਰ ਵਿੱਚ ਪਾਈ ਗੁਰੂਬਾਣੀ ਦੇ ਉੱਪਰ ਚੰਦੋਆ ਅਤੇ ਚੌਰ ਨਹੀਂ ਹੈ। ਸੁਚੱਜੀ ਸੋਚ ਨਾਲ ਵਿਚਾਰਿਆਂ ਸਮਝ ਪੈ ਸਕਦੀ ਹੈ ਕਿ ਪ੍ਰਭੂ ਦੀ ਸਿਫਤਿ ਸਲਾਹ ਗੁਰਬਾਣੀ ਦੇ ਗਿਆਨ ਉਪਦੇਸ਼ ਦੀ ਬੇਅਦਬੀ ਕਦੀ ਹੋ ਹੀ ਨਹੀਂ ਸਕਦੀ। ਹਾਂ ਪ੍ਰਾਣੀ ਆਪਣੀ ਸੂਝ ਬੂਝ ਅਨੁਸਾਰ ਗ਼ਲਤੀਆਂ ਦਾ ਇਜ਼ਹਾਰ ਕਰ ਸਕਦਾ ਹੈ। ਬਲਵੰਤ ਸਿੰਘ ਵਲੋਂ ਕੀਤੇ ਕੌਮੀ ਕਾਰਜ ਬਦਲੇ, ਉਸ ਨੂੰ ਸਨਮਾਨ ਮਿਲਣ ਦੀ ਵਜਾਏ ਮਾਫ਼ੀ ਮੰਗਣੀ ਪਈ। ਕੁੱਝ ਸਾਲਾਂ ਬਾਅਦ ਹੀ ਕਨੇਡਾ ਵਾਸੀ ਰਘਵੀਰ ਸਿੰਘ ਬੈਂਸ ਨੇ ਬਲਵੰਤ ਸਿੰਘ ਵਾਲੀ ਕੀਤੀ ਮਿਹਨਤ ਨੂੰ, ਅੱਗੇ ਤੋਰਦਿਆਂ, ਵਿੱਚ ਕੁੱਝ ਹੋਰ ਸਮੱਗਰੀ ਪਾ ਕੇ, ਸੀ.ਡੀਜ਼. ਸੈੱਟ ਤਿਆਰ ਕੀਤੇ। ਬਲਵੰਤ ਸਿੰਘ ਦੇ ਗਲ ਪੈਣ ਵਾਲੇ ਸਿੱਖ ਆਗੂਆਂ ਨੂੰ ਵਡਿਆਉਣਾ ਕਿਵੇਂ ਹੈ, ਰਘਵੀਰ ਸਿੰਘ ਜੀ ਇਸ ਗੁਣ ਦੇ ਮਾਹਰ ਸਨ। ਬਲਵੰਤ ਸਿੰਘ ਦੇ ਕੀਤੇ ਕੰਮ ਨੂੰ ਗੁਰੂ ਗ੍ਰੰਥ ਸਾਹਿਬ ਦੀ ਬੇਅਦਵੀ ਕਹਿਣ ਵਾਲਿਆਂ ਵਲੋਂ, ਉਸੇ ਕੰਮ ਲਈ ਰਘਵੀਰ ਸਿੰਘ ਬੈਂਸ ਨੂੰ, ਪੂਰੇ ਸਤਿਕਾਰ ਨਾਲ ਸਨਮਾਨਿਤ ਕੀਤਾ ਗਿਆ, ਅਤੇ ਰਘਵੀਰ ਸਿੰਘ ਜੀ ਨੇ ਇਸ ਕੀਤੇ ਕਾਰਜ ਨੂੰ ਆਪਣੀ ਕਮਾਈ (ਕਾਰੋਬਾਰ, ਬਿਉਪਾਰ) ਦਾ ਸਾਧਨ ਭੀ ਬਣਾ ਲਿਆ। ਹਰ ਦੇਸ਼ ਦੇ ਗੁਰਦੁਆਰਿਆਂ ਦੀਆਂ ਕਮੇਟੀਆਂ ਵਲੋਂ ਬੁਲਾ ਕੇ, ਇਨ੍ਹਾਂ ਨੂੰ ਸਤਿਕਾਰ ਵਜੋਂ ਸਰੋਪੇ ਅਤੇ ਮਾਇਆ ਦੇ ਗੱਫੇ ਭੀ ਦਿੱਤੇ ਗਏ ਅਤੇ ਇਨ੍ਹਾਂ ਵਲੋਂ ਹਰ ਗੁਰਦੁਆਰੇ ਆਪਣਾ ਸੌਦਾ (ਸੀ.ਡੀਜ਼. ਸੈੱਟ) ਭੀ ਖ਼ੂਬ ਵੇਚਿਆ ਗਿਆ, ਪਰ ਇਸ ਕੰਮ ਦੇ ਮੋਢੀ ਬਲਵੰਤ ਸਿੰਘ ਨੂੰ ਸਿੱਖ ਕੌਮ ਵਲੋਂ ਉਸ ਦੇ ਕੀਤੇ ਕੌਮੀ ਕਾਰਜ ਲਈ ਉਸਦਾ ਬਣਦਾ ਮਾਣ ਅਤੇ ਸਤਿਕਾਰ ਕਦੀ ਨਹੀਂ ਮਿਲਿਆ। ਇਹ ਬਿੱਪ੍ਰਵਾਦੀ ਸੋਚ ਦੇ ਧਾਰਨੀ ਪੂਜਾਰੀਆਂ ਅਤੇ ਅਖੌਤੀ ਸਿੱਖ ਆਗੂਆਂ ਦੀ ਅਕ੍ਰਿਤਘਣਤਾ ਦੀ ਇੱਕ ਮਿਸਾਲ ਹੀ ਤਾਂ ਹੈ।

ਅਸੀਂ ਇਹ ਤਾਂ ਨਹੀਂ ਜਾਣਦੇ ਕਿ ਖੋਸਾ ਜੀ ਨੇ ਕੀ ਸੋਚ ਕੇ ਹੱਥ ਲਿਖਤ ਬੀੜ ਲਿਖਣ ਦਾ ਸੰਕਲਪ ਲਿਆ ਹੋਵੇਗਾ। ਪਰ ਇਨ੍ਹਾਂ ਵਲੋਂ ਕੀਤਾ ਗਿਆ ਇਹ ਕਾਰਜ ਬਹੁਤ ਵੱਡੇ ਜੇਰੇ ਵਾਲੀ, ਕਠਿਨ ਤਪੱਸਿਆ ਹੀ ਤਾਂ ਹੈ। ਜਿਸ ਵਾਸਤੇ ਖੋਸਾ ਜੀ ਲਈ ਸੰਸਾਰ ਰਿਕਾਰਡ ਅਤੇ ਫੋਕੀ ਸ਼ੁਹਰਤ ਤੋਂ ਬਿਨ੍ਹਾਂ, ਸਿੱਖ ਕੌਮ ਵਾਸਤੇ ਇਸ ਕੀਤੇ ਕਾਰਜ ਦੀ ਕੋਈ ਪ੍ਰਾਪਤੀ ਨਹੀਂ ਹੈ। ਕੌਮ ਦਰਦੀ ਇਹ ਮਹਿਸੂਸ ਜਰੂਰ ਕਰਦੇ ਹਨ, ਕਿ ਸਿੱਖ ਕੌਮ ਤਾਂ ਪਹਿਲਾਂ ਹੀ ਅਗਿਆਨਤਾ ਵਸ ਬਿੱਪਰਵਾਦੀ ਦਲਦਲ ਵਿੱਚ

ਧਸਦੀ ਜਾ ਰਹੀ ਹੈ। ਜੇ ਖੋਸਾ ਜੀ ਨੇ ਕੌਮ ਲਈ ਕੁੱਝ ਕਰਨਾ ਹੀ ਸੀ ਤਾਂ ਜਿੰਨਾਂ ਸਮਾਂ (12 ਜਾਂ 13 ਸਾਲ) ਇਹ ਬੀੜਾਂ ਲਿਖਣ ਲਈ ਲਾਇਆ, ਉਹ ਸਮਾਂ ਗੁਰਬਾਣੀ ਨੂੰ ਵਾਰ ਵਾਰ ਪੜ੍ਹਦੇ, ਅਦੁੱਤੀ ਗਿਆਨ ਗੁਰਬਾਣੀ ਦੀ ਵਿਚਾਰਧਾਰਾ ਨੂੰ ਸਮਝਦੇ ਹੋਏ ਕੌਮ ਨੂੰ ਬਿੱਪ੍ਰਵਾਦੀ ਸੋਚ ਵਿੱਚੋਂ ਬਾਹਰ ਕੱਢਣ (ਗਿਆਨ ਪ੍ਰਦਾਨ ਕਰਨ) ਵਾਲੀਆਂ ਲਿਖਤਾਂ ਲਿਖਣ ਦਾ ਉਪਰਾਲਾ ਕਰਦੇ, ਤਾਂ ਜੋ ਇਨ੍ਹਾਂ ਦੀ ਕੀਤੀ ਮਿਹਨਤ ਸ਼ਾਇਦ, ਸਿੱਖ ਕੌਮ ਦਾ ਕੁੱਝ ਭਲਾ ਹੀ ਕਰ ਜਾਂਦੀ, ਅਤੇ ਐਸੀਆਂ ਲਿਖਤਾਂ ਵਿੱਚ, ਗੁਰਬਾਣੀ ਗਿਆਨ ਵਾਰੇ ਖੋਸਾ ਜੀ ਦੀ ਆਪਣੀ ਜਾਗਰੂਕਤਾ ਭੀ ਜ਼ਾਹਰ ਹੋ ਜਾਂਦੀ। ਖੋਸਾ ਜੀ, ਇਹ ਚਾਰ ਬੀੜਾਂ (ਖ਼ਾਸ ਕਰ 84 ਕਿਲੋ ਵਜ਼ਨੀ) ਲਿਖ ਕੇ, ਤੁਸੀਂ ਮਨਸ਼ਾ ਅਨੁਸਾਰ, ਸੰਸਾਰ ਦੀ ਰਿਕਾਰਡ ਬੁੱਕ ਵਿੱਚ ਤਾਂ ਭਾਵੇਂ ਦਰਜ਼ ਹੋ ਜਾਵੋਗੇ ਅਤੇ ਅਗਿਆਨਮਈ ਸੋਚ ਤੋਂ ਵਾਹ ਵਾਹ ਭੀ ਕਰਵਾ ਲਵੋਗੇ, ਜਿਸ ਨਾਲ ਤੁਹਾਡਾ ਮਨ ਕੁੱਝ ਸਮੇਂ ਲਈ ਗੱਦ ਗੱਦ ਹੋ ਉਠੇਗਾ, ਪਰ ਗਿਆਨਵਾਨ ਸੋਚ ਮੁਤਾਬਿਕ ਤੁਹਾਡੀ ਕੀਤੀ ਮਿਹਨਤ ਸਮੇਂ ਦੀ ਬਰਬਾਦੀ ਹੀ ਸਮਝੀ ਜਾਵੇਗੀ ਜਿਸਦੀ ਕੋਈ ਪ੍ਰਾਪਤੀ ਨਹੀਂ ਹੋਵੇਗੀ। ਇਹ ਭੀ ਹੋ ਸਕਦਾ ਹੈ ਕਿ ਤੁਹਾਡੀ ਹੀ ਸੋਚ ਵਾਲਾ ਕੋਈ ਹੋਰ, ਤੁਹਾਡੀ ਬਣਾਈ ਬੀੜ 84 ਕਿਲੋ ਤੋਂ ਭੀ ਭਾਰੀ ਬੀੜ ਬਣਾ ਦੇਵੇ ਅਤੇ ਅੱਗੇ ਕੋਈ ਹੋਰ ਸੋਚ ਉਸ ਤੋ ਭੀ ਭਾਰੀ। ਸੱਚ ਜਾਣਿਓ ਐਸੀ ਸੋਚ ਗੁਰੂ ਗ੍ਰੰਥ ਸਾਹਿਬ ਦਾ ਕੀ ਬਣਾ ਦੇਵੇਗੀ ਸੋਚ ਕੇ ਮਨ ਕੰਬਦਾ ਹੈ। ਕਿਸੇ ਖੇਡ ਜਾਂ ਹੁਨਰ ਵਿੱਚ ਰਿਕਾਰਡ ਬਨਾਉਣ ਲਈ ਸਰੀਰਕ ਵਰਜ਼ਿਸ਼, ਅਮਲ ਅਤੇ ਸੁਰਤ ਅਭਿਆਸ ਦੀ ਕਮਾਈ ਕਰਨੀ ਹੁੰਦੀ ਹੈ। ਸੋ ਰਿਕਾਰਡ ਬਨਾਉਣ ਲਈ ਨਕਲਮਾਰ ਤਰੀਕਾ ਅਪਨਾ ਕੇ ਹੀ ਵਾਹ ਵਾਹ ਖੱਟੀ ਜਾਵੇ, ਸ਼ੁਹਰਤ ਲੋਚ ਮਨ ਦਾ ਸੰਕਲਪ ਹੈ। ਕੌਮ ਨੂੰ ਕੋਈ ਲਾਭ ਹੋਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ ਹਾਂ ਸਿਧਾਂਤਕ ਨੁਕਸਾਨ ਜਰੂਰ ਹੋ (ਆਉਣ ਵਾਲੇ ਸਮੇਂ ਵਿੱਚ ਛੋਟਾ ਜਿਹਾ ਛੋਛਾ ਛੱਡਣ ਨਾਲ ਕਿ ਇਸ 84 ਕਿਲੋ ਬੀੜ ਤੋਂ ਕੀਤੇ ਇੱਕ ਪਾਠ ਨਾਲ ਜ਼ਿੰਦਗੀ ਦੀ ਚੁਰਾਸੀ ਕੱਟੀ ਜਾਂਦੀ ਹੈ ਦਾ ਸਬੱਬ ਬਣ) ਸਕਦਾ ਹੈ। ਜਿਵੇਂ ਠੱਗ ਟੋਲੇ ਵਲੋਂ ਗੋਇੰਦਵਾਲ ਦੀ ਬਾਉਲੀ ਵਿੱਚ ਇਸ਼ਨਾਨ ਕਰਕੇ, 84 ਪੌੜੀਆਂ ਉੱਤੇ ਪਾਠ ਕਰਨ ਨਾਲ, ਚੁਰਾਸੀ ਕੱਟਣ ਦਾ ਭ੍ਰਮ ਬਣਾਇਆ ਹੋਇਆ ਹੈ। 9 ਮਈ 2010 ਨੂੰ ਕਰੇਗੀਬਰਨ ਗੁਰਦੁਆਰੇ ਦੀ ਸਟੇਜ਼ ਉੱਤੋਂ ਕਿਹਾ ਗਿਆ ਕਿ ਜੇ ਸੁਖਮਨੀ ਬਾਣੀ ਦੇ ਇਕਵੰਜਾ (51) ਪਾਠ ਕਰ ਲਏ ਜਾਣ ਤਾਂ, ਗੁਰੂ ਗ੍ਰੰਥ ਸਾਹਿਬ ਜੀ ਦਾ ਪੂਰਾ ਪਾਠ ਹੋ ਜਾਂਦਾ ਹੈ। ਇਹ ਭੀ ਕਿਹਾ ਗਿਆ ਕਿ ਸਿੱਖਾਂ ਨੇ ਪੰਜਵੇਂ ਪਾਤਿਸ਼ਾਹ ਅੱਗੇ ਬੇਨਤੀ ਕੀਤੀ ਕਿ ਜੀਵ ਪ੍ਰਾਣੀ ਦੇ ਉਧਾਰ ਵਾਸਤੇ ਕੋਈ ਸੌਖੀ ਬਾਣੀ ਰਚੋ, ਤਦ ਸੁਖਮਨੀ ਬਾਣੀ ਰਚੀ ਗਈ। ਸਿੱਖ ਕੌਮ ਦੇ ਗੁਰ-ਅਸਥਾਨਾਂ ਵਿੱਚ ਗੁਰੂ ਦੇ ਗਿਆਨ ਦੀ ਗੱਲ ਕਰਨੀ ਤਾਂ ਜਿਵੇਂ ਬੀਤੇ ਦੀਆਂ ਬਾਤਾਂ ਬਣ ਕੇ ਰਹਿ ਗਈ ਹੈ ਪਰ ਅਗਿਆਨਮਈ ਗਾਥਾਵਾਂ ਸੁਨਾਉਣ ਅਤੇ ਸੁਨਣ ਵਾਲੀ ਸੋਚ, ਭਾਰੂ ਹੋ ਚੁੱਕੀ ਹੈ। ਐਸੀ ਸੋਚ ਨੇ ਹੀ, ਗੁਰੂ ਗ੍ਰੰਥ ਸਾਹਿਬ ਦੀ ਸਮਾਪਤੀ ਮੁੰਦਾਵਣੀ ਅਤੇ ਸਲੋਕ ਤੋਂ ਬਾਅਦ ਇੱਕ ਝੂਠ ਬੋਲਦੀ ਲਿਖਤ ਰਾਗ ਮਾਲਾ ਬੀੜ ਵਿੱਚ ਚਾੜ੍ਹ ਦਿੱਤੀ, ਜਿਸ ਦਾ ਪਿਆ ਰੇੜਕਾ, ਸਿੱਖ ਸਮਾਜ ਵਿੱਚ ਪ੍ਰਫੁੱਲਤ ਹੋਈ

(ਆਰ.ਐਸ.ਐਸ.) ਦੀ ਸ਼ਾਖਾ, ਸੰਤ ਸਮਾਜੀਏ ਕਦੀ ਭੀ ਖ਼ਤਮ ਨਹੀਂ ਹੋਣ ਦੇਣਗੇ। ਇਹ 84 ਕਿਲੋ ਵਜ਼ਨੀ ਬੀੜ, ਇੱਕ ਥ੍ਹਾਂ ਤੋਂ ਕਿਤੇ ਦੂਸਰੀ ਥ੍ਹਾਂ ਲੈ ਜਾਣ ਦਾ ਸਬੱਬ ਬਣ ਜਾਵੇ ਤਾਂ ਇੱਕ ਆਮ ਸੇਵਾਦਾਰ ਸਿਰ ਉੱਤੇ ਚੁੱਕ ਕੇ ਕਿਵੇਂ ਅਤੇ ਕਿੰਨੀ ਕੁ ਦੂਰੀ ਤੱਕ ਲਿਜਾ ਸਕੇਗਾ ? ਕੋਈ ਬਜ਼ੁਰਗ ਜਾਂ ਦੁਰਬਲ ਭਾਈ ਇਸ ਦਾ ਪ੍ਰਕਾਸ਼ ਕਿਵੇਂ ਕਰ ਸਕੇਗਾ ? ਕੀ ਇਹ ਬੀੜ ਸਿਰਫ਼ ਰਿਕਾਰਡ ਬਨਾਉਣ ਜਾਂ ਲੋਕਾਂ ਨੂੰ ਦਿਖਾ ਕੇ ਪ੍ਰਭਾਵ ਬਨਾਉਣ ਲਈ ਹੀ ਲਿਖੀ ਗਈ ਹੈ ? ਇਸ ਰਿਕਾਰਡ ਬਨਾਉਣ ਵਾਲੀ ਸੋਚ ਅਧੀਨ ਬੀੜ ਲਿਖਣ ਨਾਲ, ਸਿੱਖ ਕੌਮ ਦੀ ਸਰਬ ਉਚ ਸੰਸਥਾ (ਸ਼੍ਰੋਮਣੀ ਕਮੇਟੀ ਅਤੇ ਇਸਦੀ ਧਰਮ ਪ੍ਰਚਾਰ ਸ਼ਾਖਾ) ਦੀ ਭੀ ਹੇਠੀ ਹੀ ਹੋਈ ਹੈ। ਉੱਥੇ ਬੈਠੇ ਬਿੱਪ੍ਰਵਾਦੀ ਸੋਚ ਦੇ ਧਾਰਨੀ ਭਾਵੇਂ ਇਸ ਹੇਠੀ ਨੂੰ ਮਹਿਸੂਸ ਕਰਨ ਜਾਂ ਨਾ ਪਰ ਇਹ ਸੱਚ ਹੈ। ਸਿੱਖ ਕੌਮ ਨੂੰ ਇਹ ਸੋਚਣਾ ਪਵੇਗਾ ਕਿ ਆਪਣੇ ਇਸ਼ਟ, ਆਪਣੇ ਗੁਰੂ ਵਾਰੇ, ਇਹੋ ਜਿਹੇ ਸੰਸਾਰ ਰਿਕਾਰਡ ਬਨਾਉਣ ਵਾਲੀ ਸੋਚ ਸਿੱਖੀ ਸਿਧਾਂਤਾਂ ਦੇ ਜੜ੍ਹੀਂ ਤੇਲ ਪਾਉਣ ਦਾ ਕਾਰਨ ਤਾਂ ਨਹੀ ਬਣੇਗੀ ?

ਸਤਿਗੁਰੂ ਜੀ ਦੇ ਬਚਨ ਹਨ, **ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ** ॥੪੯੫/੧੦॥ ਸੰਸਾਰਕ ਬੰਧਨਾਂ ਵਿੱਚ ਬੱਝਿਆ ਹੋਇਆ ਹਰ ਪ੍ਰਾਣੀ ਜੋ ਭੀ ਕਰਦਾ ਹੈ, ਕਿਸੇ ਮਕਸਦ (ਮਨ ਦੀ ਖ਼ਾਹਿਸ਼ ਜਾਂ ਆਰਥਿਕ ਲਾਭ) ਲਈ ਹੀ ਕਰਦਾ ਹੈ। ਕਰੋੜਾਂ ਵਿੱਚੋਂ ਕੋਈ ਵਿਰਲਾ ਹੋਵੇਗਾ ਜੋ ਨਿਰਸਵਾਰਥ ਜਗਤ ਭਲਾਈ ਦਾ ਕਾਰਜ ਕਰਦਾ ਹੋਵੇ। ਸਪੋਕਸਮੈਨ ਵਿੱਚ 16 ਅਪ੍ਰੈਲ ਦੀ ਛਪੀ ਖ਼ਬਰ ਦਾ ਸਿਰਲੇਖ, ਸਭ ਤੋਂ ਵੱਡੀ ਬੀੜ ਤਿਆਰ ਕਰਨ ਵਾਲਾ ਜਸਵੰਤ ਸਿੰਘ, ਹੁਣ ਗਿੰਨੀਜ਼ ਬੁੱਕ ਰੀਕਾਰਡ ਲਈ ਦਾਅਵਾ (ਸ਼ੁਹਰਤ, ਹਉਮੈਂ ਦਾ ਪ੍ਰਗਟਾ) ਪੇਸ਼ ਕਰੇਗਾ। ਪਹਿਲਾਂ 45 ਕਿਲੋ ਵਜ਼ਨ ਵਾਲੀ ਬੀੜ ਨੂੰ, ਮਲੇਸ਼ੀਆ ਬੁੱਕ ਆਫ ਰਿਕਾਰਡ ਵਿੱਚ ਦਰਜ਼ ਕੀਤਾ ਗਿਆ ਸੀ। ਲਉ ਆ ਗਿਆ ਅਸਲ ਸੱਚ ਸਾਹਮਣੇ। ਇਸ ਰਿਕਾਰਡ ਪ੍ਰਦਰਸ਼ਨੀ ਨੂੰ ਜਸਵੰਤ ਸਿੰਘ ਜੀ ਆਪਣੀ ਮੁਹੱਬਤ ਦੀ ਮਜ਼ਦੂਰੀ ਕਹਿੰਦੇ ਹਨ। ਇਹ ਭੀ ਕਹਿੰਦੇ ਹਨ ਕਿ ਮੈਂ ਇਸ ਕੰਮ ਦੇ ਪੈਸੇ ਨਹੀਂ ਲੈਂਦਾ ਅਤੇ ਨਾ ਹੀ ਮੈਂ ਕਿਸੇ ਪ੍ਰਸਿੱਧੀ ਲਈ ਕਰਦਾ ਹਾਂ। ਕੋਈ ਬੰਦਾ (ਜਿਸ ਦਾ ਇਨ੍ਹਾਂ ਬੇ-ਨਾਮ ਬਿਨ ਸਬੂਤ ਜ਼ਿਕਰ ਕੀਤਾ) ਇਨ੍ਹਾਂ ਨੂੰ ਬੀੜ ਦੇ ਦੋ ਲੱਖ ਡਾਲਰ ਦਿੰਦਾ ਸੀ, ਇਨ੍ਹਾਂ ਨਾਂਹ ਕਰ ਦਿੱਤੀ। ਹੈ ਨਾ ਮਾਇਆ ਵਲੋਂ ਤਿਆਗ ਦੀ ਇੱਕ ਮਿਸਾਲ। ਉਂਝ ਜਸਵੰਤ ਸਿੰਘ ਜੀ, ਜਿਸ ਗੁਰਦੁਆਰੇ ਜਾ ਕੇ ਆਪਣੇ ਕੀਤੇ ਕਾਰਜ ਦੀ ਵਡਿਆਈ ਕਰਦੇ ਹਨ, ਉਸ ਗੁਰਦੁਆਰੇ ਦੇ ਪ੍ਰਬੰਧਕ ਸ਼ਾਬਾਸ਼ ਦੇ ਬਹਾਨੇ ਕੁੱਝ ਮਾਇਆ ਤਾਂ ਦੇ ਹੀ ਦਿੰਦੇ ਹਨ। ਦੋ ਲੱਖ ਡਾਲਰ ਨੂੰ ਠੁਕਰਾ ਦੇਣ (ਮਹਾਨ ਮਾਇਆ ਤਿਆਗੀ) ਅਤੇ ਸੰਸਾਰ ਦੀ ਰਿਕਾਰਡ ਬੁੱਕ ਵਿੱਚ ਆਪਣਾ ਨਾਮ ਲਿਖਵਾਉਣ ਲਈ, ਦਾਅਵਾ ਪੇਸ਼ ਕਰਨ ਦੇ ਚਾਹਵਾਨ (ਮਨ ਹਸਰਤ ਸ਼ੁਹਰਤ ਦੀ ਗ਼ੁਲਾਮ) ਜਾਣੀ ਕਿ, ਪ੍ਰਸਿੱਧੀ ਭੀ ਨਹੀਂ ਚਹੁੰਦੇ ਅਤੇ ਸੰਸਾਰ ਗਿੰਨੀਜ਼ ਬੁੱਕ ਵਿੱਚ ਨਾਮ ਲਿਖਾਉਣ ਦੇ ਅਭਿਲਾਸ਼ੀ ਭੀ ਹਨ। ਇਹ ਭੀ ਇੱਕ ਬਿਉਹਾਰ (ਵਿਉਪਾਰ, ਸ਼ੁਹਰਤ ਕਮਾਉਣੀ ਭੀ ਇੱਕ ਕਮਾਈ) ਹੀ ਤਾਂ ਹੈ। ਸ਼ੁਹਰਤ, ਵਡਿਆਈ ਦੀ ਖ਼ਾਤਰ ਤਾਂ ਕਈ ਪ੍ਰਾਣੀ, ਦਾਨ ਦਾ ਨਾਮ ਦੇ ਕੇ

ਲੱਖਾਂ ਹੀ ਰੁਪਏ ਲੁਟਾ ਦਿੰਦੇ ਹਨ। ਜੇ ਕਿਸੇ ਸਿੱਖ ਨੇ ਕੋਈ ਰਿਕਾਰਡ ਬਨਾਉਣਾ ਹੀ ਹੈ ਤਾਂ, ਗੁਰੂ ਨਾਨਕ ਮਿਸ਼ਨ ਦੀ ਕਸਵੱਟੀ ਉੱਤੇ ਪੂਰਾ ਉਤਰਨ ਵਾਲਾ ਗੁਰਮੁਖਿ ਕਿਰਦਾਰ ਜਿਹਾ ਰਿਕਾਰਡ ਬਣਾਓ, ਜਿਸ ਕਿਰਦਾਰ ਦੀਆਂ ਸਿੱਖ ਇਤਿਹਾਸ ਵਿੱਚ ਅਨੇਕ ਉਦਾਹਰਣਾਂ (Examples) ਮਿਲ ਸਕਦੀਆਂ ਹਨ। ਗਿਆਨ ਵਿਹੂਣੀ ਸ਼ੁਹਰਤ ਵਾਲਾ ਰਿਕਾਰਡ ਗੁਰਮੁਖਤਾਈ ਨਹੀਂ ਹੈ। ਗੁਰੂ ਮਿਹਰ ਕਰੇ, ਸਾਨੂੰ ਸੁਚੱਜੀ ਮੱਤ ਬਖ਼ਸ਼ੇ, ਤਾਂ ਜੋ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਲਿਖਾਰੀ ਬਣਨ ਦੀ ਵਜਾਏ, ਆਪਣੇ ਗੁਰੂ ਦੇ, ਵਿਚਾਰਧਾਰਕ, ਆਗਿਆਕਾਰੀ (ਗੁਰ ਉਪਦੇਸ਼ ਅਨੁਸਾਰੀ) ਸੱਚੇ ਸਿੱਖ (ਵਿੱਦਿਆਰਥੀ) ਬਣ ਸਕੀਏ।

ਸੰਮਨ ਚੋਰੀ ਕਿਉਂ ਕਰੇ ?

ਵਿਸਾਖੀ 1978 ਵਾਲੇ ਦਿਨ ਅੰਮ੍ਰਿਤਸਰ ਵਿੱਚ, ਅਖੌਤੀ ਨਿਰੰਕਾਰੀਆਂ ਵਲੋਂ, ਗੁਰੂ ਗ੍ਰੰਥ ਸਾਹਿਬ ਜੀ ਵਾਰੇ ਗ਼ਲਤ ਬਿਆਨੀ ਕਰਨ ਦੇ ਮੁੱਦੇ ਨੂੰ ਲੈ ਕੇ, ਉਨ੍ਹਾਂ ਵਲੋਂ ਕੀਤੇ ਜਾ ਰਹੇ ਸਮਾਗਮ ਨੂੰ ਰੁਕਵਾਉਣ ਲਈ ਗਏ ਸਿੱਖਾਂ ਦੇ ਕਾਫਲੇ ਉੱਤੇ, ਅਖੌਤੀ ਨਿਰੰਕਾਰੀਆਂ ਦੀ ਆਪਣੀ ਬਣਾਈ ਸੈਨਾ ਵਲੋਂ ਗੋਲੀ ਚਲਾਉਣ ਨਾਲ ਤੇਰਾਂ ਸਿੱਘ ਸ਼ਹੀਦ ਹੋ ਗਏ। ਇਹ ਸ਼ਹੀਦ ਹੋਣ ਵਾਲੇ ਸਿੰਘ ਅਖੰਡ ਕੀਰਤਨੀ ਜਥੇ ਦੇ ਸਿੰਘ ਅਖਵਾਉਂਦੇ ਸਨ। 25 ਅਪ੍ਰੈਲ (ਐਤਵਾਰ), 2010 ਨੂੰ, ਅਸਟ੍ਰੇਲੀਆ ਦੇ ਸ਼ਹਿਰ ਮਿਲਬੌਰਨ, ਗੁਰਦੁਆਰਾ ਕਰੇਗੀਬਰਨ ਵਿਖੇ, ਪਹਿਲੀ ਵੇਰ ਉਨ੍ਹਾਂ ਸਿੰਘਾਂ ਦੀ ਸ਼ਹੀਦੀ ਨੂੰ ਸਮਰਪਿਤ ਦਿਨ, ਗੁਰਬਾਣੀ ਕੀਰਤਨ, ਕਵਿਤਾ, ਕਵੀਸ਼ਰੀ ਅਤੇ ਵਿਖਿਆਨ ਨਾਲ ਮਨਾਇਆ ਗਿਆ। ਜਦ ਤੋਂ ਹੋਸ਼ ਸੰਭਾਲੀ ਹੈ, ਤਦ ਤੋਂ ਇਹ ਹੀ ਸੁਣਦੇ ਪੜ੍ਹਦੇ ਆਏ ਹਾਂ ਕਿ ਸਿੱਖ ਧਰਮ ਦੇ ਵਿੱਚ, ਪਹਿਲੀ ਸ਼ਹਾਦਤ (ਸ਼ਹੀਦੀ) ਨਾਨਕ ਜੋਤ ਦੇ ਪੰਜਵੇਂ ਜਾਮੇ, ਗੁਰੂ ਅਰਜਨ ਜੀ (ਜਿਨ੍ਹਾਂ ਨੂੰ ਸ਼ਹੀਦਾਂ ਦੇ ਸਿਰਤਾਜ ਭੀ ਕਿਹਾ ਜਾਂਦਾ ਹੈ) ਦੀ ਹੋਈ। ਪਰ ਇਸ ਸਮਾਗਮ ਦੌਰਾਨ ਗੁਰੂ ਦਰਬਾਰ ਵਿੱਚ, ਪਹਿਲੀ ਵੇਰ ਸੁਣਿਆ ਗਿਆ, ਕਿ ਅਸੀਂ ਪੰਜਵੇਂ ਪਾਤਿਸ਼ਾਹ ਦੀ ਸ਼ਹੀਦੀ ਨੂੰ ਪਹਿਲੀ ਸ਼ਹੀਦੀ ਕਹਿ ਦਿੰਦੇ ਹਾਂ, ਪਰ ਉਨ੍ਹਾਂ ਤੋਂ ਪਹਿਲੀ ਸ਼ਹੀਦੀ ਤਾਂ ਭਾਈ ਮੂਸਨ ਦੀ ਸੀ। ਇਹ ਗੱਲ ਵੱਖਰੀ ਹੈ ਕਿ, ਗੁਰੂ ਜੀ ਨੇ ਕਲਾ ਵਰਤਾ ਕੇ, ਕੁੱਝ ਹੋਰ ਕਰ ਦਿੱਤਾ ਸੀ। ਸੁਣਦਿਆਂ ਹੀ ਮਨ ਸੋਚਾਂ ਵਿੱਚ ਪੈ ਗਿਆ ਕਿ ਭਾਈ ਜੀ ਨੇ ਆਪਣੀ ਸੋਚ ਪਟਾਰੀ ਵਿੱਚੋਂ ਇਹ ਕਿਹੜਾ ਛੋਛਾ ਕੱਢ ਮਾਰਿਆ ਹੈ। ਸਤਿਗੁਰੂ ਜੀ ਦਾ ਉਪਦੇਸ਼ ਹੈ : **ਅਸੰਤੁ ਅਨਾੜੀ ਕਦੇ ਨ ਬੂਝੈ ॥ ਕਥਨੀ ਕਰੇ ਤੈ ਮਾਇਆ ਨਾਲਿ ਲੂਝੈ ॥ ਅੰਧੁ ਅਗਿਆਨੀ ਕਦੇ ਨਾ ਸੀਝੈ** ॥੧੬੦/੧੭॥ ਅਰਥ, ਭਾਈ ਸਾਹਿਬ ਸਿੰਘ ਵਲੋਂ ਕੀਤੇ, ਗੁਰੂ ਗ੍ਰੰਥ ਸਾਹਿਬ ਦਰਪਣ ਦੀ ਪੋਥੀ ਦੂਜੀ ਦੇ ਪੰਨਾ 56 ਉੱਤੇ ਦੇਖ ਸਕਦੇ ਹੋ। ਦਿਨ ਰਾਤ (ਸੁਆਸ, ਸੁਆਸ) ਗੁਰੂਬਾਣੀ ਨਾਲ ਜੁੜੇ ਰਹਿਣ ਦਾ ਦਾਅਵਾ ਕਰਨ ਵਾਲੇ, ਜੇ ਗੁਰਬਾਣੀ ਦੀ ਵਿਚਾਰਧਾਰਾ ਵਲੋਂ ਅਨਜਾਣ ਜਾਂ ਜਾਣ ਬੁੱਝ ਕੇ ਗੁਰਬਾਣੀ ਦੀ ਵਿਚਾਰਧਾਰਾ ਨੂੰ ਅੱਖੋਂ ਪਰੋਖੇ ਕਰਨ, ਤਾਂ ਇੱਕ ਪ੍ਰਸ਼ਨ ਚਿੰਨ੍ਹ, ਕਿਉਂ ? ਲੱਗ ਹੀ ਜਾਂਦਾ ਹੈ। ਗੁਰਮਤਿ ਵਿਚਾਰਧਾਰਾ ਦੇ ਵਿਰੋਧੀਆਂ (ਪ੍ਰਿਥੀਏ, ਰਾਮਰਾਈਏ, ਨਿਰੰਜਨੀਏ, ਮਸੰਦ, ਮਹੰਤ ਅਤੇ ਇਨ੍ਹਾਂ ਦੇ ਵਾਰਸ ਉਦਾਸੀਏ, ਨਿਰਮਲੇ ਅਤੇ ਸਮੂਹ ਸੰਤ ਸਮਾਜੀ ਮਾਇਆਵਾਦੀ ਸੋਚ ਦੇ ਧਾਰਨੀਆਂ) ਨੇ ਅਨੇਕ ਬੇ-ਸਿਰ, ਬੇ-ਪੈਰ ਕਲਪਿਤ ਕਹਾਣੀਆਂ ਘੜੀਆਂ ਹੋਈਆਂ ਹਨ ਜੋ ਗੁਰੂ ਬਾਣੀ ਵਿਚਾਰਧਾਰਾ ਤੋਂ ਅਨਜਾਣ ਅਤੇ ਅੰਨ੍ਹੀ ਸ਼ਰਧਾ ਵਾਲਿਆਂ ਦਾ ਦਿਲ ਤਾਂ ਭਰਮਾ ਸਕਦੀਆਂ ਹਨ, ਪਰ

ਗੁਰਬਾਣੀ ਦੇ ਸਿਧਾਂਤ ਨੂੰ ਜਾਨਣ ਸਮਝਣ ਹਾਰਿਆਂ ਨੂੰ ਪਰੇਸ਼ਾਨੀ ਦੇ ਸਿਵਾ ਕੁੱਝ ਨਹੀਂ ਦਿੰਦੀਆਂ। ਗੁਰਬਾਣੀ ਦੇ ਗਿਆਨ ਦਾ ਚਾਨਣ, ਇਨ੍ਹਾਂ ਮਨਘੜਤ ਕਹਾਣੀਆਂ ਘੜਨ ਵਾਲਿਆਂ ਦੀ ਜ਼ਮੀਰ ਉੱਤੇ ਚਾਨਣ ਕਿਉਂ ਨਹੀਂ ਕਰਦਾ ? ਸੱਚੇ ਸਤਿਗੁਰੂ ਦੇ ਦਰਬਾਰ ਵਿੱਚ ਅਨਹੋਣੀਆਂ (ਝੂਠੀਆਂ) ਗਾਥਾਵਾਂ ਸੁਨਾਉਣ ਵੇਲੇ ਇਹ ਗੁਰੂ ਦਾ ਭੌ (ਭੈ) ਕਿਉਂ ਨਹੀਂ ਮੰਨਦੇ ? ਅਤੇ ਗੁਰੂ ਦਾ ਭੈ ਨਾ ਮੰਨਣ ਵਾਲੇ, ਗੁਰਮੁਖਿ ਕਿਵੇਂ ਅਖਵਾ ਸਕਦੇ ਹਨ ?

ਸੰਮਨ ਵਾਰੇ, ਭਾਈ ਕਾਨ੍ਹ ਸਿੰਘ ਜੀ ਨੇ ਲਿਖਿਆ ਹੈ, ਸ਼ਾਹਬਾਜ ਪੁਰੇ ਦਾ ਵਸਨੀਕ, ਮੂਸਨ ਦਾ ਪਿਤਾ, ਗੁਰੂ ਅਰਜਨ ਜੀ ਦਾ ਅਨੰਨ (ਨਿਰਾਲਾ) ਸਿੱਖ। ਇਹ ਭਾਣਾ ਮੰਨਣ ਵਿੱਚ ਅਦੁੱਤੀ (ਲਾਜਵਾਬ) ਸੀ। ਕਪੂਰ ਦੇਉ ਦੇ ਪੁੱਛਣ ਪੁਰ ਕਿ, ਗੁਰਮੁਖ ਸਿੱਖ ਕਿਹੜਾ ਹੈ ? ਸਤਿਗੁਰਾਂ ਨੇ ਸੰਮਨ ਦਾ ਨਾਉਂ ਦੱਸਿਆ ਸੀ। ਇਸ ਦਾ ਨਾਉਂ ਚਉਬੋਲਿਆਂ ਵਿੱਚ ਆਇਆ ਹੈ। ਆਉ ਹੁਣ ਚਉਬੋਲਿਆਂ ਦੀ ਵਿਚਾਰ ਕਰੀਏ, **ਸੰਮਨ ਜਉ ਇਸ ਪ੍ਰੇਮ ਕੀ ਦਮ ਕ੍ਹਿਹੁ ਹੋਤੀ ਸਾਟ॥ ਰਾਵਨ ਹੁਤੇ ਸੁ ਰੰਕ ਨਹਿ ਜਿਨਿ ਸਿਰ ਦੀਨੇ ਕਾਟਿ ॥੧॥੧੩੬੩॥**

ਹੇ ਸੰਮਨ, ਹੇ ਦਾਨੀ ਮਨੁੱਖ, (ਧਨ ਦੇ ਵੱਟੇ ਹਰਿ, ਪ੍ਰਭੂ ਨਾਮ ਦਾ ਪ੍ਰੇਮ ਨਹੀਂ ਮਿਲ ਸਕਦਾ) ਜੇ ਇਸ ਪ੍ਰੇਮ ਦਾ ਵਟਾਂਦਰਾ ਧਨ ਤੋਂ ਹੋ ਸਕਦਾ, ਤਾਂ ਉਹ ਰਾਵਣ (ਜਿਸ ਨੇ ਸ਼ਿਵ ਜੀ ਨੂੰ ਖ਼ੁਸ਼ ਕਰਨ ਲਈ ਅਨੇਕ ਵਾਰ ਆਪਣੇ) ਸਿਰ ਕੱਟ ਕੇ ਦਿੱਤੇ ਸਨ। ਸਿਰ ਦੇਣ ਦੀ ਥ੍ਹਾਂ ਬੇਅੰਤ ਧਨ ਦੇ ਦਿੰਦਾ, ਕਿਉਂਕਿ ਰਾਵਣ ਕੋਈ ਕੰਗਾਲ ਨਹੀਂ ਸੀ। **ਮੂਸਨ ਮਸਕਰ ਪ੍ਰੇਮ ਕੀ ਰਹੀ ਜੁ ਅੰਬਰੁ ਛਾਇ॥ ਬੀਧੇ ਬਾਂਧੇ ਕਮਲ ਮਹਿ ਭਵਰ ਰਹੇ ਲਪਟਾਇ ॥੪॥੧੩੬੪/੨॥** ਹੇ ਆਤਮਿਕ ਜੀਵਨ ਲੁਟਾ ਰਹੇ ਮਨੁੱਖ, ਚੰਦ ਦੀ ਚਾਂਨਣੀ ਸਾਰੇ ਆਕਾਸ਼ ਉੱਤੇ ਖਿਲਰੀ ਹੋਈ ਹੈ, ਉਸ ਵੇਲੇ ਭੌਰੇ, ਕੌਲ ਫੁੱਲ ਵਿੱਚ ਹੀ ਬੱਝ ਕੇ ਲਪਟਾਏ ਰਹਿੰਦੇ ਹਨ। ਭਾਵ, ਪ੍ਰਭੂ ਪਿਆਰ ਵਾਲੇ ਪ੍ਰਾਪਤੀ, ਅਤੇ ਮਾਇਆ (ਸੁਗੰਧ, ਵਿਕਾਰ) ਮੋਹ ਵਾਲੇ ਬਰਬਾਦੀ ਰਾਹੇ ਲੁੱਟੇ ਜਾਂਦੇ ਹਨ। **ਜਪ ਤਪ ਸੰਜਮ ਹਰਖ ਸੁਖ ਮਾਨ ਮਹਤ ਅਰੁ ਗਰਬ॥ ਮੂਸਨ ਨਿਮਖਕ ਪ੍ਰੇਮ ਪਰਿ ਵਾਰਿ ਵਾਰਿ ਦੇਂਉ ਸਰਬ ॥੫॥੧੩੬੪/੨॥** ਦੇਵਤਿਆਂ ਨੂੰ ਪ੍ਰਸੰਨ ਕਰਨ ਦੀ ਖ਼ਾਤਰ, ਮੰਤ੍ਰਾਂ ਦੇ ਜਾਪ, ਧੂਣੀਆਂ ਤਪਾਣੀਆਂ, ਇੰਦ੍ਰਿਆਂ ਨੂੰ ਵੱਸ ਕਰਨ ਲਈ (ਪੁੱਠੇ ਲਟਕਣ ਆਦਿਕ ਦੇ) ਅਨੇਕਾਂ ਯਤਨ, ਇਹਨਾਂ ਸਾਧਨਾਂ ਤੋਂ ਮਿਲੀ ਖ਼ੁਸ਼ੀ, ਇੱਜ਼ਤ, ਵਡਿਆਈ, ਇਹਨਾਂ ਤੋਂ ਮਿਲਿਆ ਸੁਖ ਅਤੇ ਅਹੰਕਾਰ, ਇਨ੍ਹਾਂ ਵਿੱਚ ਹੀ ਆਤਮਿਕ ਜੀਵਨ ਨੂੰ ਲੁਟਾ ਰਹੇ ਮਨੁੱਖ, ਮੈਂ ਤਾਂ ਅੱਖ ਝਮਕਣ ਜਿਤਨੇ ਸਮੇਂ ਲਈ ਮਿਲੇ ਪ੍ਰਭੂ ਪਿਆਰ ਤੋਂ, ਇਨ੍ਹਾਂ ਸਾਰੇ ਸਾਧਨਾ ਨੂੰ ਕੁਰਬਾਨ ਕਰਦਾ ਹਾਂ। **ਘਬੁ ਦਬੁ ਜਬ ਜਾਰੀਐ ਬਿਛੁਰਤ ਪ੍ਰੇਮ ਬਿਹਾਲ॥ ਮੂਸਨ ਤਬ ਹੀ ਮੂਸੀਐ ਬਿਸਰਤ ਪੁਰਖ ਦਇਆਲ ॥੭॥੧੩੬੪/੪॥** ਜਦੋਂ ਕਿਸੇ ਮਨੁੱਖ ਦਾ ਘਰ ਧਨ ਪਦਾਰਥ ਸੜ ਜਾਂਦਾ ਹੈ, ਉਸ ਜਾਇਦਾਦ ਤੋਂ ਵਿਛੁੜਿਆ ਹੋਇਆ ਉਹ ਮਨੁੱਖ, ਉਸ ਦੇ ਮੋਹ ਦੇ ਕਾਰਨ ਬੜਾ ਦੁੱਖੀ ਹੁੰਦਾ, ਮੈਂ ਲੁਟਿਆ ਗਿਆ ਪੁਕਾਰਦਾ ਹੈ। ਪਰ ਆਤਮਿਕ ਜੀਵਨ ਨੂੰ ਲੁਟਾ ਰਹੇ ਹੇ ਮਨੁੱਖ, ਅਸਲ ਵਿੱਚ ਤਦੋਂ ਹੀ ਲੁੱਟੇ ਜਾਈਦਾ

ਹੈ, ਜਦੋਂ ਦਇਆ ਦਾ ਸੋਮਾ, ਅਕਾਲ ਪੁਰਖ ਮਨੋਂ ਭੁੱਲ ਜਾਂਦਾ ਹੈ। **ਕਮਲ ਨੈਨ ਅੰਜਨ ਸਿਆਮ ਚੰਦ੍ਰ ਬਦਨ ਚਿਤ ਚਾਰ॥ ਮੂਸਨ ਮਗਨ ਮਰੰਮ ਸਿਉ ਖੰਡ ਖੰਡ ਕਰਿ ਹਾਰ ॥੧੦॥੧੩੬੪/੭॥**

ਹੇ ਆਤਮਿਕ ਜੀਵਨ ਨੂੰ ਲੁਟਾ ਰਹੇ ਮਨੁੱਖ, ਜੇ ਤੂੰ ਉਸ ਪਰਮਾਤਮਾ ਦੇ ਮਿਲਾਪ ਦੇ ਭੇਦ ਵਿੱਚ ਮਸਤ ਹੋਣਾ ਚਾਹੁੰਦਾ ਹੈਂ, ਜੋ ਚੰਦ ਵਰਗੇ ਸੋਹਣੇ ਮੁੱਖ ਅਤੇ ਸੋਹਣੇ ਚਿੱਤ ਵਾਲਾ ਹੈ। ਜਿਸ ਦੇ ਕੌਲ ਫੁੱਲਾਂ ਵਰਗੇ ਸੋਹਣੇ ਨੇਤਰ ਹਨ ਜਿਨ੍ਹਾਂ ਵਿੱਚ ਕਾਲਾ ਸੁਰਮਾ ਪਿਆ ਹੈ। ਭਾਵ ਜੋ ਪਰਮਾਤਮਾ ਅੱਤ ਹੀ ਸੋਹਣਾ ਹੈ। ਤਾਂ ਆਪਣੇ ਇਨ੍ਹਾਂ ਹਾਰਾਂ, (ਨਵਖੰਡ ਬਸੁਧਾ ਭਰਮ ਜਪ ਤਪ ਸੰਜਮ ਆਦਿਕ ਵਿਖਾਵਿਆਂ) ਨੂੰ ਟੋਟੇ ਟੋਟੇ ਕਰ ਦੇਹ।੧੦। ਭਾਈ ਸਾਹਿਬ ਸਿੰਘ ਜੀ ਨੇ, ਇਨ੍ਹਾਂ ਚਉਬੋਲਿਆਂ ਦੇ ਅਰਥਾਂ ਵਿੱਚ, ਸੰਮਨ ਇੱਕ ਚੰਗੇ ਦਾਨੀ ਮਨੁੱਖ ਦੇ ਕਿਰਦਾਰ ਵਜੋਂ ਅਤੇ ਮੂਸਨ, ਵੇਪ੍ਰਵਾਹੇ, ਲੁੱਟੇ ਜਾਣ ਵਾਲੇ ਕਿਰਦਾਰ ਵਜੋਂ ਵਰਤਿਆ ਹੈ। ਸਮੁੱਚੇ ਚਉਬੋਲਿਆਂ ਦਾ, ਅਸਲ ਭਾਵ ਹੈ ਪ੍ਰਭੂ ਚਰਨਾਂ ਦਾ ਪ੍ਰੇਮ ਮਿਲਦਾ ਹੈ ਆਪਾ ਕੁਰਬਾਨ ਕੀਤਿਆਂ। ਆਪਾ ਕੁਰਬਾਨ ਕਰਨ ਦਾ ਭਾਵ, ਸਿਰ ਵਢਾਉਣਾ ਹੀ ਨਹੀਂ ਹੈ, **ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੁ ਤੇਰਾ॥ ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥** ਇਹ ਭੀ ਕੁਰਬਾਨ ਹੋਣਾ ਹੀ ਹੈ।

ਹੁਣ ਇਸ ਆਪਾ ਕੁਰਬਾਨ ਵਾਲੇ ਭਾਵ ਜਾਂ ਕਿਰਦਾਰ ਨੂੰ, ਇੱਕ ਚੋਰ ਦਾ ਕਿਰਦਾਰ ਬਣਾ ਪੇਸ਼ ਕਰਨਾਂ ਸਿੱਖੀ ਦਾ ਕਿਹੜਾ ਸਿਧਾਂਤ ਹੈ ? ਕੀ ਗੁਰਬਾਣੀ ਵਿੱਚੋਂ ਇਸ ਪਰਥਾਇ ਕੋਈ ਪ੍ਰਮਾਣ ਦਿੱਤਾ ਜਾ ਸਕਦਾ ਹੈ ? ਹੋਵੇ ਭਾਣਾ ਮੰਨਣ ਵਾਲਾ ਸਿੱਖ ਅੰਤੇ ਆਪਣੇ ਗੁਰੂ ਦੀ ਸੇਵਾ ਕਰਨ ਲਈ ਕਿਸੇ ਦਾ ਘਰ ਲੁੱਟਣ ਚਲਾ ਜਾਵੇ। ਸਤਿਗੁਰੂ ਜੀ ਉਪਦੇਸ਼ ਦਿੰਦੇ ਹਨ : **ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ॥ ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ ॥੪੭੨/੭॥** ਸੰਖੇਪ ਅਰਥ, ਠੱਗੀ ਦਾ ਮਾਲ ਪਿਤਰਾਂ ਨਮਿਤ ਦਿੱਤਾ, ਪਛਾਣਿਆਂ ਜਾਵੇ ਤਾਂ ਪਿੱਤਰ ਭੀ ਚੋਰ ਬਣ ਜਾਂਦੇ ਹਨ। ਫਿਰ ਠੱਗੀ ਦੇ ਮਾਲ ਨਾਲ ਗੁਰੂ ਸੇਵਾ ਕਰਨੀ ਭਾਣਾ ਮੰਨਣ ਵਾਲੇ ਸਿੱਖ ਨੂੰ ਕਿਸ ਨੇ ਸਿਖਾਈ ? ਹੋਰ ਗੁਰ ਉਪਦੇਸ਼ : **ਚੋਰੁ ਸਲਾਹੇ ਚੀਤੁ ਨ ਭੀਜੈ॥ ਜੇ ਬਦੀ ਕਰੇ ਤਾ ਤਸੂ ਨ ਛੀਜੈ॥ ਚੋਰ ਕੀ ਹਾਮਾ ਭਰੇ ਨ ਕੋਇ॥ ਚੋਰੁ ਕੀਆ ਚੰਗਾ ਕਿਉ ਹੋਇ॥੧॥ ਸੁਣਿ ਮਨ ਅੰਧੇ ਕੁਤੇ ਕੂੜਿਆਰ॥ ਬਿਨੁ ਬੋਲੇ ਬੂਝੀਐ ਸਚਿਆਰ॥੧॥ਰਹਾਉ॥ ਚੋਰੁ ਸੁਆਲਿਉ ਚੋਰੁ ਸਿਆਣਾ॥ ਖੋਟੇ ਕਾ ਮੁਲੁ ਏਕੁ ਦੁਗਾਣਾ॥ ਜੇ ਸਾਥਿ ਰਖੀਐ ਦੀਜੈ ਰਲਾਇ॥ ਜਾ ਪਰਖੀਐ ਖੋਟਾ ਹੋਇ ਜਾਇ॥੨॥੬੬੨॥** ਸੰਖੇਪ ਅਰਥ, ਚੋਰ ਦੀ ਖ਼ੁਸ਼ਾਮਦ ਨਾਲ, ਹਾਕਮ ਪਸੀਜਦਾ ਨਹੀਂ। ਚੋਰ ਦੇ ਬਦਖੋਹੀ ਕਰਨ ਨਾਲ ਭੀ ਹਾਕਮ ਨੂੰ ਕੋਈ ਫ਼ਰਕ ਨਹੀਂ ਪੈਂਦਾ। ਚੋਰ ਨੂੰ ਕੋਈ ਭੀ ਚੰਗਾ ਨਹੀਂ ਕਹਿੰਦਾ। ਚੋਰੀ ਕਰਨ (ਪਰਾਇਆਂ ਨੂੰ ਲੁੱਟਣ) ਵਾਲਾ ਚੰਗਾ ਕਿਵੇਂ ਹੋ ਸਕਦਾ ਹੈ। ਅੰਧੇ ਤੇ ਲਾਲਚੀ ਝੂਠੇ ਮਨ ਸੁਣ, ਸੱਚਾ (ਸਚਿਆਰ) ਬਿਨ ਬੋਲੇ ਹੀ ਪਛਾਣਿਆਂ ਜਾਂਦਾ ਹੈ। ਚੋਰ ਭਾਵੇਂ ਚੰਗਾ ਬਣਨ ਦੀ ਕੋਸ਼ਿਸ਼ ਕਰੇ ਚੋਰ ਤਾਂ ਚੋਰ ਹੀ ਹੈ। ਜਿਵੇਂ ਖੋਟਾ ਸਿੱਕਾ ਖੋਟਾ ਹੀ ਹੈ ਜੇ ਖਰਿਆਂ ਵਿੱਚ ਰੱਖ

ਭੀ ਦੇਈਏ ਪਰਖ ਵੇਲੇ ਖੋਟ ਜ਼ਾਹਰ ਹੋ ਜਾਵੇਗਾ। ਪੂਰੇ ਅਰਥ ਸਮਝਣ ਲਈ, ਗੁਰੂ ਗ੍ਰੰਥ ਸਾਹਿਬ ਦਰਪਣ, ਪੋਥੀ ਪੰਜਵੀਂ ਪੰਨਾ 10 ਉੱਤੇ ਦੇਖੋ। ਆਉ ਗੁਰੂ ਉਪਦੇਸ ਵਲ ਥੋੜਾ ਹੋਰ ਧਿਆਨ ਦਿਓ : **ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ ॥੧॥ ਦਰਸਨੁ ਹਰਿ ਦੇਖਣ ਕੈ ਤਾਈ ॥ ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ ਹਰਿ ਹਰਿ ਨਾਮੁ ਧਿਆਈ ॥੧॥ਰਹਾਉ॥ ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥੨॥ ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ ॥੩॥ ਤਨੁ ਮਨੁ ਕਾਟਿ ਕਾਟਿ ਸਭ ਅਰਪੀ ਵਿਚਿ ਅਗਨੀ ਆਪੁ ਜਲਾਈ ॥੪॥੭੫੭॥** ਇਹ ਹੈ ਭਾਣਾ ਮੰਨਣ ਵਾਲੇ ਪ੍ਰੇਮੀ ਦਾ ਕਿਰਦਾਰ, ਪੂਰਾ ਸ਼ਬਦ ਗੁਰੂ ਗ੍ਰੰਥ ਸਾਹਿਬ ਪੰਨਾ 757 ਅਤੇ ਅਰਥ ਗੁਰੂ ਗ੍ਰੰਥ ਸਾਹਿਬ ਦਰਪਣ ਪੋਥੀ ਪੰਜਵੀ ਪੰਨਾ 493-94। ਭਾਣਾ ਮੰਨਣ ਵਾਲਾ ਪ੍ਰੇਮੀ (ਗੁਰਸਿੱਖ), ਗੁਰ ਸੇਵਾ ਵਿੱਚ ਆਪਾ ਕੁਰਬਾਨ (ਮੈਂ, ਮੇਰਾ ਵਾਲੀ ਸੋਚ ਨੂੰ ਵੇਚ, ਕੱਟ, ਤਿਆਗ) ਕਰ ਦੇਣ ਵਾਲਾ, ਆਪਣੇ ਗੁਰੂ ਦਾ ਉਪਦੇਸ਼, **ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥** ੩੯੪/੪॥ ਕਿਵੇਂ ਭੁੱਲ ਸਕਦਾ ਹੈ। ਸਰੀਰਕ ਅਤੇ ਆਰਥਿਕ ਤੰਗੀ ਨੂੰ, ਪ੍ਰਭੂ ਭਾਣਾ ਮੰਨਣਾ ਹੀ ਸਹੀ ਸਿੱਖੀ ਹੈ। ਐ ਗੁਰਮਤਿ ਵਿਰੋਧੀ ਕਹਾਣੀਆਂ ਘੜਨ ਵਾਲਿਓ, ਗੁਰੂ ਦਾ ਭਉ (ਭੈ) ਮੰਨੋਂ ਅਤੇ ਗੁਰਮੁਖਿ ਕਿਰਦਾਰ ਉੱਤੇ, ਗੁਰੂ ਸੇਵਾ ਦਾ ਬਹਾਨਾ ਬਣਾ ਕੇ ਗੁਰਮਤਿ ਵਿਰੋਧੀ ਦੂਸ਼ਣ (ਚੋਰੀ ਕਰਨ ਦਾ) ਲਾਉਣ ਤੋਂ ਗੁਰੇਜ਼ ਕਰੋ।

ਸਤਿਗੁਰੂ ਦੇ ਉਪਦੇਸ਼ ਨੂੰ ਪੜ੍ਹਦੇ ਵਿਚਾਰਦੇ ਹੋਏ ਐਸੇ, ਸਿੱਖ ਅਖਵਾਉਣ ਵਾਲਿਆਂ (ਕਹਾਣੀ ਘਾੜਿਆਂ) ਦੀ ਮੱਤ ਕਿਉਂ ਮਾਰੀ ਜਾਂਦੀ ਹੈ ? ਉਹ ਕਿਹੜੀ ਮਜਬੂਰੀ ਹੈ, ਜੋ ਇਨ੍ਹਾਂ ਨੂੰ ਗੁਰ ਉਪਦੇਸ਼ ਵਿਰੋਧੀ ਗਾਥਾਵਾਂ ਬਨਾਉਣ ਅਤੇ ਗੁਰੂ ਦੇ ਦਰਬਾਰ ਵਿੱਚ ਸੁਨਾਉਣ ਲਈ ਬੇਵੱਸ ਕਰ ਦਿੰਦੀ ਹੈ ? ਇਨ੍ਹਾਂ ਕਲਪਿਤ ਕਹਾਣੀ ਘਾੜਾਂ ਦੀ ਮਨੋ-ਦਸ਼ਾ (ਮੂਰਖਤਾਈ ਸੋਚ) ਦੇਖੋ, ਪੰਜਵੇਂ ਪਾਤਿਸ਼ਾਹ ਦੀ ਸੇਵਾ ਕਰਨ ਵਾਲੇ ਸਿੱਖ (ਸੰਮਨ ਤੇ ਮੂਸਨ) ਨੂੰ ਚੋਰੀ ਕਰਨ ਲਈ ਮਜਬੂਰ ਕਰ ਦਿੱਤਾ ਅਤੇ ਛੇਵੇਂ ਪਾਤਿਸ਼ਾਹ ਦੀ ਸੇਵਾ ਕਰਨ ਵਾਲੇ ਗ਼ਰੀਬ ਸਿੱਖ (ਭਾਈ ਪੱਲੇ) ਦੇ ਘਰ ਵਿੱਚ ਆਪ ਹੀ ਰਸਦ ਪਾਣੀ ਦੀ ਭਰਪੂਰਤਾ ਦਿਖਾ ਦਿੱਤੀ। ਸਿੱਖ ਕੌਮ ਤਾਂ ਹੁਣ ਬਹੁਤ ਸਾਊ, ਸਹਿਨਸ਼ੀਲ (ਅਣਖ ਅਤੇ ਸੂਝ ਰਹਿਤ) ਹੋ ਚੁੱਕੀ ਹੈ, ਕਿ ਵਿਰੋਧੀ ਸੋਚ ਜੋ ਜੀਅ ਚਾਹੇ ਲਿਖੇ, ਸਿੱਖ ਕੌਮ ਕਬੂਲ ਹੈ ਕਹਿ ਕੇ ਅਪਨਾ ਲੈਂਦੀ ਹੈ। ਗੱਲ ਸ਼ੁਰੂ ਕੀਤੀ ਸੀ, ਸੰਮਨ ਚੋਰੀ ਕਿਉਂ ਕਰੇ ? ਐ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਦੇ ਪੈਰੋਕਾਰੋ, ਸੰਮਨ ਅਤੇ ਮੂਸਨ ਜਿਹੇ ਗੁਰਮੁਖ ਪਿਆਰਿਆਂ ਨੂੰ ਚੋਰ ਬਣਾ ਕੇ ਪੇਸ਼ ਕਰਨ ਵਾਲੀ ਸੋਚ ਵਲੋਂ ਸਾਵਧਾਨ ਰਹੋ। ਸਿੱਖ ਕੌਮ ਦੇ ਗੁਰ-ਸਥਾਨਾਂ (ਗੁਰਦੁਆਰੇ) ਵਿੱਚ ਆਉਣ ਵਾਲੇ ਗੁਰੂ ਪਿਆਰਿਆਂ ਨੂੰ ਭੀ ਬੇਨਤੀ ਹੈ ਕਿ, ਗੁਰੂ ਘਰਾਂ ਵਿੱਚ, ਬੇ-ਧਿਆਨੇ ਰਹਿ ਕੇ ਅਨਸੁਣੀ ਹਾਜ਼ਰੀ ਨਾ ਲਗਵਾਇਆ ਕਰੋ। ਜੇ ਗੁਰੂ ਘਰ ਆਉਂਦੇ ਹੋ ਤਦ ਕੋਈ ਤਾਂ ਗੁਰੂ ਦੀ ਸਿਖਿਆ ਪ੍ਰਾਪਤ ਕਰ ਕੇ ਜਾਉ। ਸਿੱਖ ਹੋਣ ਦੇ ਨਾਤੇ, ਸਿੱਖ ਕੌਮ ਨੂੰ ਸੁਚੇਤ ਕਰਨਾ, ਫ਼ਰਜ਼ ਸਮਝਦਾ ਹੋਇਆ ਬੇਨਤੀ ਕਰਦਾ ਹਾਂ ਕਿ ਸੰਤ ਸਮਾਜ ਦੀ ਅਮਰ ਵੇਲ ਤੋਂ, ਸਿੱਖ

ਕੌਮ ਦੇ ਗੁਰਦੁਆਰਿਆਂ (ਕੌਮ ਬਗ਼ੀਚੀ) ਨੂੰ ਬਚਾਓ। ਇਨ੍ਹਾਂ ਦੇ ਡੇਰਿਆਂ ਵਿੱਚ ਸਿਰਫ਼, ਗੁਰੂ ਗਿਆਨ ਵਿਹੂਣੇ ਸ਼ਰਧਾਲੂ, ਇਨ੍ਹਾਂ ਦੇ ਖ਼ੁਸ਼ਾਮਦੀ ਬੁਲਾਰੇ ਜਾਂ ਮਾਇਆ ਅਰਪਣ ਕਰਨ ਵਾਲੇ (ਮਾਇਆਧਾਰੀ) ਹੀ ਜਾ ਸਕਦੇ ਹਨ। ਗੁਰੂਬਾਣੀ ਦੇ ਗਿਆਨਮਈ ਸਿਧਾਂਤ ਦੀ ਗੱਲ ਕਰਨ ਵਾਲੇ ਦੇ ਦਾਖ਼ਲੇ ਉੱਤੇ ਪੂਰਨ ਪਾਬੰਦੀ ਹੀ ਲੱਗੀ ਰਹਿੰਦੀ ਹੈ। ਸਿੱਖ ਇੱਕ ਕੌਮ ਹੈ, ਇੱਕ ਧਰਮ ਹੈ, ਇੱਕ ਸਮਾਜ ਹੈ। ਇੱਕ ਸਮਾਜ ਦੇ ਵਿੱਚ, ਦੂਸਰਾ ਸਮਾਜ ਨਹੀਂ ਹੁੰਦਾ। ਹਾਂ ਜਥੇਬੰਦੀਆਂ, ਸੰਸਥਾਵਾਂ ਜਾਂ ਸੁਸਾਇਟੀਆਂ ਹੋ ਸਕਦੀਆਂ ਹਨ ਜੋ ਕੌਮੀ ਸਮਾਜ ਦਾ ਅੰਗ ਹੁੰਦੀਆਂ ਹਨ ਪਰ ਇਸ਼ਟ (ਮਨੌਤੀ ਸਿਧਾਂਤ) ਇੱਕ ਹੁੰਦਾ ਹੈ। ਸੰਤ ਰੁਤਵੇ (ਚਮਚਾਗੀਰੀ) ਦੀ ਸ਼ੁਹਰਤ ਦੇ ਭੁੱਖਿਆਂ ਨੇ, ਸਿੱਖ ਸਮਾਜ ਤੋਂ ਵੱਖਰਾ, ਸੰਤ ਸਮਾਜ ਬਣਾ ਲਿਆ ਹੈ। ਇਹ ਆਪਣੇ ਵੱਡੇ (ਪਹਿਲਾਂ ਹੋਏ) ਬਾਬਿਆਂ ਦੇ ਪੂਜਾਰੀ ਹਨ। ਹੋਰ ਇਨ੍ਹਾਂ ਦਾ ਕੋਈ ਇਸ਼ਟ ਨਹੀਂ ਹੈ। ਆਪਣੇ ਡੇਰਿਆਂ ਵਿੱਚ, ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼, ਸਿਰਫ਼ ਆਪਣੀਆਂ ਦੁਕਾਨਦਾਰੀਆਂ ਚਲਦੀਆਂ ਰੱਖਣ ਲਈ ਹੀ ਕਰਦੇ ਹਨ। ਸਿੱਖ ਕੌਮ ਦੇ ਸਤਿਕਾਰਤ ਮਰਕਜ਼, ਅਕਾਲ ਤਖ਼ਤ ਵਲੋਂ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਨੂੰ ਭੀ ਸੰਤ ਸਮਾਜ ਨੇ ਨਿਕਾਰਦੇ ਹੋਏ ਆਪਣੀ (ਸੰਤ ਸਮਾਜੀ) ਮਰਯਾਦਾ ਬਣਾਈ ਹੋਈ ਹੈ। ਆਮ ਸਿੱਖ ਲੋਕਾਈ ਵਲੋਂ ਬਟੋਰੇ ਅਰਬਾਂ ਰੁਪਏ ਖਰਚ ਕਰ ਕੇ ਬਣਾਏ, ਅਖੌਤੀ ਸੰਤਾਂ ਦੇ ਠਾਠ ਬਾਠ ਅਤੇ ਐਸ਼ ਪਰਸਤੀ ਡੇਰਿਆਂ ਉੱਤੇ ਸਿੱਖ ਕੌਮ ਦਾ ਕੋਈ ਅਧਿਕਾਰ ਨਹੀਂ ਹੈ। ਫਿਰ ਭੀ ਸਮੂਹ ਡੇਰਿਆਂ ਉੱਤੇ ਅਖੌਤੀ ਸਿੱਖਾਂ ਦੀ ਭੀੜ ਲੱਗੀ ਰਹਿੰਦੀ ਹੈ। ਹੈ ਨਾ ਗੁਰ ਉਪਦੇਸ਼ (**ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ॥ ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ**॥੯੫੪/੧੫॥) ਦਾ ਪ੍ਰਤੱਖ ਸਬੂਤ। ਆਪਣੇ ਕੌਮੀ ਗੁਰੂ ਘਰਾਂ ਉੱਤੇ, ਕਬਜ਼ਈ ਹੋਣ ਲਈ, ਸ਼ਾਤਰ ਰਾਜਨੀਤਕ ਸੋਚ, ਰੁਤਵਾ ਪ੍ਰਾਪਤੀ ਸੋਚ ਅਤੇ ਗੁਰਮਤਿ ਅਭਿਲਾਸ਼ੀ ਸੋਚ ਵਾਲੇ ਸਮੂਹ ਸਿੱਖ, ਲੜ ਭਿੜ ਸਕਦੇ ਅਤੇ ਮਰਨ ਮਾਰਨ ਤੱਕ ਭੀ ਜਾ ਸਕਦੇ ਹਨ, ਪਰ ਸਿੱਖ ਕੌਮ ਦੇ ਸਰਮਾਏ ਨਾਲ ਬਣੇ, ਇਨ੍ਹਾਂ ਅਖੌਤੀ ਸੰਤਾਂ ਦੇ ਡੇਰਿਆਂ ਵਲ, ਝਾਕਣ ਦੀ ਭੀ, ਕਿਸੇ ਵਿੱਚ ਹਿੰਮਤ ਨਹੀਂ ਹੈ, ਕਿਉਂ ?। ਇਨ੍ਹਾਂ ਬਨਾਰਸੀ ਠੱਗਾਂ ਦੀਆਂ ਗੁਰਮਤਿ ਵਿਰੋਧੀ ਗਤੀਵਿਧੀਆਂ ਨੂੰ ਸਮਝਣ ਅਤੇ ਸਿੱਖ ਕੌਮ ਨੂੰ ਜਾਗਰੂਕ ਕਰਨ ਵਾਰੇ, ਕੌਮ ਦੇ ਗੁਰੂ ਘਰਾਂ ਉੱਤੇ ਕਬਜ਼ਈ ਪ੍ਰਬੰਧਕ ਭੀ ਆਪਣੇ ਫ਼ਰਜ਼ ਤੋਂ ਪਾਸਾ ਵੱਟੀ ਰੱਖਦੇ ਅਤੇ ਚੜ੍ਹਾਵੇ ਦੇ ਵਾਧੇ ਲਈ, ਇਨ੍ਹਾਂ ਲੋਟੂ ਡੇਰੇਦਾਰਾਂ ਨੂੰ ਕੌਮੀ ਗੁਰੂ ਘਰਾਂ ਵਿੱਚ ਬੁਲਾ ਕੇ, ਗੁਰੂ ਦਰਬਾਰ ਵਿੱਚ ਇਨ੍ਹਾਂ ਤੋਂ ਗੁਰਮਤਿ ਵਿਰੋਧੀ ਗਾਥਾਵਾਂ ਸੁਣਨ ਅਤੇ ਹੋਰਾਂ ਨੂੰ ਸੁਨਵਾਉਣ ਦੇ ਭਾਗੀਦਾਰ ਭੀ ਬਣਦੇ ਹਨ। ਸੰਤ ਸਮਾਜੀਏ ਜਾਂ ਉਨ੍ਹਾਂ ਦੇ ਚਹੇਤੇ, ਕਿਸੇ ਇੱਕ ਸੰਤ ਦਾ ਭੀ ਹਵਾਲਾ ਦੇ ਸਕਦੇ ਹੋਣ ਤਾਂ ਦੇਣ, ਜਿਸ ਨੇ ਗੁਰਬਾਣੀ ਉਪਦੇਸ਼ ਤੋਂ ਵਿਰੋਧੀ ਕਰਮਕਾਂਡ ਨਾ ਕੀਤੇ, ਕਰਵਾਏ ਹੋਣ। ਐ ਸਿੱਖ ਕੌਮ ਦੇ ਵਾਰਸੋ, ਜਾਗੋ ਅਵੇਸਲੇਪਨ ਦੀ ਗੂੜ੍ਹੀ ਨੀਂਦ ਵਿੱਚੋਂ, ਹੋਵੋ ਸੁਚੇਤ ਅਤੇ ਅਸਲ ਅਸਲੀਅਤ (ਸੱਚ, ਅਸੱਚ) ਨੂੰ ਜਾਨਣ ਸਮਝਣ ਦੀ ਕੋਸ਼ਿਸ਼ ਕਰੋ।

ਨੋਟ : ਸੰਤ ਸਮਾਜ ਕੀ ਹੈ ? ਸੰਤ ਸਮਾਜ ਦੀ ਨੀਂਹ ਕਿੱਥੇ, ਕਦੋਂ ਅਤੇ ਕਿਵੇਂ

ਰੱਖੀ ਗਈ ? ਸੰਤ ਸਮਾਜ ਦਾ ਅਸਲ ਮਨੋਰਥ ਕੀ ਹੈ ਅਤੇ ਕਿਸ ਨੇ ਸੌਂਪਿਆ ਇੰਨਾਂ ਨੂੰ ਇਹ ਮਨੋਰਥ ? ਸੰਤ ਸਮਾਜ ਦੀ ਸਿੱਖ ਕੌਮ ਨੂੰ ਕੀ ਦੇਣ ? ਜਾਨਣ ਸਮਝਣ ਲਈ, ਸੁਹਿਰਦ ਸਿੱਖ ਮਿਲ ਬੈਠ (**ਹੋਇ ਇਕਤ੍ਰ ਮਿਲਹੁ ਮੇਰੇ ਭਾਈ ॥ ਦੁਬਿਧਾ ਦੂਰਿ ਕਰਹੁ ਲਿਵ ਲਾਇ ॥ ਹਰਿ ਨਾਵੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ** ॥੧੧੮੫/੧੧॥) ਵਿਚਾਰ ਕਰ ਸਕਦੇ ਹਨ।

ਗ੍ਰੰਥੀ ਜੀ, ਗੁਰੂ ਦਾ ਮੁੱਖ ਸੇਵਾਦਾਰ

ਸਿੱਖ ਕੌਮ ਅੰਦਰ ਗ੍ਰੰਥੀ ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਦੇ ਸੇਵਾਦਾਰ (ਪ੍ਰਕਾਸ਼, ਪਾਠ, ਸੁਖਾਸਣ ਕਰਨ ਵਾਲੇ) ਲਈ ਵਰਤਿਆ ਜਾਂਦਾ ਹੈ। ਜਿਸ ਦੀ ਅਸਲ ਜ਼ੁੰਮੇਵਾਰੀ ਅਤੇ ਇਖਲਾਕੀ ਫ਼ਰਜ਼ ਹੁੰਦਾ ਹੈ ਕਿ ਗੁਰਦੁਆਰੇ ਆਉਣ ਵਾਲੇ ਪ੍ਰਾਣੀਆਂ ਨੂੰ ਗੁਰੂਬਾਨੀ ਉਪਦੇਸ਼ (ਗੁਰਬਾਣੀ ਪਾਠ, ਵਿਚਾਰਧਾਰਾ) ਅਤੇ ਉਪਦੇਸ਼ੀ ਅਰਥ (ਵਿਆਖਿਆ ਸਹਿਤ) ਸਮਝਾਵੇ। ਵੈਸੇ ਗੁਰੂਬਾਨੀ ਵਿੱਚ ਗ੍ਰੰਥੀ ਸ਼ਬਦ ਦੀ ਵਰਤੋਂ ਹੀ ਨਹੀਂ ਕੀਤੀ ਗਈ। ਚਲ ਰਹੇ ਸਮੇਂ ਅਨੁਸਾਰ ਇਸ ਸ਼ਬਦ (ਗ੍ਰੰਥੀ) ਨਾਲ ਬੇਇਨਸਾਫ਼ੀ ਹੀ ਹੁੰਦੀ ਹੈ। ਅਸਲ ਵਿੱਚ ਇਹ ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਦੀ ਸੋਝੀ ਰੱਖਣ ਵਾਲੇ, ਵਿਚਾਰਧਾਰਾ ਨੂੰ ਸਮਝਣ ਅਤੇ ਵਿਚਾਰਧਾਰਾ ਅਨੁਸਾਰ ਜੀਵਨ ਜੀਊਣ ਵਾਲੇ (ਬਾਬਾ ਬੁੱਢਾ ਜੀ, ਭਾਈ ਮਨੀ ਸਿੰਘ ਜੀ ਅਤੇ ਬਾਬਾ ਦੀਪ ਸਿੰਘ ਜੀ ਵਰਗੇ) ਵਿਚਾਰਵਾਨਾਂ (ਸੁਚੱਜੇ ਕਿਰਦਾਰ ਵਾਲਿਆਂ) ਲਈ ਵਰਤਿਆ ਗਿਆ ਸੀ ਅਤੇ ਵਰਤਿਆ ਜਾਣਾ ਚਾਹੀਦਾ ਹੈ। ਗੁਰਦੁਆਰੇ ਵਿੱਚ ਸੇਵਾ ਨਿਭਾ ਰਹੇ ਭਾਈ ਜੀ, ਸਿੱਖੀ ਕਿਰਦਾਰ ਦੀ ਇੱਕ ਮਿਸਾਲ ਹੋਣ ਤਦ ਹੀ ਹੋਰਾਂ (ਆਮ ਲੋਕਾਈ) ਉੱਤੇ ਉਨ੍ਹਾਂ ਦੇ ਜੀਵਨ ਦਾ ਪ੍ਰਭਾਵ ਪੈ ਸਕਦਾ ਹੈ। ਜਾਂ ਇਸ ਤਰ੍ਹਾਂ ਕਹਿ ਲਵੋ ਕਿ ਸਮੂਹ ਗੁਰੂ ਘਰਾਂ ਦੇ ਗ੍ਰੰਥੀਆਂ ਦਾ ਜੀਵਨ ਗੁਰਮਤਿ ਅਨੁਸਾਰੀ ਹੋਵੇ ਤਦ ਹੀ ਇਹ ਸੇਵਾ ਸੰਭਾਲਣੀ ਚਾਹੀਦੀ ਹੈ। ਮਨ ਮੱਤੀ ਸੋਚ (ਆਪਣੀ ਮੱਤ ਅਨੁਸਾਰ ਚੱਲਣ) ਵਾਲਿਆਂ ਨੂੰ, ਇਹ ਸੇਵਾ ਬਿਲਕੁਲ ਨਹੀਂ ਲੈਣੀ ਚਾਹੀਦੀ। ਗੁਰੂ ਘਰਾਂ ਦੇ ਪ੍ਰਬੰਧਕ ਭੀ ਸਿਰਫ਼ ਅਹੁਦਾ ਪ੍ਰਾਪਤੀ ਦੀ ਸੋਚ ਵਾਲੇ ਨਹੀਂ, ਗੁਰਮਤਿ ਵਿਚਾਰਧਾਰਾ ਨੂੰ ਜਾਨਣ ਸਮਝਣ ਵਾਲੇ ਹੋਣ ਜੋ ਆਪਣੇ ਫ਼ਰਜ਼ ਨੂੰ ਸਮਝਦੇ ਹੋਏ ਗੁਰਮਤਿ ਅਨੁਸਾਰੀ ਜੀਵਨ ਵਾਲੇ ਪ੍ਰਾਣੀ ਨੂੰ ਹੀ ਗ੍ਰੰਥੀ ਦੀ ਸੇਵਾ ਸੰਭਾਲਣ। ਗੁਰਦੁਆਰੇ ਹਾਜ਼ਰੀ ਭਰਨ ਵਾਲਿਆਂ ਦੇ ਮਨ ਉੱਤੇ ਭਾਈ ਜੀ ਦੀ ਸ਼ਖ਼ਸੀਅਤ ਦਾ ਪ੍ਰਭਾਵ ਪੈਣਾ ਇਹ ਸੁਭਾਵਿਕ ਕਿਰਿਆ ਹੈ। ਬਹੁਤ ਹੀ ਦੁੱਖ ਵਾਲੀ ਗੱਲ ਹੈ ਕਿ ਅੱਜ ਸਿੱਖਾਂ ਦੇ ਧਰਮ ਸਥਾਨਾਂ ਵਿੱਚ ਜੋ ਗ੍ਰੰਥੀ ਰੱਖੇ ਜਾਂਦੇ ਹਨ ਉਨ੍ਹਾਂ ਦੀ ਸਕੂਲੀ ਪੜ੍ਹਾਈ ਮਿਡਲ ਜਾਂ ਹਾਈ ਸਕੂਲ ਤੋਂ ਵੱਧ ਨਹੀਂ ਹੁੰਦੀ। ਬਹੁ ਗਿਣਤੀ ਗ੍ਰੰਥੀਆਂ ਨੇ ਆਪਣੇ ਦਾਦਾ ਜੀ ਪਾਸੋਂ, ਪਿਤਾ ਜੀ ਪਾਸੋਂ ਜਾਂ ਕਿਸੇ ਡੇਰੇ ਵਿੱਚ ਗੁਰਬਾਣੀ ਪੜ੍ਹਨੀ ਸਿੱਖੀ ਹੁੰਦੀ ਹੈ। ਇਹੋ ਜਿਹੇ ਗ੍ਰੰਥੀ ਸਿਰਫ਼ ਡੇਰੇਦਾਰਾਂ ਦੇ ਸਿਖਾਏ ਹੋਏ ਕਰਮ ਕਾਂਡ ਹੀ ਕਰ ਸਕਦੇ ਹਨ। ਸਿੱਖ ਕੌਮ ਦੀ ਅਕਾਲ ਤਖ਼ਤ ਪ੍ਰਵਾਨਿਤ ਰਹਿਤ ਮਰਯਾਦਾ (ਇਹ ਭੀ ਸਿੱਖਾਂ ਨੇ ਬਣਾਈ ਹੈ ਕੋਈ ਕਮੀ ਹੋ ਸਕਦੀ ਹੈ। ਸਿੱਖ ਲਈ ਅਸਲ ਰਹਿਤ ਮਰਯਾਦਾ ਹੈ ਗੁਰੂਬਾਣੀ, ਗੁਰ ਉਪਦੇਸ਼, ਗੁਰਮਤਿ ਵਿਚਾਰਧਾਰਾ), ਜਿਸ ਨੂੰ ਨਾ ਹੀ ਅਜੋਕੇ ਗ੍ਰੰਥੀ ਸਮਝ ਸਕੇ ਅਤੇ ਨਾ ਹੀ ਅਪਨਾ ਅਤੇ ਹੋਰਾਂ ਨੂੰ ਸਮਝਾ ਸਕੇ ਹਨ। ਜਿਨ੍ਹਾਂ ਗੁਰੂ ਘਰ ਦੇ

ਸੇਵਾਦਾਰਾਂ, ਰਾਗੀਆਂ, ਕਥਾਕਾਰਾਂ ਪ੍ਰਚਾਰਕਾਂ ਨੇ ਸਿਰਫ਼ ਰੋਜ਼ੀ ਰੋਟੀ ਦੀ ਖ਼ਾਤਰ ਹੀ ਇਹ ਕਿੱਤਾ ਅਪਨਾਇਆ ਹੋਇਆ ਹੈ ਅਤੇ ਗੁਰਮਤਿ ਵਿਚਾਰਧਾਰਾ ਵਾਰੇ ਸੱਖਣੇ ਜਾਂ ਬਹੁਤੀ ਸੋਝੀ ਹੀ ਨਹੀਂ ਹੁੰਦੀ, ਉਨ੍ਹਾਂ ਵਾਰੇ ਗੁਰਬਾਣੀ ਦਾ ਉਪਦੇਸ਼ ਹੈ, **ਰੋਟੀਆ ਕਾਰਣਿ ਪੂਰਹਿ ਤਾਲ** ॥੪੬੪/੮॥ ਅਤੇ, **ਕਿਆ ਪੜੀਐ ਕਿਆ ਗੁਨੀਐ ॥ ਕਿਆ ਬੇਦ ਪੁਰਾਨਾਂ ਸੁਨੀਐ ॥ ਪੜੇ ਸੁਨੇ ਕਿਆ ਹੋਈ ॥ ਜਉ ਸਹਜ ਨ ਮਿਲਿਓ ਸੋਈ** ॥੬੫੫/੧੭॥ ਜੇ ਉਪਦੇਸ਼ ਦੀ ਵਿਚਾਰ ਅਤੇ ਵਿਚਾਰ ਅਨੁਸਾਰ ਕਿਰਦਾਰ ਹੀ ਨਹੀਂ ਹੈ ਤਾਂ ਸੱਚ ਜਾਣੋ ਇਹ ਗੁਰੂ ਵਲੋਂ ਬੇਮੁੱਖਤਾ ਹੈ। ਐਸੇ ਪ੍ਰਾਣੀਆਂ ਨੂੰ ਗ੍ਰੰਥੀ ਕਹਿਣਾ, ਗ੍ਰੰਥੀ ਸ਼ਬਦ ਨਾਲ ਬੇ-ਇਨਸਾਫ਼ੀ ਹੀ ਹੈ। ਸਵੇਰ ਵੇਲੇ ਸਿੱਖ ਕੌਮ ਦੇ ਮੁੱਖ ਕੇਂਦਰ, ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਪ੍ਰਸਾਰਣ ਹੁੰਦਾ ਹੈ। ਪ੍ਰਕਾਸ਼ ਕਰਨ ਜਾਂ ਹੁਕਮ ਲੈਣ ਵੇਲੇ ਗ੍ਰੰਥੀ ਜੀ ਕੁੱਝ ਸਲੋਕ ਜਾਂ ਗੁਰਬਾਣੀ ਪੰਗਤੀਆਂ ਪੜ੍ਹਦੇ ਸਮੇਂ ਪੰਗਤੀਆਂ ਦੇ ਕੁੱਝ ਸ਼ਬਦ ਪੜ੍ਹਦੇ ਤੇ ਕੁੱਝ ਛੱਡ ਦਿੰਦੇ ਹਨ ਜਿਵੇਂ : **ਸੁ ਕਹੁ ਟਲ...ਅਹਿਨਿਸ... ॥ ਦਰਸਨਿ ਪਰਸਿਐ...ਜਨਮ...ਜਾਹਿ** ॥੧੩੯੨॥ **ਸਜਣੁ ਸਚਾ...ਸਿਰਿ...ਸਾਹੁ ॥ ਜਿਸੁ ਪਾਸਿ ਬਹਿਠਿਆ...ਸਭਨਾਂ...ਵੇਸਾਹੁ** ॥੧੪੨੬॥ ਸਾਹੁ ਨੂੰ ਸਾਹੋ ਅਤੇ ਵੇਸਾਹੁ ਨੂੰ ਵੇਸਾਹੋ ਉਚਾਰਣ ਵੇਲੇ ਪੂਰਾ ਜੋਰ ਦੇ ਕੇ ਉਚਾਰਦੇ ਹਨ ਜਿਵੇਂ ਆਪਣੀ ਕੋਈ ਨਵੇਕਲੀ ਪਹਿਚਾਣ ਕਰਵਾ ਜਾਂ ਆਪਣੀ ਵਿਦਵਤਾ ਦੀ ਖ਼ਾਸ ਮੋਹਰ (Stamp) ਲਾ ਰਹੇ ਹੋਣ। ਗ੍ਰੰਥੀ ਜੀ ਵਲੋਂ ਛੱਡੇ ਹੋਏ ਸ਼ਬਦਾਂ ਨੂੰ ਉੱਥੇ ਹਾਜ਼ਰ ਸੰਗਤ ਪੂਰਾ ਕਰਦੀ ਹੈ। ਗ੍ਰੰਥੀ ਜੀ ਅੱਗੇ ਤਾਂ ਮਾਇਕ ਹੁੰਦਾ ਹੈ। ਜੋ ਪ੍ਰਸਾਰਣ ਸਮੇਂ ਸਭ ਨੂੰ ਸੁਣਦਾ ਹੈ ਪਰ ਗ੍ਰੰਥੀ ਜੀ ਦੇ ਛੱਡੇ ਸ਼ਬਦ ਜੋ ਸੰਗਤ ਉਚਾਰਦੀ ਹੈ, ਉਨ੍ਹਾਂ ਦੀ ਆਵਾਜ਼ ਮਾਇਕ ਤੱਕ ਨਹੀਂ ਪਹੁੰਚਦੀ ਜਿਸ ਕਰ ਕੇ ਉਹ ਸ਼ਬਦ ਪ੍ਰਸਾਰਣ ਸੁਣਨ ਵਾਲਿਆਂ ਨੂੰ ਸੁਣਾਈ ਨਹੀਂ ਦਿੰਦੇ। ਇਸ ਤਰ੍ਹਾਂ ਪੰਗਤੀ ਦੇ ਸ਼ਬਦ ਛੱਡ ਦੇਣ ਵਾਲਾ ਵਰਤਾਰਾ ਸਮਝ ਨਹੀਂ ਆਇਆ। ਕੀ ਗ੍ਰੰਥੀ ਜੀ ਪੂਰੀ ਪੰਗਤੀ ਪੜ੍ਹਦੇ ਥੱਕ ਜਾਂਦੇ ਹਨ ਜਾਂ ਗੁਰਬਾਣੀ ਸ਼ਬਦਾਂ ਨੂੰ ਛੱਡ ਛੱਡ ਕੇ ਆਪਣੇ ਰੁਤਵੇ (ਅਹੁਦੇ) ਦੀ ਕੋਈ ਖ਼ਾਸ ਪਹਿਚਾਣ ਕਰਾਉਂਦੇ ਹਨ ? ਇਹੋ ਜਿਹਾ ਦਿਖਾਵਾ ਗ੍ਰੰਥੀ ਸਿੰਘ ਨੂੰ ਸ਼ੋਭਾ ਨਹੀਂ ਦਿੰਦਾ। ਗੁਰਬਾਣੀ ਦਾ ਸਤਿਕਾਰ ਕਰਦਿਆਂ ਸੰਪੂਰਨ ਪੰਗਤੀ ਪੜ੍ਹਨੀ ਚਾਹੀਦੀ ਹੈ। ਗੁਰਬਾਣੀ ਦੀਆਂ ਪੰਗਤੀਆਂ ਦੀ ਅਦਲਾ ਬਦਲੀ ਕਰਨ ਦਾ ਅਧਿਕਾਰ ਇਨ੍ਹਾਂ ਗ੍ਰੰਥੀਆਂ (ਖ਼ਾਸ ਕਰ ਕੇ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਸੇਵਾ ਨਿਭਾਉਣ ਵਾਲਿਆਂ) ਨੇ, ਪਤਾ ਨਹੀਂ ਕਿੱਥੋਂ ਅਤੇ ਕਿਵੇਂ ਪ੍ਰਾਪਤ ਕਰ ਲਿਆ। ਅਜਿਹਾ ਕਰ ਕੇ ਭੀ ਸ਼ਾਇਦ ਇਹ ਆਪਣੀ ਵਿਦਵਤਾ ਦਾ ਇਜ਼ਹਾਰ ਜਾਂ ਆਪਣੀ ਮਨ ਮਾਨੀ ਕਰਨ ਦਾ ਪ੍ਰਗਟਾ ਹੀ ਕਰਦੇ ਹਨ। ਇਸ ਦੀਆਂ ਅਨੇਕ ਉਦਾਹਰਨਾ ਦਿੱਤੀਆਂ ਜਾ ਸਕਦੀਆਂ ਹਨ, ਇੱਥੇ ਦੋ, ਤਿੰਨ ਹੀ ਦੇਵਾਂਗਾ। ਅਨੰਦੁ ਬਾਣੀ ਦੇ ਨਾਲ, **ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥** ਵਾਲਾ ਸਲੋਕ ਜੋੜਨਾ ਅਤੇ **ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ ॥ ਨਾਨਕ ਪ੍ਰਭ ਸਰਣਾਗਤੀ ਕਰਿ ਪ੍ਰਸਾਦੁ ਗੁਰਦੇਵ** ॥੨੬੯/੧੩॥ ਦੇ ਨਾਲ, **ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ** ॥੧੧੯੩/੯॥ ਜੋੜਨਾ ਇਨ੍ਹਾਂ ਦੀ ਮਨਮਾਨੀ ਦੇ ਪ੍ਰਤੀਕ ਹਨ। ਇਸ ਤਰ੍ਹਾਂ ਜਾਪਦਾ ਹੈ ਕਿ ਇਹ ਗ੍ਰੰਥੀ ਸਿੱਖ ਸਤਿਗੁਰਾਂ ਤੋਂ ਬਹੁਤੇ ਸਿਆਣੇ ਹੋ ਗਏ ਹਨ। ਜਾਪੁ ਰਚਨਾ

ਦੀ ਸ਼ੁਰੂਆਤ, ੧ੴ ਸਤਿਗੁਰ ਪ੍ਰਸਾਦਿ॥ ਨਾਲ ਹੁੰਦੀ ਹੈ, ਪਰ ਦਰਬਾਰ ਸਾਹਿਬ ਦੇ ਗ੍ਰੰਥੀਆਂ ਨੂੰ ਇਹ ਸ਼ੁਰੂਆਤ ਮਾਫ਼ਕ ਨਹੀਂ ਬੈਠਦੀ। ਇਸ ਲਈ ਉਹ ੧ੴ ਤੋਂ ਗੁਰਪ੍ਰਸਾਦਿ॥ ਤੱਕ ਪੂਰਾ (ਗੁਰੂ ਗ੍ਰੰਥ ਸਾਹਿਬ ਤੇ ਜਪੁ ਬਾਣੀ ਦੀ ਸ਼ੁਰੂਆਤ ਵਾਲਾ) ਮੂਲ ਉਪਦੇਸ਼ ਪੜ੍ਹਕੇ ਨਾਲ, **ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥** ਜੋੜ ਦਿੰਦੇ ਹਨ। ਸਲੋਕ, ਦੋਹਰਾ ਜਾਂ ਪੰਗਤੀ ਕਿਸੇ ਪੰਨੇ ਵਾਲੀ ਪੜ੍ਹਨੀ ਅਤੇ ਨਾਲ ਪਉੜੀ ਕਿਸੇ ਹੋਰ ਪੰਨੇ ਵਾਲੀ ਜੋੜ ਦੇਣ ਵਿੱਚ ਇੰਨ੍ਹਾਂ ਗ੍ਰੰਥੀਆਂ ਨੂੰ ਪੂਰੀ ਮਹਾਰਤ ਹਾਸਲ ਹੈ। ਹੈ ਨਾ ਪੂਜਾ ਦੇ ਖਾਧੇ ਧਾਨ ਦਾ ਕਮਾਲ। ਸਿੱਖ ਕੌਮ ਦੀ ਇੱਕ ਹੋਰ ਵਿਡੰਬਣਾ ਦੇਖੋ, ਇਹ ਦਰਬਾਰ ਸਾਹਿਬ ਵਿੱਚ ਗ੍ਰੰਥੀ ਉਸ ਡੇਰੇ ਦੇ ਪੜ੍ਹੇ ਹੋਏ ਲਾਉਂਦੇ ਹਨ, ਜਿਹੜਾ ਡੇਰਾ ਸਿੱਖ ਕੌਮ ਦੀ ਅਕਾਲ ਤਖ਼ਤ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਨੂੰ ਹੀ ਨਹੀਂ ਪ੍ਰਵਾਨਦਾ। ਇਸ ਤੋਂ ਵੱਡੀ ਵਿਡੰਬਣਾ ਹੋਰ ਹੋ ਭੀ ਕੀ ਸਕਦੀ ਹੈ ?

ਗਿਆਨ ਭਰਪੂਰ ਗੁਰੂਬਾਣੀ ਦੀ ਵਿਚਾਰਧਾਰਾ ਅਤੇ ਸਿੱਖ ਧਰਮ ਦੇ ਨਿਆਰੇ ਫਲਸਫੇ ਉੱਤੇ ਬਿੱਪਰ ਸੋਚ, ਸੰਤ ਸਮਾਜ [ਇਹ ਸੰਤ ਸਮਾਜ ਕੀ ਹੈ ? ਕੀ ਸੰਤ ਸਮਾਜੀ ਕਹਾਉਣ ਵਾਲੇ ਸਿੱਖ ਸਮਾਜ (ਸਿੱਖ ਕੌਮ) ਨਾਲ ਸੰਬੰਧਿਤ ਨਹੀਂ ਹਨ ? ਕੌਮੀ ਸਮਾਜ ਇੱਕ ਹੀ ਹੁੰਦਾ ਹੈ, ਇੱਕ ਕੌਮ ਦੇ ਵਿੱਚ ਦੂਸਰਾ ਕੌਮੀ ਸਮਾਜ ਨਹੀਂ ਬਣ ਸਕਦਾ। ਜੋ ਸੰਤ ਸਮਾਜੀ ਕਹਾਉਂਦੇ ਜਾਂ ਕਹਾਉਣਾ ਚਾਹੁੰਦੇ ਹਨ, ਉਹ ਸਿੱਖ ਸਮਾਜ (ਕੌਮ) ਦਾ ਹਿੱਸਾ ਨਹੀਂ ਹੋ ਸਕਦੇ ਕਿਉਂਕਿ ਸਿੱਖ ਸਤਿਗੁਰਾਂ ਨੇ, ਸਿੱਖ ਸਮਾਜ ਤਾਂ ਬਣਾਇਆ ਹੈ, ਸੰਤ ਸਮਾਜ ਬਿਲਕੁਲ ਨਹੀਂ ਬਣਾਇਆ। ਹੋਰਾਂ ਦੀ ਕਮਾਈ ਉੱਤੇ ਪਲਣ ਵਾਲਿਆਂ ਨੂੰ ਤਾਂ ਸਤਿਗੁਰੂ ਜੀ ਨੇ ਬਨਾਰਸ ਕੇ ਠੱਗ ਕਿਹਾ ਹੈ] ਦਾ ਪ੍ਰਭਾਵ ਅਮਰ ਵੇਲ (ਬਿਨ ਜੜ੍ਹ ਹੋਂਦ ਵਿੱਚ ਆਈ ਅਤੇ ਲਪੇਟ ਵਿੱਚ ਆਏ ਰੁੱਖ ਉੱਤੇ ਛਾ ਜਾਣ ਤੇ ਰੁੱਖ ਦਾ ਰਸ ਚੂਸ ਕੇ ਉਸ ਨੂੰ ਸੁਕਾ ਕੇ ਉਸ ਦੇ ਅਸਲ ਪ੍ਰਭਾਵ ਨੂੰ ਖ਼ਤਮ ਕਰ ਦੇਣ ਵਾਲੀ ਵੇਲ) ਬਣ ਕੇ ਫੈਲਿਆ ਹੋਇਆ ਹੈ। ਸਿੱਖ ਕੌਮ ਦੇ ਮਰਕਜ਼ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਹੋਰ ਸਿੱਖ ਇਤਿਹਾਸਕ ਗੁਰਦੁਆਰਿਆਂ ਦੇ ਗ੍ਰੰਥੀ ਇਸ ਅਮਰ ਵੇਲ (ਭਰਮ, ਅੰਧ ਵਿਸ਼ਵਾਸ ਅਤੇ ਕਰਮ ਕਾਂਡ) ਦੇ ਪ੍ਰਭਾਵ ਵਿੱਚ ਪੂਰੀ ਤਰ੍ਹਾਂ ਗ੍ਰਸੇ (ਉਲਝੇ) ਹੋਏ ਹਨ। ਜਿਹੜਾ ਭੀ ਗ੍ਰੰਥੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬੇ ਬੈਠ ਕੇ, ਗੁਰੂ ਗ੍ਰੰਥ ਸਾਹਿਬ ਜੀ ਤੋਂ ਬਾਹਰੀ ਕੋਈ ਭੀ ਰਚਨਾ (ਭਾਵੇ ਉਹ ਰਚਨਾ ਗੁਰੂ ਗੋਬਿੰਦ ਸਿੰਘ ਜੀ ਨਾਲ, ਭਾਈ ਗੁਰਦਾਸ ਜੀ ਜਾਂ ਭਾਈ ਨੰਦ ਲਾਲ ਜੀ ਨਾਲ ਸੰਬੰਧਿਤ ਹੀ ਕਿਉਂ ਨਾ ਹੋਵੇ) ਪੜ੍ਹਦਾ ਹੈ, ਉਸ ਨੂੰ ਗ੍ਰੰਥੀ ਕਹਿਣਾ ਹੀ ਇੱਕ ਭਾਰੀ ਭੁੱਲ ਹੈ। ਇੱਕ ਪੁਰਾਤਨ ਕਥਨ ਹੈ, ਧਰਮਸਾਲ ਦੀਆਂ ਰੋਟੀਆਂ, ਤਿੰਨ ਕੰਮ ਕਰੇਨ। ਹੱਡ ਗਾਲਣ, ਮੱਤ ਮਾਰਨ ਕੰਮ ਕਰਨ ਨਾ ਦੇਣ। ਪੂਜਾ ਦਾ ਧਾਨ ਖਾਣ ਵਾਲੇ ਪ੍ਰਾਣੀ ਦੀ ਜ਼ਮੀਰ ਜਾਣੋ ਮਰ ਹੀ ਜਾਂਦੀ ਹੈ ਤੇ ਉਸ ਦਾ ਸੁਭਾ ਖ਼ੁਸ਼ਾਮਦੀ ਅਤੇ ਲਾਲਚੀ ਹੋ ਜਾਂਦਾ ਹੈ। ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਟੀ.ਵੀ. ਰਾਹੀਂ ਪ੍ਰਸਾਰਨ ਦੇਖਦੇ ਸੁਣਦੇ ਹਾਂ। ਇੱਥੋਂ ਦੇ ਗ੍ਰੰਥੀ ਗੁਰਮਤਿ ਅਨੁਸਾਰੀ ਨਹੀਂ ਮਨਮਤਿ (ਆਪਣੀ ਮਤਿ, ਆਪਣੀ ਮਰਜ਼ੀ ਜਾਂ ਆਪਣੀ ਸੰਸਥਾ, ਕਿਉਂਕਿ ਸਿੱਖ ਸਮਾਜ ਨੂੰ ਤਾਂ ਇਹ ਆਪਣੀ ਸੰਸਥਾ ਸਮਝਦੇ ਹੀ ਨਹੀਂ) ਅਨੁਸਾਰੀ ਹੀ ਸਭ ਕਰਮ ਕਰਦੇ ਹਨ। ਕੀਰਤਨ ਕਰਨ ਵਾਲੀ ਥ੍ਹਾਂ ਬੈਠ ਕੇ, ਭਾਈ ਗੁਰਦਾਸ ਜੀ, ਭਾਈ ਨੰਦ ਲਾਲ ਜੀ ਜਾਂ ਦਸਵੇਂ ਪਾਤਿਸ਼ਾਹ ਜੀ ਦੀਆਂ (ਪੁਜਾਰੀਆਂ ਤੇ ਸੰਤ ਸਮਾਜੀਆਂ ਦੀ ਸੋਚ ਅਨੁਸਾਰੀ) ਰਚਨਾਵਾਂ ਪੜ੍ਹੀਆਂ ਜਾਂ ਕੀਰਤਨ ਕੀਤਾ ਜਾਣਾ ਤਾਂ ਸਿੱਖ ਰਹਿਤ

ਮਰਯਾਦਾ ਹੈ, ਪਰ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬੇ ਬੈਠ ਕੇ ਸਿਰਫ਼ ਤੇ ਸਿਰਫ਼ ਗੁਰੂਬਾਣੀ (ਗੁਰੂ ਗ੍ਰੰਥ ਸਾਹਿਬ ਜੀ ਵਿੱਚ ਪ੍ਰਕਾਸ਼ਮਾਨ) ਹੀ ਪੜ੍ਹੀ ਜਾ ਸਕਦੀ ਹੈ। ਇੱਥੋਂ ਦੇ ਗ੍ਰੰਥੀਆਂ ਨੂੰ ਤਾਂ ਜਿਵੇਂ ਖ਼ਾਸ ਤੌਰ ਤੇ ਪੜ੍ਹਾਇਆ ਅਤੇ ਸਿਖਾਇਆ ਜਾਂਦਾ ਹੋਵੇ ਕਿ ਤੁਸੀਂ, ਸਤਿਗੁਰੂ ਜੀ ਦਾ ਹੁਕਮ ਲੈਣ ਵੇਲੇ, ਮੂਲ ਉਪਦੇਸ਼ ਦੇ ਪਿੱਛੋਂ, **ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥** ਗੁਰੂਬਾਣੀ ਤੋਂ ਬਾਹਰੀ ਇਹ ਛਪੈ ਛੰਦ ਪੜ੍ਹਨਾਂ ਹੀ ਪੜ੍ਹਨਾਂ ਹੈ। ਇਹ ਸਤਿਗੁਰੂ ਜੀ ਦੇ ਨਹੀਂ ਕਮੇਟੀ ਅਹੁਦੇਦਾਰਾਂ ਦੇ ਹੁਕਮੀ ਗੋਲੇ ਜਾਂ ਜੀ ਹਜ਼ੂਰੀਏ ਹਨ। **ਮਾਨੁਖ ਕੀ ਟੇਕ ਬਿਰਥੀ ਸਭ ਜਾਨੁ॥** ਵਾਲੇ ਗੁਰ-ਉਪਦੇਸ਼ ਦੀ ਪ੍ਰਵਾਹ ਨਾ ਕਰਦੇ ਹੋਏ ਇਹ ਸਮੂਹ ਸੇਵਾਦਾਰ, ਮਨੁੱਖ ਦੀ ਟੇਕ (ਕਮੇਟੀ ਪ੍ਰਧਾਨ, ਸੈਕਟਰੀ, ਖਜ਼ਾਨਚੀ ਜਾਂ ਮੈਂਬਰਾਂ ਦੀ ਸ਼ਿਫ਼ਾਰਸ਼) ਉੱਤੇ ਹੀ ਤਾਂ ਰੁਜ਼ਗਾਰ ਪਾਉਂਦੇ ਹਨ। ਸਿੱਖ ਕੌਮ ਵਾਸਤੇ ਸਭ ਤੋਂ ਵੱਡੀ ਨਮੋਸ਼ੀ ਵਾਲੀ ਗੱਲ ਹੀ ਇਹ ਹੈ ਕਿ ਬਹੁ ਗਿਣਤੀ ਗ੍ਰੰਥੀ ਸ਼੍ਰੇਣੀ, ਧਾਰਮਿਕ ਵਿੱਦਿਆ ਕਿਸੇ ਡੇਰੇ ਜਾਂ ਆਪਣੇ ਕਿਸੇ ਪੁਰਖੇ (ਬਜ਼ੁਰਗ, ਸਨਬੰਧੀ) ਤੋਂ ਹੀ ਪੜ੍ਹੇ ਹੋਏ ਹੁੰਦੇ ਹਨ, ਕਿਸੇ ਸਕੂਲ, ਕਾਲਜ ਜਾਂ ਯੂਨੀਵਰਸਿਟੀ ਵਿੱਚੋਂ ਨਹੀਂ। ਸ਼ਬਦ ਗੁਰੂ ਦੇ ਸਿਧਾਂਤ, ਗੁਰਮਤਿ (ਗੁਰੂਬਾਣੀ ਵਿਚਾਰਧਾਰਾ) ਵਾਰੇ ਇਨ੍ਹਾਂ ਦੀ ਜਗਰੂਕਤਾ ਦੇਖ ਸੁਣ ਕੇ ਤਾਂ, ਲੱਜਾ ਨਾਲ ਸਿਰ ਝੁਕ ਜਾਂਦਾ ਹੈ। ਜੇ ਸਿੱਖ ਕੌਮ ਦਾ ਕੋਈ ਸਨਮਾਨਤ ਗ੍ਰੰਥੀ, ਗਿਆਨ ਭਰਪੂਰ ਸਤਿਗੁਰੂ ਜੀ ਦੇ ਦਰਬਾਰ (ਹਜ਼ੂਰੀ) ਵਿੱਚ, ਇੱਕ ਇੱਕ ਪਾਥੀ (ਗੋਹੇ ਦਾ ਬਾਲਣ) ਬਦਲੇ, ਮੁੰਡੇ ਵੰਡਣ ਜਾਂ ਵੇਚਣ ਦੀਆਂ ਗਾਥਾਂ ਸੁਣਾਵੇ, ਉਸ ਨੂੰ ਗੁਰਬਾਣੀ ਵਿਚਾਰਧਾਰਾ (**ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ**॥੪੭੨/੧੯॥) ਵਾਰੇ ਕਿੰਨ੍ਹਾਂ ਕੁ ਗਿਆਨ ਹੋ ਸਕਦਾ ਹੈ। ਜਦ ਕੋਈ ਗ੍ਰੰਥੀ ਸਿੰਘ, ਮਾਹੁ (ਮਹੀਨਾ) ਨੂੰ ਮਾਹੋ, ਰਾਹੁ (ਰਸਤਾ) ਨੂੰ ਰਾਹੋ, ਵਾਹੁ (ਬਲਿਹਾਰ) ਨੂੰ ਵਾਹੋ, ਸਿਆਹੁ (ਕਾਲਾ) ਨੂੰ ਸਿਆਹੋ, ਮੋਹਿ (ਪਿਆਰ) ਨੂੰ ਮੋਹੇ, ਰੋਹਿ (ਗੁੱਸਾ) ਨੂੰ ਰੋਹੇ, ਅਲਹੁ (ਖ਼ੁਦਾ) ਨੂੰ ਅਲਹੋ ਪੜ੍ਹਦਾ ਹੈ ਤਾਂ, ਪੜ੍ਹਨ ਵਾਲੇ ਦੀ ਲਿਆਕਤ ਦੇ ਨਾਲ ਇਹ ਭੀ ਪਤਾ ਲੱਗ ਜਾਂਦਾ ਹੈ ਕਿ ਇਸ ਗ੍ਰੰਥੀ ਨੇ ਕਿਸੇ ਡੇਰੇ ਜਾਂ ਆਪਣੇ ਸਨਬੰਧੀ ਤੋਂ ਹੀ ਪਾਠ ਕਰਨਾ ਸਿੱਖਿਆ ਹੈ। ਕੀ ਇਨ੍ਹਾਂ ਨੇ ਕਦੀ ਭਾਈ ਸਾਹਿਬ ਸਿੰਘ ਜੀ ਦੀ ਲਿਖੀ ਪੁਸਤਕ ਗੁਰਬਾਣੀ ਵਿਆਕਰਣ ਜਾਂ ਭਾਈ ਧੰਨਾਂ ਸਿੰਘ ਜੀ ਦੀ ਪੁਸਤਕ ਗੁਰਬਾਣੀ ਦਾ ਸ਼ੁੱਧ ਉਚਾਰਨ ਦੇਖੀ ਜਾਂ ਪੜ੍ਹੀ ਨਹੀਂ ਹੋਵੇਗੀ ? ਜਰੂਰ ਸੁਣੀਆਂ ਦੇਖੀਆਂ ਜਾਂ ਪੜ੍ਹੀਆਂ ਹੋਣਗੀਆਂ ਪਰ ਇਨ੍ਹਾਂ ਦੇ ਅੰਦਰ ਜੋ ਟਕਸਾਲੀ ਡੇਰਿਆਂ ਤੋਂ ਕੀਤੀ ਪੜ੍ਹਾਈ ਵਾਲਾ ਘੁਮੰਡ ਡੇਰਾ ਲਾਈ ਬੈਠਾ ਹੈ, ਉਹ ਇਨ੍ਹਾਂ ਦੇ ਅੰਦਰ ਗਿਆਨ ਦਾ ਪ੍ਰਕਾਸ਼ ਹੋਣ ਹੀ ਨਹੀਂ ਦਿੰਦਾ। ਇਹੋ ਜਿਹੇ ਸਿੱਖ, ਗੁਰਬਾਣੀ ਦੀ ਮਸ਼ਾਲ ਤਾਂ ਜਰੂਰ ਫੜਦੇ ਹਨ, ਪਰ ਆਪਣੀਆਂ ਅੱਖਾਂ ਮੀਟ ਲੈਂਦੇ ਹਨ ਤਾਂ ਜੋ ਗੁਰਬਾਣੀ ਦਾ ਚਾਨਣ ਇਨ੍ਹਾਂ ਦੀਆਂ ਅੱਖਾਂ ਰਾਹੀਂ ਹਿਰਦੇ ਵਿੱਚ ਪ੍ਰਕਾਸ਼ (ਗਿਆਨ) ਨਾ ਕਰ ਦੇਵੇ। ਸਤਿਗੁਰੂ (ਗੁਰੂ ਗ੍ਰੰਥ ਸਾਹਿਬ ਜੀ) ਦੇ ਦਰਬਾਰ ਵਿੱਚ (ਸਨਮੁਖ ਬੈਠ ਕੇ) ਰਾਗੀ ਸਿੰਘ ਸ਼ਬਦ ਪੜ੍ਹ ਰਹੇ ਸਨ, **ਪ੍ਰਾਣੀ ਏਕੋ ਨਾਮੁ ਧਿਆਵਹੁ॥ ਅਪਨੀ ਪਤਿ ਸੇਤੀ ਘਰਿ ਜਾਵਹੁ**॥੧੨੫੪/੫॥ ਅਤੇ ਕੁੱਝ ਮਿੰਟਾਂ ਬਾਅਦ ਹੀ ਪੜ੍ਹ ਰਹੇ ਸਨ, **ਦੇਹ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨ ਟਰੋਂ**। ਦ: ਗ੍ਰ:, ਪੰਨਾ ੯੯। ਫਿਰ ਗੁਰਸ਼ਬਦ ਪੜ੍ਹਦੇ ਹਨ, **ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ**

ਹੈ ॥੩੫੦/੫॥ ਫਿਰ ਪੜ੍ਹਦੇ ਹਨ, **ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ ॥ ਸੈਫ ਸਰੋਹੀ ਸੈਹਥੀ ਯਹੈ ਹਮਾਰੈ ਪੀਰ** ॥ ਦ: ਗ੍ਰ:, ਪੰਨਾ ੭੧੭॥ **ਜਿਤੇ ਸ਼ਸਤ੍ਰ ਨਾਮੰ ॥ ਨਮਸ਼ਕਾਰ ਤਾਮੰ ॥ ਜਿਤੇ ਅਸਤ੍ਰ ਭੇਯੰ ॥ ਨਮਸ਼ਕਾਰ ਤੇਅੰ** ॥ ਸ: ਗ੍ਰ:, ਪੰਨਾ ੪੫ ॥ ਸੁਣ ਕੇ ਸੋਚ ਰਿਹਾ ਸੀ ਕਿ ਇਹ ਆਪਸ ਵਿਰੋਧੀ ਵਿਚਾਰਧਾਰਕ ਸ਼ਬਦਾਵਲੀ ਗਾਉਣ ਤੇ ਹੋਰਾਂ ਨੂੰ ਸੁਨਾਉਣ ਵਾਲੇ ਜਾਣਦੇ ਸਮਝਦੇ ਭੀ ਹੋਣਗੇ ਕਿ ਇਹ ਕੀ ਗਾ ਰਹੇ ਹਨ ? ਜਰੂਰ ਜਾਣਦੇ ਭੀ ਹਨ ਅਤੇ ਸਮਝਦੇ ਭੀ, ਪਰ ਇੰਨਾਂ ਨੇ ਆਪਣੀ ਜ਼ਮੀਰ, ਆਪਣੀ ਪਤਿ, ਪ੍ਰਬੰਧਕਾਂ (ਅਖੌਤੀ ਜਥੇਦਾਰਾਂ) ਕੋਲ ਗਿਰਵੀ ਰੱਖੀ ਹੋਈ ਹੈ ਅਤੇ ਜਥੇਦਾਰ ਸਿਆਸੀ ਆਗੂਆਂ ਦੇ ਖ਼ੁਸ਼ਾਮਦੀ ਚਾਟੜੇ ਤੇ ਸ਼ਤਰੰਜ਼ੀ ਮੋਹਰੇ (ਕਠਪੁਤਲੀਆਂ) ਹਨ। ਸ਼ਬਦਾਵਲੀ ਗਾ ਕੇ ਹੋਰਾਂ ਨੂੰ ਸੁਨਾਉਣ ਵਾਲਿਓ ਤੁਸੀਂ ਆਪਣੀ ਪਤਿ ਸੇਤੀ ਘਰਿ ਕਿਵੇਂ ਜਾਵੋਗੇ ? ਗੁਰੂ ਦੀ ਤਾਬਿਆ ਬੈਠ ਕੇ ਗੁਰਮਤਿ ਵਿਰੋਧੀ ਗ੍ਰੰਥ ਦੀਆਂ ਰਚਨਾਵਾਂ ਪੜ੍ਹਨ ਵਾਲੇ ਆਪਣੀ ਪਤਿ (ਕਿਹੜੀ ਪਤਿ ਜੋ ਤੁਹਾਡੇ ਆਕਾਵਾਂ ਸਿਆਸੀ ਆਗੂਆਂ ਦੀ ਦੁਬੇਲ ਹੈ ?) ਲੈ ਕੇ ਸੱਚ ਦੇ ਘਰ ਵਿੱਚ ਕਿਵੇਂ ਜਾਣਗੇ ? ਇਹੀ ਰਾਗੀ ਜੈ ਤੇਗੰ ਜੈ ਤੇਗੰ ਕਰਦੇ ਲਾਲ ਪੀਲੇ ਹੁੰਦੇ ਦੇਖੇ ਸੁਣੇ ਜਾ ਸਕਦੇ ਹਨ। ਇਹ ਕਰਤੇ ਦੀ ਕਿਰਤ, ਸ਼ਸ਼ਤਰਾਂ ਦੇ ਪੂਜਾਰੀ, ਗੁਰੂ ਜੀ ਦੇ ਸਨਮੁਖ ਖੜ੍ਹੇ ਹੋ ਕੇ ਪਹਿਲੇ ਭਗਉਤੀ ਨੂੰ ਸਿਮਰਦੇ ਹਨ, ਪਿੱਛੋਂ ਸਿੱਖ ਕੌਮ ਦੇ ਬਾਨੀ ਸਤਿਗੁਰੂ ਨਾਨਕ ਜੀ ਨੂੰ। ਇਸ ਤਰ੍ਹਾਂ ਦੋਹਰੀ ਨੀਤੀ ਅਪਨਾਉਣ ਵਾਲੇ ਕਿਹੜੀ ਪਤਿ ਲੈ ਕੇ ਸਰਬ ਸਿਰਜਣਹਾਰ ਪ੍ਰਭੂ ਦੇ ਸੱਚੇ ਘਰ ਵਿੱਚ ਜਾਣਗੇ ?

ਅਰਦਾਸ ਬੇਨਤੀ ਹੈ ਅਕਾਲ ਪੁਰਖ ਅੱਗੇ ਕਿ ਐਸੇ ਘੁਮੰਡੀ ਗ੍ਰੰਥੀਆਂ ਅਤੇ ਸਿੱਖ ਕੌਮ ਦੇ ਆਗੂਆਂ ਸਮੇਤ ਸਮੂਹ ਸਿੱਖ ਕੌਮ ਨੂੰ ਗੁਰਮਤਿ ਦੀ (ਗੁਰੂਬਾਣੀ ਉਪਦੇਸ਼ ਅਨੁਸਾਰੀ) ਸੁਮਤਿ ਬਖ਼ਸ਼ੇ।

ਮਹਾਂਕਾਲ ਦੇ ਪੂਜਾਰੀਆਂ ਨੂੰ ਕਿਵੇਂ ਸਮਝਾਈਏ ?

ਅਗੱਸਤ ਮਹੀਨੇ, ਸੰਨ 2010 ਨੂੰ ਭਾਰਤ ਤੋਂ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀਆਂ (ਜੋ ਆਪਣੀ ਖ਼ਾਸ ਪਹਿਚਾਣ ਕਰਾਉਣ ਲਈ ਕੋਈ ਜੰਮੂ, ਕੋਈ ਕਸ਼ਮੀਰ, ਕੋਈ ਜਗਾਧਰੀ, ਕੋਈ ਪਟਿਆਲੇ ਆਦਿ ਵਾਲੇ ਲਿਖਦੇ ਹਨ) ਨੇ ਅਸਟ੍ਰੇਲੀਆ ਫੇਰੀ ਦੌਰਾਨ ਆਖ਼ਰੀ ਹਫ਼ਤੇ ਗੁਰਦੁਆਰਾ ਕਰੇਗੀਬਰਨ ਵਿੱਚ ਭੀ ਹਾਜ਼ਰੀ ਭਰੀ। ਐਤਵਾਰ ਸਾਢੇ ਬਾਰਾਂ ਤੋਂ ਡੇੜ ਵਜੇ ਤੱਕ ਸਮਾਂ ਦਿੱਤਾ ਗਿਆ। ਰਾਗੀ ਸਿੰਘਾਂ ਨੇ ਦੁਪਿਹਰ ਦਾ ਰਾਗ ਸਾਰੰਗ ਕਹਿ ਕੇ ਸਾਰੰਗ ਰਾਗ ਦੇ ਸ਼ਬਦ ਨਾਲ ਸ਼ੁਰੂਆਤ ਕੀਤੀ। ਦਰਬਾਰ ਸਾਹਿਬ ਤੋਂ ਟੈਲੀਵੀਜ਼ਨ ਰਾਹੀ ਇਨ੍ਹਾਂ ਨੂੰ ਅਨੇਕ ਵਾਰ ਸੁਣਿਆਂ ਹੋਇਆ ਸੀ। ਉੱਥੇ ਸਪੀਕਰਾਂ ਦੀ ਨੁਮਾਇਸ਼ ਨਹੀਂ ਕੀਤੀ ਜਾਂਦੀ। ਸੰਗੀਤ ਅਤੇ ਗੁਰਬਾਣੀ ਦੇ ਗਾਇਨ ਨੂੰ ਰਸ-ਮਈ ਬਣਾਇਆ ਜਾਂਦਾ ਹੈ, ਇੱਥੇ (ਗੁਰਦੁਆਰਾ ਕਰੇਗੀਬਰਨ ਵਿੱਚ) ਰਾਗੀ ਸਿੰਘ, ਪ੍ਰਬੰਧਕਾਂ ਨੂੰ ਕਹਿ ਕੇ ਸਪੀਕਰਾਂ ਦੀ ਆਵਾਜ਼ ਏਨੀ ਵਧਾ ਲਈ ਜਾਂਦੀ ਹਨ ਕਿ ਸੁਣਨ ਵਾਲੇ ਦੇ ਕੁੱਝ ਪੱਲੇ ਨਾ ਪੈ ਜਾਵੇ। ਗੁਰੂਬਾਣੀ ਸ਼ਬਦ ਕਿਸ ਵੇਲੇ ਸਮਾਪਤ ਹੋਇਆ ਪਤਾ ਹੀ ਨਹੀਂ ਲੱਗਾ। ਜਦ ਜਰਾ ਧਿਆਨ ਦਿੱਤਾ ਤਾਂ ਪੜ੍ਹਿਆ ਜਾ ਰਿਹਾ ਸੀ :

ਅਤ੍ਰ ਕੇ ਚਲਯਾ, ਛਿਤ ਛਤ੍ਰ ਕੇ ਧਰਯਾ,
ਛਤ੍ਰ ਧਾਰੀਯੋ ਕੇ ਛਲਯਾ ਮਹਾ ਸਤ੍ਰਨ ਕੇ ਸਾਲ ਹੈਂ॥
ਦਾਨ ਕੇ ਦਿਵਯਾ, ਮਹਾ ਮਾਨ ਕੇ ਬਢਯਾ,
ਅਵਸਾਨ ਕੇ ਦਵਯਾ ਹੈਂ, ਕਟਯਾ ਜਮਜਾਲ ਹੈਂ॥
ਜੁਧ ਕੇ ਜਿਤਯਾ, ਔ ਬਿਰੁਧ ਕੇ ਮਿਟਯਾ,
ਮਹਾਂ ਬੁਧ ਕੇ ਦਿਵਯਾ, ਮਹਾਂ ਮਾਨ ਹੂੰ ਕੇ ਮਾਨ ਹੈਂ॥
ਗਿਆਨ ਹੂੰ ਕੇ ਗਿਆਤਾ ਮਹਾਂ ਬੁਧਤਾ ਕੇ ਦਾਤਾ ਦੇਵ,
ਕਾਲ ਹੂੰ ਕੇ ਕਾਲ ਮਹਾਂਕਾਲ ਹੂ ਕੇ ਕਾਲ ਹੈਂ॥

(ਅਕਾਲ ਉਸਤਤਿ ਪੰਨਾ ੩੫, ਕਬਿੱਤ ੨੫੩ਵਾਂ)

ਭਾਈ ਜੀ ਪੂਰੇ ਸਰੂਰ ਵਿੱਚ ਆਏ ਜੋਰ ਸ਼ੋਰ ਨਾਲ ਗਾ ਰਹੇ ਸਨ। ਸ਼ਬਦਾਵਲੀ ਤਾਂ ਪੂਰੀ ਤਰ੍ਹਾਂ ਸਮਝ ਨਹੀਂ ਸੀ ਆ ਰਹੀ ਪਰ ਸੋਚ ਵਿੱਚ ਇਹ ਸਵਾਲ ਵਾਰ ਵਾਰ ਆਉਣ ਲੱਗਾ ਕਿ ਅੱਜ ਦੇ ਜਿੰਨ੍ਹੇ ਭੀ ਰਾਗੀ ਹਨ, ਇਹ 1429 ਪੰਨੇ ਦੀ ਗੁਰੂਬਾਣੀ ਨੂੰ ਛੱਡ ਕੇ, ਬਾਹਰੀ ਰਚਨਾਵਾਂ ਨੂੰ ਮਹੱਤਤਾ ਕਿਉਂ ਦਿੰਦੇ ਹਨ ? ਇਸ ਦਾ ਅੰਦਰ ਆਤਮੀ ਜੋ ਉੱਤਰ ਮਿਲਦਾ, ਉਹ ਹੈ ਪੁਰਾਤਨ ਸਿੱਖਾਂ ਦੇ ਤਜ਼ਰਬੇ ਨਾਲ ਹੋਂਦ ਵਿੱਚ ਆਈਆਂ ਤੁਕਾਂ ਜਿਵੇਂ : ਧਰਮਸਾਲ ਦੀਆਂ ਰੋਟੀਆਂ ਤਿੰਨ ਕੰਮ ਕਰੇਨ। ਹੱਡ ਗਾਲਣ ਮੱਤ ਮਾਰਨ ਕੰਮ ਕਰਨ ਨਾ ਦੇਣ। ਅੱਜ ਕੀਰਤਨੀ ਰਾਗੀਆਂ (ਖ਼ਾਸ ਕਰ ਕੇ ਦਰਬਾਰ

ਸਾਹਿਬ ਅੰਮ੍ਰਿਤਸਰ ਦੇ ਜੋ ਟਕਸਾਲਾਂ ਤੋਂ ਸਿੱਖੇ ਹੋਏ ਤੇ ਸੰਤ ਸਮਾਜੀਆਂ) ਦੇ ਕਿਰਦਾਰ ਉੱਤੇ ਤਾਂ ਇਹ ਸ਼ਬਦਾਵਲੀ ਢੁੱਕਦੀ ਹੀ ਹੈ।

ਉਤਲੇ ਕਬਿੱਤ ਵਿੱਚ ਲਫ਼ਜ਼ ਮਹਾਂਕਾਲ ਆਇਆ ਹੈ। ਸਾਧਾਰਨ ਸੋਚ ਨਾਲ ਸਾਨੂੰ ਸਮਝ ਪੈਂਦੀ ਹੈ ਕਿ ਮਹਾਕਾਲ ਦੇ ਭੀ ਕਾਲ ਦੀ ਗੱਲ ਚੱਲ ਰਹੀ ਹੈ। ਇਸ ਲਈ ਸਾਡਾ ਸੋਚਣਾ ਬਣਦਾ ਹੈ ਕਿ ਇਹ ਮਹਾਕਾਲ ਕੀ ਹੈ ? ਕੀ ਗੁਰਮਤਿ ਅਨੁਸਾਰ ਸਿੱਖ ਕੌਮ ਦਾ ਮਹਾਂਕਾਲ ਨਾਲ ਕੋਈ ਸੰਬੰਧ ਹੈ ?

ਗੁਰੂਬਾਣੀ ਦੇ 1429 ਪੰਨਿਆਂ ਉੱਤੇ, ਪ੍ਰਭੂ ਦੇ ਅਨੇਕ ਨਾਵਾਂ ਦੀ ਭਰਮਾਰ ਹੋਣ ਦੇ ਬਾਵਜੂਦ, ਪ੍ਰਭੂ ਲਈ ਮਹਾਕਾਲ ਨਾਮ ਕਿਤੇ ਨਹੀਂ ਵਰਤਿਆ ਗਿਆ। ਗੁਰੂ ਨਾਨਕ ਜੀ ਤੋਂ ਗੁਰੂ ਤੇਗ ਬਹਾਦਰ ਜੀ ਤੱਕ, ਪੰਦਰਾਂ ਭਗਤ ਜਨਾਂ, ਗਿਆਰਾਂ ਭੱਟ ਜਨਾਂ, ਤਿੰਨ ਗੁਰਸਿੱਖਾਂ ਨੇ ਮਹਾਂਕਾਲ ਨੂੰ ਪ੍ਰਭੂ ਕਰ ਕੇ ਨਾ ਹੀ ਮੰਨਿਆ ਤੇ ਨਾ ਹੀ ਲਿਖਿਆ ਹੈ। ਕਿਉਂਕਿ ਪੁਰਾਣਾਂ ਵਿੱਚ ਮਹਾਂਕਾਲ ਦੇ ਰੂਪ ਨੂੰ ਬਹੁਤ ਹੀ ਭਿਅੰਕਰ ਵਰਨਣ ਕੀਤਾ ਹੋਇਆ ਹੈ ਅਤੇ ਇਹ ਵਾਮਮਾਰਗੀਆਂ ਦੇ ਸ਼ਿਵ ਦਾ ਰੂਪ ਹੈ। ਇਸ ਵਾਰੇ ਮਹੰਤ ਗਣੇਸ਼ ਸਿੰਘ ਜੀ ਨੇ ਸੰਨ 1928 ਵਿੱਚ ਇੱਕ ਪੁਸਤਕ ਭਾਰਤ ਮੱਤ ਦਰਪਣ ਛਾਪੀ ਸੀ। ਸੰਨ 1929 ਵਿੱਚ ਇਹ ਪੁਸਤਕ, ਗਿਆਨੀ ਪਾਸ ਕਰਨ ਵਾਲਿਆਂ ਲਈ ਯੂਨੀਵਰਸਿਟੀ ਲਾਹੌਰ ਵਲੋਂ ਇੱਕ ਕੋਰਸ ਸੀ। ਉਸ ਵਿੱਚ ਵਾਮਮਾਰਗੀਆਂ ਦੀ ਇੱਕ ਸ਼ਾਖ ਦਾ ਜ਼ਿਕਰ ਹੈ ਜਿਸ ਦਾ ਨਾਮ ਚੋਲੀ ਮਾਰਗ ਹੈ। ਉਸ ਅਨੁਸਾਰ ਚੋਲੀ ਮਾਰਗੀਏ ਇੱਕ ਥ੍ਹਾਂ ਇਕੱਤ੍ਰ ਹੋ ਕੇ ਸ਼ਰਾਬ ਮਾਸ ਮੱਛੀ ਨਾਲ ਖ਼ੂਬ ਲੇਹੜਦੇ ਹਨ ਫਿਰ ਦੋ ਘੜੇ ਲੈ ਕੇ ਇੱਕ ਵਿੱਚ ਔਰਤ ਪੱਖੀ ਤੇ ਦੂਜੇ ਵਿੱਚ ਮਰਦ ਪੱਖੀ ਨਿਸ਼ਾਨੀਆਂ ਪਾ ਦਿੰਦੇ ਹਨ। ਫਿਰ ਇੱਕ ਇੱਕ ਨਿਸ਼ਾਨੀ ਦੋਵਾਂ ਘੜਿਆਂ ਵਿੱਚੋਂ ਕੱਢੀ ਜਾਂਦੀ ਹੈ। ਜਿਸ ਮਰਦ ਔਰਤ ਦੀਆਂ ਨਿਸ਼ਾਨੀਆਂ ਹੋਣ, ਉਨ੍ਹਾਂ ਨੂੰ ਜੋੜਾ ਬਣਾ ਕੇ ਐਸ਼ ਪ੍ਰਸਤੀ ਦੀ ਖੁੱਲ ਦਿੱਤੀ ਜਾਂਦੀ ਹੈ, ਭਾਵੇ ਭੈਣ ਭਰਾ, ਧੀ ਪਿਉ, ਮਾਂ ਪੁੱਤ ਦੀਆਂ ਨਿਸ਼ਾਨੀਆਂ ਹੀ ਕਿਉਂ ਨਾ ਨਿਕਲ ਆਉਣ। ਸਭ ਰਿਸ਼ਤੇ ਨਾਤ੍ਰੇ ਭੁੱਲ ਕੇ ਪੂਰੀ ਬੇਸ਼ਰਮੀ ਤਹਿਤ ਕੁਕਰਮ ਹੁੰਦੇ ਹਨ। ਸੋ ਐਸਾ ਹੈ ਮਹਾਂਕਾਲ ਜਾਂ ਸ਼ਿਵ ਅਤੇ ਇਸ ਮਹਾਂਕਾਲ ਦੇ ਉਪਾਸ਼ਕ। ਪ੍ਰਿ: ਹਰਭਜਨ ਸਿੰਘ, ਦਸਮ ਗ੍ਰੰਥ ਬਾਰੇ ਚੋਣਵੇਂ ਲੇਖ ਪੰਨਾ 63-64। ਬਿੱਪ੍ਰ ਚਤੁਰਾਈ ਨੇ ਭਾਰਤ ਵਾਸੀਆਂ ਨੂੰ, ਮੂਰਖ ਬਣਾ ਕੇ ਕਿਵੇਂ ਆਪਣੇ ਅਧੀਨ ਕੀਤਾ ਹੋਇਆ ਹੈ, ਇਸ ਸਤਰੰਜੀ ਚਾਲ ਨੂੰ, ਅੱਜ ਦੇ ਡਿਗਰੀਆਂ ਪ੍ਰਾਪਤ ਪ੍ਰਾਣੀ ਭੀ ਸਮਝਣ ਤੋਂ ਅਸਮਰੱਥ ਹਨ। ਬਿੱਪ੍ਰ ਦਾ ਸੰਸਾਰ, ਪ੍ਰਮੁੱਖ ਤਿੰਨ (ਬ੍ਰਹਮਾ, ਵਿਸ਼ਨੂੰ, ਮਹੇਸ਼) ਅਤੇ ਇਨ੍ਹਾਂ ਤਿੰਨਾਂ ਦੀ ਪੈਦਾਇਸ਼ (ਅਨੇਕ) ਦੇਵੀ ਦੇਵਤਿਆਂ ਦੇ ਅਧੀਨ ਹੈ। ਸਮੂਹ ਦੇਵੀ ਦੇਵਤੇ ਮੰਤਰਾਂ ਦੇ ਅਧੀਨ (ਵਿਧੀ ਮੰਤਰਾਂ ਨਾਲ ਖ਼ੁਸ਼ ਕੀਤੇ ਜਾਂ ਵਸ ਕੀਤੇ ਜਾਂ ਸਕਦੇ) ਹਨ ਅਤੇ ਦੇਵਤਿਆਂ ਦੇ ਵਸੀ ਕਰਨ ਮੰਤਰ ਸਿਰਫ਼ ਬਿੱਪ੍ਰ (ਬ੍ਰਾਹਮਣ) ਦੀ ਜਬਾਨ ਉੱਤੇ ਸ਼ਸ਼ੋਭਤ ਹਨ। ਸਮਝ ਸਕੋਗੇ ਐਸੀਆਂ ਗੁਹਜ ਬੁਝਾਰਤੀ ਚਾਲ੍ਹਾਂ ਨੂੰ ? ਕਿਸ ਤਰ੍ਹਾਂ ਬਿੱਪ੍ਰ ਨੇ ਆਪਣੇ ਅਖੌਤੀ ਨਾਰਾਇਣ (ਰੱਬ) ਨੂੰ ਭੀ ਆਪਣੇ ਅਧੀਨ ਕੀਤਾ ਹੋਇਆ ਹੈ।

ਸਾਰਾ ਹਿੰਦੂ ਮੀਡੀਆ ਸਿੱਖਾਂ ਨੂੰ ਸਦਾ ਮੂਰਖ ਬਣਾ ਕੇ ਪੇਸ਼ ਕਰਦਾ ਹੈ ਕਿਉਂ ?

ਕਿਉਂਕਿ ਸਿੱਖ ਹੀ ਐਸੇ ਹਨ ਜੋ ਆਪਣੇ ਗੁਰੂ ਦੇ ਅਸਲ ਉਪਦੇਸ਼ ਦੇ ਕੋਲ ਹੁੰਦਿਆਂ ਹੋਇਆਂ ਭੀ, ਗੁਰ-ਉਪਦੇਸ਼ ਵਿਰੋਧੀ ਲਿਖਤਾਂ ਦੀ ਪਛਾਣ ਕਰਨ ਤੋਂ ਅਸਮਰੱਥ ਹਨ ਅਤੇ ਗੁਰ-ਉਪਦੇਸ਼ ਵਿਰੋਧੀ ਲਿਖਤਾਂ ਨੂੰ ਮੱਲੋ ਮੱਲੀ ਆਪਣੇ ਗਲ ਪਾਈ ਜਾ ਰਹੇ ਹਨ। ਇਸ ਨੂੰ ਮੂਰਖਤਾ ਨਹੀਂ ਤਾ ਹੋਰ ਕੀ ਕਿਹਾ ਜਾ ਸਕਦਾ ਹੈ ? ਹਿੰਦੂ ਮਿਥਿਹਾਸ ਕੋਸ਼ (ਭਾਸ਼ਾ ਵਿਭਾਗ) ਅਨੁਸਾਰ ਮਹਾਂਕਾਲ (ਵਿਨਾਸ਼ਕਾਰੀ, ਪਰਲੈਕਾਰੀ ਰੂਪ) ਸ਼ਿਵ ਜੀ ਦੇ ਹੀ, ਤਿੰਨ ਦਰਜਨਾਂ ਤੋਂ ਵਧੀਕ ਨਾਵਾਂ ਵਿੱਚੋਂ ਇੱਕ ਹੈ। ਸਾਰੇ ਭਾਰਤ ਵਿੱਚ, ਕੇਵਲ ਉਜੈਨ ਵਿਖੇ ਹੀ, ਇੱਕ ਮਹਾਂਕਾਲ ਦਾ ਮੰਦਰ ਹੈ। ਜਿੱਥੇ ਭਿਆਨਕ ਅਤੇ ਘਿਨਾਉਣੀ ਮੂਰਤੀ, ਪੂਜਾ ਲਈ ਸਥਾਪਤ ਕੀਤੀ ਹੋਈ ਹੈ। ਮਹਾਂਕਾਲ ਸ਼ਿਵ ਦਾ ਹੀ ਕਰੋਧਮਈ ਭਿਆਨਕ ਰੂਪ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿੱਚ, ਵਾਹਿਗੁਰੂ ਨੂੰ ਅਕਾਲ ਤਾਂ ਅਨੇਕ ਵਾਰ ਕਿਹਾ ਅਤੇ ਲਿਖਿਆ ਗਿਆ ਹੈ ਪਰ ਪ੍ਰਭੂ ਜਾਂ ਰੱਬ ਲਈ, ਕਾਲ ਸ਼ਬਦ ਜਾਂ ਮਹਾਂਕਾਲ ਬਿਲਕੁਲ ਨਹੀਂ ਲਿਖਿਆ ਗਿਆ। ਸ਼ਾਕਤ ਜਾਂ ਸ਼ਕਤੀ ਦੇ ਪੂਜਾਰੀਆਂ ਦੀਆਂ ਦੋਵੇਂ (ਸੱਜੇ, ਖੱਬੇ ਪੱਖੀ ਵਾਮ ਮਾਰਗੀ) ਸ਼੍ਰੇਣੀਆਂ, ਸ਼ਿਵ ਜੀ ਦੇ ਵਾਂਗ ਹੀ ਮਹਾਂਕਾਲ ਨੂੰ ਭੀ ਉਸੇ ਦਾ ਰੂਪ ਥਾਪ ਕੇ, ਪੂਰਨ ਪਰਮਾਤਮਾ, ਨਿਰੰਕਾਰ, ਮੁਕਤੀ ਦਾਤਾ, ਕਰਤਾ, ਭਰਤਾ ਤੇ ਹਰਤਾ ਮੰਨਦੇ ਹਨ। ਇਸ ਦੀ ਪੁਸ਼ਟੀ ਲਈ, ਨਾ ਕੇਵਲ, ਹਿੰਦੂ ਮਿਥਿਹਾਸ ਕੋਸ਼, ਹੀ ਵਾਚਿਆ ਜਾ ਸਕਦਾ ਹੈ, ਸਗੋਂ ਦਸਮ ਗ੍ਰੰਥ ਦਾ ਅੰਤਲਾ ਤ੍ਰਿਆ ਚਰਿੱਤ੍ਰ 404 ਦੇ ਪਦਾ (ਛੰਦ) 89 ਤੋਂ 100 ਤੱਕ ਬ੍ਰਹਮਾ ਤੇ ਵਿਸ਼ਨੂੰ, ਮਹਾਂਕਾਲ ਨੂੰ ਐਸੇ ਹੀ ਵਿਸ਼ੇਸ਼ਨਾ ਨਾਲ ਸੰਬੋਧਨ ਕਰਦੇ ਹਨ, ਜਿਵੇਂ ਕਿ ਉਹ ਨਿਰੰਕਾਰ ਤੇ ਪੂਰਨ ਪਰਮਾਤਮਾ ਹੋਵੇ। ਦਸਮ ਗ੍ਰੰਥ ਵਾਰੇ ਚੋਣਵੇਂ ਲੇਖ ਪੰਨਾ 60। ਦਸਮ ਗ੍ਰੰਥ ਵਿੱਚ, ਮਹਾਂਕਾਲ ਦੇ 37 ਵੱਖ ਵੱਖ ਨਾਮ ਹਨ ਜਿਵੇਂ ਕਿ : ਕਾਲ, ਗੁਰਦੇਵ, ਪਰਮੇਸੁਰ, ਪਰਮ-ਪੁਰਖ, ਪਾਰਬ੍ਰਹਮ, ਹਰਿ, ਪ੍ਰਭੂ, ਸਰਬਕਾਲ, ਬੇਅੰਤ, ਦੀਨ-ਬੰਧ, ਅਜੋਨ, ਅਲੱਖ, ਆਦਿ ਪੁਰਖ, ਕਾਲ ਪੁਰਖ, ਨਿਰਵੈਰ, ਨਿਰੰਕਾਰ, ਸ੍ਰੀ ਅਸਿਧੁਜ, ਖੜਗਕੇਤ, ਕਲਿ, ਅਸਿਕੇਤ ਆਦਿ।

ਮਹਾਂਕਾਲ ਦੀ ਸ਼ਕਤੀ (ਸ਼ਿਵ ਸ਼ਕਤੀ, ਕਾਲੀ ਦੇਵੀ) ਦੇ 41 ਨਾਵਾਂ ਵਿੱਚੋਂ ਕੁੱਝ : ਚੰਡੀ, ਸ਼ਿਵਾ, ਚੰਡਿਕਾ, ਚੰਡ, ਦੁਰਗਾ, ਖੜਗਪਤੀ, ਕਾਲਕਾ, ਭਦ੍ਰਕਾਲੀ, ਭਵਾਨੀ, ਅੰਬਕਾ, ਮੁੰਡਮਾਲੀ, ਭਗਵਤ, ਅਸਪਾਣੰ, ਭੈਰਵੀ, ਖੜਗਧਾਰ, ਗ਼ਰੀਬ ਨਿਵਾਜ਼, ਜਗਮਾਤ, ਪਾਰਵਤੀ, ਸਾਰਦਾ, ਸਤੀ ਆਦਿ।

ਸੋਚੋ, ਸ਼ਿਵਸ਼ਕਤੀ, ਸ਼ਿਵਲਿੰਗ, ਕਾਲ, ਮਹਾਂਕਾਲ ਆਦਿ ਦਾ ਵੇਦਾਂ ਵਿੱਚ ਕੋਈ ਜ਼ਿਕਰ ਨਹੀਂ, ਇਹ ਬਾਅਦ ਵਿੱਚ ਮਿਥਿਹਾਸਕ ਪੁਰਾਣਾਂ ਤੋਂ ਕਿਵੇਂ ਪੈਦਾ ਹੋ ਗਏ ? ਪੁਰਾਣ ਦਾ ਅਰਥ ਹੈ ਪੁਰਾਣਾ ਜਿਸ ਵਿੱਚ ਪੁਰਾਤਨ ਸਮੇਂ ਦੀਆਂ ਪ੍ਰਾਚੀਨ ਮਿਥਿਹਾਸਕ ਗਾਥਾਵਾਂ ਜਾਂ ਕਹਾਣੀਆਂ ਦਾ ਵਰਨਣ ਕੀਤਾ ਗਿਆ ਹੋਵੇ, ਉਸਨੂੰ ਪੁਰਾਣ ਕਹਿੰਦੇ ਹਨ। ਦਸਮ ਗ੍ਰੰਥ ਵਾਰੇ ਚੋਣਵੇਂ ਲੇਖ, ਪ੍ਰਿ: ਹਰਭਜਨ ਸਿੰਘ ਪੰਨਾ 65।

ਅੱਜ ਟਕਸਾਲਾਂ ਤੇ ਸੰਤ ਸਮਾਜੀ ਡੇਰਿਆਂ ਦੇ ਸਿਖਾਏ (ਰਟਨਈ ਤੋਤੇ) ਆਮ ਕੀਰਤਨੀਏਂ, ਸ਼ਬਦ ਗੁਰੂ ਦੀ ਵਿਚਾਰਧਾਰਾ ਅਤੇ ਗੁਰ ਉਪਦੇਸ਼ ਵਲੋਂ ਅਵੇਸਲੇ ਅਤੇ ਮਾਇਆ ਦੇ ਪੂਜਾਰੀਆਂ ਵਾਲੀ ਰੁਚੀ ਅਪਨਾ ਚੁੱਕੇ ਹਨ। ਰੁਜ਼ਗਾਰ ਅਤੇ ਸ਼ੁਹਰਤ

ਦੀ ਖ਼ਾਤਰ ਇਹ ਆਪਣੀ ਜ਼ਮੀਰ ਜਥੇਦਾਰਾਂ ਤੇ ਪ੍ਰਧਾਨਾਂ ਕੋਲ ਗਿਰਵੀ ਰੱਖ ਚੁੱਕੇ ਹਨ ਇਹ ਰਾਗੀ ਕਥਾਕਾਰ ਪੂਰੀ ਢੀਠਤਾਈ ਨਾਲ ਗੁਰ ਉਪਦੇਸ਼ ਦੀ ਉਲੰਘਣਾ ਕਰਦੇ ਰਤੀ ਭਰ ਨਹੀਂ ਝਿਝਕਦੇ ਸਗੋਂ ਧੌਣ ਨੂੰ ਅਕੜਾ ਕੇ ਪੂਰੇ ਜੋਰ ਨਾਲ ਕਿੱਲ੍ਹ ਕਿੱਲ੍ਹ ਕੇ (ਮਹਾਂਕਾਲ ਕਾਲਕਾ ਆਰਾਧੀ ਜਾਂ ਮਹਾਂਕਾਲ ਰਖਵਾਰ ਹਮਾਰੋ) ਗਾਉਂਦੇ ਲਾਲ ਪੀਲੇ ਹੁੰਦੇ ਅਤੇ ਆਪਣੀ ਹਉਮੈਂ ਦਾ ਇਜ਼ਹਾਰ ਕਰਦੇ ਹਨ। ਜਦ ਕਿ, ਅਖੌਤੀ ਦਸਮ ਗ੍ਰੰਥ ਦਾ ਮਹਾਂਕਾਲ ਭਿਅੰਕਰ ਰੂਪ ਦਾ ਧਾਰਨੀ, ਸ਼ਸ਼ਤਰ ਧਾਰੀ ਅਤੇ ਲੜਾਕੂ ਰਣ ਯੋਧਾ ਹੈ, ਇਸ ਨੂੰ ਕਾਲ ਦਾ ਭੀ ਮਹਾਂਕਾਲ ਕਹਿਣ ਵਾਲੇ, ਸਿੱਖੀ ਪਹਿਰਾਵੇ ਵਿੱਚ ਗੁਰੂਬਾਣੀ ਵਿਚਾਰਧਾਰਾ ਦੇ ਦੁਸ਼ਮਣ ਹੀ ਕਹੇ ਜਾ ਸਕਦੇ ਹਨ। ਸਿੱਖ ਧਰਮ ਦੀ ਕਿਰਤ (ਕੀਰਤਨ ਕਥਾ ਦੇ ਸੌਦੇ ਤੇ ਚੜ੍ਹਾਵੇ) ਨਾਲ ਆਪਣਾ ਕਬੀਲਾ ਪਾਲਣ ਵਾਲੀ ਪੂਜਾਰੀ ਸ਼੍ਰੇਣੀ ਨੇ ਭੀ ਪੂਰੀ ਸ਼ਰਮ ਹਯਾ ਲਾਹ ਕੇ ਅਖ਼ੌਤੀ ਦਸਮ ਗ੍ਰੰਥ (ਜੋ ਇੰਨ੍ਹਾਂ ਦੀਆਂ ਨਸ਼ਈ ਤੇ ਹਿਰਸੀ ਲੋੜਾਂ ਦੀ ਪੂਰਤੀ ਕਰਦਾ ਹੈ) ਨੂੰ ਅਪਨਾ ਲਿਆ ਹੈ। ਜਿਸ ਗੁਰੂ ਘਰ ਦੀਆਂ ਪ੍ਰਬੰਧਕ ਕਮੇਟੀਆਂ ਬਿਨ ਪੜਚੋਲ ਐਸੇ ਗਾਇਕਾਂ ਨੂੰ ਗੁਰੂ ਘਰ ਦੀ ਸਟੇਜ਼ ਉੱਤੇ ਨਿਵਾਜਦੀਆਂ ਹਨ, ਉਹ ਗੁਰੂ ਅਤੇ ਸਿੱਖ ਕੌਮ ਦੀ ਗੁਰਮਤਿ ਵਿਚਾਰਧਾਰਾ ਦੀਆਂ ਗੁਨਾਹਗਾਰ ਬਣਦੀਆਂ ਹਨ। ਇਹ ਇੱਕ ਅਟੱਲ ਸੱਚ ਹੈ ਕਿ ਜਿੰਨਾਂ ਚਿਰ ਸਿੱਖ ਕੌਮ, ਸੰਤ ਸਮਾਜ ਦਾ ਪੂਰਨ ਤੌਰ ਤੇ ਬਾਈਕਾਟ ਨਹੀਂ ਕਰਦੀ, ਕੌਮ ਵਿੱਚੋਂ ਵਿਵਾਦੀ ਮਸਲੇ ਹੱਲ ਹੋ ਹੀ ਨਹੀਂ ਸਕਦੇ। **ਦੇਹਿ ਸਿਵਾ ਬਰਿ ਮੋਹਿ ਇਹੈ** ਜਾਂ **ਹੇ ਰਵਿ ਹੇ ਸਸਿ ਹੇ ਕਰੁਨਾਨਿਧ** ਗਾਉਣ ਵਾਲਿਆਂ ਨੂੰ ਭੀ, ਵਿਚਾਰ ਤਹਿਤ ਵਰਜਿਆ ਨਹੀਂ ਜਾਂਦਾ ਇਹ ਭੀ ਆਪਣੀ ਆਦਤ ਤੋਂ ਮਜਬੂਰ ਰਹਿਣਗੇ, ਕਿਉਂਕਿ (ਸੰਤ ਸਮਾਜੀ ਡੇਰਿਆਂ ਵਿੱਚ) ਇੰਨਾਂ ਨੂੰ ਤਾਂ ਪੜ੍ਹਾਇਆ ਸਿਖਾਇਆ ਹੀ ਗੁਰਮਤਿ ਵਿਰੋਧੀ ਜਾਂਦਾ ਹੈ। ਫਿਰ ਇਹ ਗੁਰਮਤਿ ਦੀ ਗੱਲ ਕਿਵੇਂ ਕਰਨਗੇ ? ਡੇਰੇਦਾਰਾਂ ਦੇ ਚਾਟੜੇ ਸ਼ਬਦ ਗੁਰੂ ਦੀ ਵਿਚਾਰਧਾਰਾ ਵਾਰੇ ਜਾਂ ਤਾਂ ਪੂਰਨ ਤੌਰ ਤੇ ਅਨਜਾਣ ਹਨ ਜਾਂ ਫਿਰ ਸ਼ਬਦ ਗੁਰੂ ਵਿਚਾਰਧਾਰਾ ਦੇ ਪੂਰਨ ਵਿਰੋਧੀ। ਫ਼ੈਸਲਾ ਸਿੱਖ ਅਖਵਾਉਣ ਵਾਲਿਆਂ ਨੇ ਕਰਨਾ ਹੈ ਕਿ ਅਸੀਂ ਆਪਣੇ ਸ਼ਬਦ ਗੁਰੂ (ਗੁਰੂ ਗ੍ਰੰਥ ਸਾਹਿਬ) ਜੀ ਦਾ ਉਪਦੇਸ਼ ਕਬੂਲਣਾ ਹੈ ਜਾਂ ਗੁਰਮਤਿ ਵਿਰੋਧੀ ਸੋਚ (ਸੰਤ ਸਮਾਜੀਆਂ) ਦੇ ਦੁਬੇਲ ਬਣਕੇ ਸ਼ਬਦ ਗੁਰੂ ਦੀ ਵਿਚਾਰਧਾਰਾ ਨੂੰ ਗੰਧਲਾ ਕਰਨ ਦੇ ਗੁਨਾਹਗਾਰ ਬਣਨਾ ਹੈ।

ਗੁਰੂ ਬਾਣੀ ਜੀ ਕੀ (ਕਿਸੇ ਸਰੀਰਕ ਨਾਮ ਦੀ) ਕਿਉਂ ?

ਇਹ ਭੀ ਬਹੁਤ ਹੀ ਧੀਰਜ ਨਾਲ (ਸਹਿਜ ਬੁੱਧ ਦੇ) ਵਿਚਾਰਨ ਵਾਲਾ, ਗਿਆਨ ਅਤੇ ਰਹੱਸਮਈ ਨੁਕਤਾ ਹੈ। ਸਮੂਹ ਗੁਰਬਾਣੀ ਵਿੱਚ ਇਹ ਕਿਤੇ ਨਹੀਂ ਲਿਖਿਆ ਗਿਆ, ਬਾਣੀ ਨਾਨਕ ਜੀ ਕੀ। ਬਾਣੀ ਅਰਜਨ ਜੀ ਕੀ ਜਾਂ ਬਾਣੀ ਤੇਗ ਬਹਾਦਰ ਜੀ ਕੀ। ਛੇ ਸਤਿਗੁਰਾਂ ਵਾਸਤੇ ਸਿਰਫ਼ ਮਹਲਾ (ਗਿਆਨ ਗੁਰੂ ਜੋਤਿ ਦੇ ਟਿਕਾਉ ਵਾਲਾ ਹਿਰਦਾ, ਮਹਲਾ ਪਹਿਲਾ ੧, ਮਹਲਾ ਤੀਜਾ ੩, ਮਹਲਾ ਪੰਜਵਾ ੫ ਤੇ ਮਹਲਾ ੯) ਸ਼ਬਦ ਹੀ ਵਰਤਿਆ ਹੈ। ਅੱਜ ਸਿੱਖ ਅਖਾਉਣ ਵਾਲੇ ਕੀਰਤਨੀਏਂ ਤੇ ਕਥਾਕਾਰ ਗੁਰਮਤਿ ਵਿਚਾਰਧਾਰਾ ਨੂੰ ਨਾ ਸਮਝਦੇ ਹੋਏ ਜਾਂ ਜਾਣ ਬੁੱਝ ਕੇ ਗੁਰਮਤਿ ਵਿਚਾਰਧਾਰਾ ਦੀ ਉਲੰਘਣਾ ਕਰਦੇ ਹੋਏ ਹਰ ਗੁਰਬਾਣੀ ਸ਼ਬਦ ਨੂੰ (ਮਹਲਾ ਦੇ ਅੱਗੇ ਲੱਗੇ ਹਿੰਦਸੇ ੧, ੨, ੩, ੪, ੫, ੯ ਅਨੁਸਾਰ) ਕਿਸੇ ਸਰੀਰਕ ਨਾਮ ਨਾਲ ਜੋੜ ਕੇ ਆਪਣੀ ਵਿਦਵਤਾ ਦਾ ਇਜ਼ਹਾਰ ਕਰਦੇ ਹਨ। ਮਨ ਇਕਾਗਰ ਕਰ ਕੇ ਸਮਝਣ ਦੀ ਕੋਸ਼ਿਸ਼ ਕਰੀਏ। ਜਦ ਸਤਿਗੁਰੂ ਜੀ ਹੋਰ ਮਹਾਂਪੁਰਖਾਂ ਰਾਹੀਂ ਪ੍ਰਗਟ ਹੋਈ ਬਾਣੀ ਗੁਰ ਸਾਗਰ (**ਗੁਰ ਸਾਗਰ ਪੂਰਾ ਭੰਡਾਰ ॥ ਊਤਮ ਰਤਨ ਜਵਾਹਰ ਅਪਾਰ ॥**੩੬੩/੧੮॥ ਪੋਥੀ, ਗੁਰੂ ਗ੍ਰੰਥ ਜੀ) ਵਿੱਚ ਪ੍ਰਕਾਸ਼ਮਾਨ ਕਰਨ ਲੱਗੇ ਤਦ ਉਨ੍ਹਾਂ ਸਰੀਰਾਂ ਦੇ ਨਾਮ ਲਿਖੇ ਹਨ। ਗੁਰੂ ਗ੍ਰੰਥ ਸਾਹਿਬ ਜੀ ਵਿੱਚ, ਭਗਤਾਂ, ਭੱਟਾਂ ਤੇ ਗੁਰਸਿੱਖਾਂ ਦੇ ਨਾਮ ਹੇਠ ਬਾਣੀ (ਜੀ ਕੀ) ਲਿਖਣ (ਬਾਣੀ ਭਗਤ ਕਬੀਰ ਜੀ ਕੀ ਪੰਨਾ ੬੫੪। ਬਾਣੀ ਭਗਤ ਰਵਿਦਾਸ ਜੀ ਕੀ ਪੰਨਾ ੬੫੭। ਬਾਣੀ ਭਗਤ ਬੇਣੀ ਜੀਉ ਕੀ ਪੰਨਾ ੯੩। ਬਾਣੀ ਸ੍ਰੀ ਨਾਮਦੇਉ ਜੀ ਕੀ ਪੰਨਾ ੪੮੫ ਆਦਿ) ਦੇ ਭੇਦ ਨੂੰ ਗੁਰਮੁਖ ਸੋਚਣੀ ਨਾਲ ਹੀ ਸਮਝਿਆ ਜਾ ਸਕਦਾ ਹੈ। ਅਸਲ ਭੇਦ ਸੀ, ਪ੍ਰਚਲਿਤ ਵਰਣ ਵੰਡ ਉੱਪਰ ਇੱਕ ਕਰਾਰੀ ਚੋਟ। ਭਾਵੇਂ ਸਤਿਗੁਰਾਂ ਰਾਹੀਂ ਪ੍ਰਗਟ ਹੋਈ ਬਾਣੀ, ਵਰਣ ਵੰਡ ਦਾ ਪੂਰਨ ਖੰਡਨ ਕਰਦੀ ਹੈ, ਪਰ ਸਿੱਖ ਸਤਿਗੁਰਾਂ ਦੇ ਆਪਣੇ ਜਨਮ ਤਾਂ ਅਖੌਤੀ ਵਰਣ ਵੰਡ ਵਿੱਚ ਉੱਚੀ, ਨੰਬਰ ਦੋ ਸ਼੍ਰੇਣੀ ਵਿੱਚ ਹੀ ਹੋਏ ਸਨ। ਪ੍ਰਚਲਿਤ ਅਤੇ ਅਖਾਉਤੀ ਵਰਣ ਵੰਡ ਦੇ ਅਸਰ ਅਧੀਨ, ਸਿੱਖ ਕੌਮ ਮੁੜ ਉਸ ਜਾਤ ਪਾਤ, ਊਚ ਨੀਚ ਦੀ ਜਿੱਲਣ ਵਿੱਚ ਨਾ ਜਾ ਫਸੇ, ਜਿਸ ਵਿੱਚੋਂ ਸਤਿਗੁਰਾਂ ਨੇ ਇਸ ਇਨਸਾਨ ਨੂੰ ਕੱਢਣ ਦੀ, ਹਰ ਪੱਖੋਂ ਕੋਸ਼ਿਸ਼ ਕੀਤੀ ਜਾਂ ਸਿੱਖ ਕੌਮ ਦਾ ਕੋਈ ਇੱਕ ਫ਼ਿਰਕਾ ਹੀ, ਗੁਰੂ ਗ੍ਰੰਥ ਸਾਹਿਬ ਜੀ ਉੱਪਰ ਆਪਣਾ ਹੱਕ ਜਿਤਲਾਉਣ ਦੀ ਕੋਸ਼ਿਸ਼ ਨਾ ਕਰੇ। ਸੋ ਉਨ੍ਹਾਂ ਬਿਪ੍ਰ ਸੋਚ, ਸ਼੍ਰੇਣੀ ਨੰਬਰ ਇੱਕ ਦੇ, ਰਾਮਾ ਨੰਦ ਅਤੇ ਜੈ ਦੇਵ ਜੀ। ਸ਼੍ਰੇਣੀ ਦੋ ਦੇ ਗੁਰੂ ਸਾਹਿਬਾਨ ਅਤੇ ਸ਼੍ਰੇਣੀ ਤਿੰਨ ਚਾਰ ਦੇ, ਕਬੀਰ ਜੀ, ਰਵਿਦਾਸ ਜੀ, ਨਾਮਦੇਵ

ਜੀ, ਫ਼ਰੀਦ ਜੀ, ਧੰਨਾਂ ਜੀ, ਸੱਤਾ ਤੇ ਬਲਵੰਡ ਜੀ ਆਦਿ ਦੇ ਨਾਵਾਂ ਹੇਠ ਬਾਣੀ ਦਰਜ਼ ਕਰ ਕੇ, ਵਰਣ ਵੰਡ ਦੀ ਖੰਡਨਾ, ਵਰਣ ਵੰਡ ਦੀ ਵਿਰੋਧਤਾ ਉੱਪਰ, ਇੱਕ ਪੱਕੀ ਮੋਹਰ ਲਾ ਕੇ ਇਹ ਸਾਬਤ ਕਰ ਦਿੱਤਾ ਕਿ ਵਰਣ ਵੰਡ (ਊਚ, ਨੀਚ ਦਾ ਭੇਦ ਭਾਵ) ਪ੍ਰਭੂ ਦੇ ਹੁਕਮ (**ਸਭੁ ਕੋ ਆਸੈ ਤੇਰੀ ਬੈਠਾ॥ ਘਟ ਘਟ ਅੰਤਰਿ ਤੂੰਹੈ ਵੁਠਾ॥ ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ** ॥੯੭/੯॥) ਦੀ ਉਲੰਘਣਾ ਕਰਨ ਵਾਲੀ ਅਗਿਆਨੀ ਜਾਂ ਸ਼ੈਤਾਨੀ ਸੋਚ ਦੀ ਕਾਢ ਹੈ। ਇੱਕ ਹੋਰ ਸਚਿਆਰੀ ਤੇ ਸਦੀਵੀ ਸੋਚ ਕਿ ਕਦੀ ਕੋਈ ਅਗਿਆਨੀ ਫ਼ਿਰਕਾ ਜਾਂ ਸਿੱਖੀ ਵਿਚਾਰਧਾਰਾ ਦੀ ਵਿਰੋਧੀ ਲਾਬੀ, ਕੋਈ ਐਸੀਆਂ ਮਨਘੜਤ ਕਹਾਣੀਆਂ ਨਾ ਬਣਾ ਦੇਵੇ ਕਿ ਸਿੱਖ ਸਤਿਗੁਰਾਂ ਨੇ, ਭਗਤ ਜਨਾਂ ਨੂੰ ਸੰਬੋਧਨ ਕਰ ਕੇ, ਇਹ ਬਾਣੀ ਆਪ ਹੀ ਉਚਾਰੀ ਸੀ। ਇਸ ਮੱਕਾਰੀ ਸੋਚ ਦਾ ਮੂੰਹ, ਇਹ (ਜੀ ਕੀ) ਲਿਖਕੇ, ਸਦਾ ਲਈ ਬੰਦ ਕਰ ਦਿੱਤਾ ਹੈ। ਇੱਕ ਵਿਚਾਰ ਹੋਰ ਆਪ ਜੀ ਨਾਲ ਸਾਂਝਾ ਕਰਨਾ ਚਾਹੁੰਦਾ ਹਾਂ। ਸਮੂਹ ਪੈਂਤੀ ਪਵਿੱਤਰ ਹਿਰਦਿਆਂ ਰਾਹੀਂ ਪ੍ਰਗਟ ਹੋਈ ਸਤਿਕਾਰਤ ਬਾਣੀ, ਇੱਕ ਸੁਜਿਲਦ ਵਿੱਚ ਪ੍ਰਕਾਸ਼ਮਾਨ ਹੋ ਕੇ, ਸਿੱਖ ਕੌਮ ਦੇ ਗੁਰੂ ਦੀ ਗੱਦੀ ਉਪੱਰ ਸੁਭਾਇਮਾਨ, ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ਼, **ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ** ॥ ਪੰਨਾ ਇੱਕ ਤੋਂ, **ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ** ॥ ਪੰਨਾ 1429 ਤੱਕ, ਸਮੂਹ ਬਚਨ ਗੁਰੂ ਜੀ ਦੇ ਹਨ। ਇਨ੍ਹਾਂ ਨੂੰ ਕਿਸੇ ਨਾਮ ਦੇ ਨਾਲ ਨਹੀਂ ਜੋੜਨਾ ਚਾਹੀਦਾ। ਜਿੱਥੇ ਜਿਸ ਪ੍ਰਾਣੀ ਸਰੀਰ ਦਾ ਨਾਮ ਆਉਂਦਾ ਭੀ ਹੈ, ਉਸਨੂੰ ਸਿਰਫ਼ ਉਸ ਸਰੀਰ ਉੱਤੇ ਹੋਈ ਪ੍ਰਭੂ ਬਖ਼ਸ਼ਿਸ਼ ਦਾ ਸਰੋਤ ਹੀ ਸਮਝਿਆ ਜਾਵੇ। ਇੱਕ ਹੋਰ ਅਹਿਮ ਤੇ ਅਟੱਲ ਸੱਚ ਇਹ ਹੈ ਕਿ, ਗੁਰਮਤਿ ਵਿਚਾਰਧਾਰਾ ਸਿਰਫ਼ ਸ਼ਬਦ ਨੂੰ ਗੁਰੂ (**ਸਬਦੁ ਗੁਰੂ ਸੁਰਤਿ ਧੁਨਿ ਚੇਲਾ** ॥੯੪੩/੧॥) ਮੰਨਦੀ ਅਤੇ ਪ੍ਰਵਾਨਦੀ ਹੈ। ਸਰੀਰ ਨੂੰ ਨਹੀਂ। ਉਦਾਹਰਨ ਤਹਿਤ ਸਮਝਣ ਦੀ ਕੋਸ਼ਿਸ਼ ਕਰੀਏ, ਅਕਾਲ ਪੁਰਖ ਦੇ ਹੁਕਮ ਵਿੱਚ ਮੀਂਹ (**ਮੀਹੁ ਪਇਆ ਪਰਮੇਸਰਿ ਪਾਇਆ** ॥੧੦੫/੧੭॥) ਵਰਸਦਾ ਹੈ। ਨਿਵਾਣਾਂ ਵਲ ਵੱਗਦਾ ਪਾਣੀ, ਨਾਲੇ ਨਦੀਆਂ ਦਰਿਆਵਾਂ ਦਾ ਰੂਪ ਲੈ ਲੈਂਦਾ ਹੈ। ਪ੍ਰਾਣੀ ਨੇ ਸੰਸਾਰ ਵਿੱਚ ਵੱਗਦੇ ਨਾਲੇ ਨਦੀਆਂ ਦਰਿਆਵਾਂ ਦੇ ਨਾਮ (ਸਤਲੁਜ, ਬਿਆਸ, ਰਾਵੀ, ਝਨਾਬ, ਗੰਗਾ, ਜਮੁਨਾ ਆਦਿ) ਰੱਖੇ ਹੋਏ ਹਨ। ਪਾਣੀ ਦਾ ਮੂਲ ਸਾਗਰ ਹੈ। ਜਦ ਇਹ ਸਮੂਹ ਵੱਗਦੇ ਨਾਲੇ ਨਦੀਆਂ ਦਰਿਆ, ਸਾਗਰ ਨਾਲ ਮਿਲਦੇ ਹਨ, ਤਦ ਆਪਣਾ ਭੀ ਸਾਗਰ ਵਿੱਚ ਹੀ ਮਿਲਾ ਦਿੰਦੇ ਹਨ। ਜੇ ਕਰ ਕੋਈ ਪ੍ਰਾਣੀ, ਸਾਗਰ ਦੇ ਪਾਣੀ ਦਾ ਬੁੱਕ ਭਰ ਕੇ ਇਹ ਕਹੇ, ਕਿ ਇਹ ਸਤਲੁਜ ਬਿਆਸ ਰਾਵੀ ਜਾਂ ਗੰਗਾ ਦਾ ਪਾਣੀ ਹੈ ਤਾਂ ਇਹ ਅਗਿਆਨਤਾ ਦਾ ਇਜ਼ਹਾਰ ਹੀ ਹੋਵੇਗਾ। ਇਸੇ ਤਰ੍ਹਾਂ, ਵਿਰਲੇ ਕੇਈ ਕੇਇ ਪਵਿੱਤਰ ਹਿਰਦਿਆਂ ਉੱਤੇ, ਰੱਬੀ ਰਹਿਮਤ ਦੀ ਬਰਖਾ ਹੋਈ। ਪਵਿੱਤਰ ਸੋਚ ਮੰਡਲ ਵਿੱਚੋਂ, ਬ੍ਰਹਮ ਵਿਚਾਰ ਬਾਣੀ ਦੇ ਚਸ਼ਮੇਂ ਵਹਿ ਤੁਰੇ। ਇਨ੍ਹਾਂ ਚਸ਼ਮਿਆਂ ਦੇ ਨਾਮ ਸਨ (ਮਹਲਾ ੧, ਮਹਲਾ ੨, ਮਹਲਾ ੩, ਮਹਲਾ ਚੌਥਾ, ਮਹਲਾ ੫, ਮਹਲਾ ੯। ਕਬੀਰ ਜੀ, ਨਾਮਦੇਵ ਜੀ, ਰਵਿਦਾਸ ਜੀ, ਰਾਮਾਨੰਦ ਜੀ, ਜੈ ਦੇਵ ਜੀ, ਤ੍ਰਿਲੋਚਨ ਜੀ, ਧੰਨਾ ਜੀ, ਸੈਣ ਜੀ, ਪੀਪਾ ਜੀ, ਭੀਖਨ ਜੀ, ਸਧਨਾ ਜੀ, ਪਰਮਾਨੰਦ

ਜੀ, ਸੂਰਦਾਸ ਜੀ, ਬੇਣੀ ਜੀ, ਫ਼ਰੀਦ ਜੀ, ਕਲਸਹਾਰ ਜੀ, ਜਾਲਪ ਜੀ, ਕੀਰਤ ਜੀ, ਭਿਖਾ ਜੀ, ਸਲ੍ਹ ਜੀ, ਭਲ੍ਹ ਜੀ, ਨਲ੍ਹ ਜੀ, ਗਯੰਦ ਜੀ, ਮਥੁਰਾ ਜੀ, ਬਲ੍ਹ ਜੀ, ਹਰਿਬੰਸ ਜੀ, ਭਾਈ ਸੱਤਾ ਜੀ, ਬਲਵੰਡ ਜੀ, ਬਾਬਾ ਸੁੰਦਰ ਜੀ। ਅਕਾਲ ਪੁਰਖੁ ਦੇ ਗਿਆਨ ਉਪਦੇਸ਼ ਨੂੰ, ਸੰਸਾਰ ਤੱਕ ਪਹੁੰਚਦਾ ਕਰਨ ਲਈ ਇਹ ਸਰੀਰ ਰੱਬੀ ਰਹਿਮਤ ਦਾ ਸਾਧਨ ਬਣੇ) ਇਹ ਸਮੂਹ, ਇੱਕ ਵਿਚਾਰਧਾਰਕ ਚਸ਼ਮੇਂ, ਜਦ ਆਪਣੀ ਅਸਲ ਮੰਜ਼ਲ ਤੇ ਪਹੁੰਚ ਕੇ, ਅਨੇਕ ਤੋਂ ਇੱਕ ਵਿੱਚ ਪ੍ਰਵੇਸ਼ ਹੋਏ, ਤਦਹੋਂ ਇਸ ਇੱਕ ਦਾ ਸੰਪੂਰਨ ਨਾਮ ਗੁਰੂਬਾਣੀ, ਗੁਰੂ ਗ੍ਰੰਥ ਸਾਹਿਬ (**ਗੁਰੁ ਸਾਗਰੁ ਪੂਰਾ ਭੰਡਾਰ** ॥੩੬੩/੧੯॥) ਹੋ ਗਿਆ। ਗੁਰੂ ਗ੍ਰੰਥ ਸਾਹਿਬ ਜੀ ਵਿੱਚ ਪ੍ਰਕਾਸ਼ਮਾਨ ਸਮੂਹ ਬਚਨ, ਗੁਰੂ ਬਾਣੀ ਦੇ ਬਚਨ ਹਨ, ਗੁਰੂ ਗ੍ਰੰਥ ਸਾਹਿਬ ਜੀ ਦੇ ਬਚਨ ਹਨ। ਇਨ੍ਹਾਂ ਗੁਰੂ ਬਚਨਾ ਨੂੰ, ਵੱਖ ਵੱਖ ਸਰੀਰਾਂ ਦੇ ਨਾਮ ਲੈ ਲੈ ਕੇ ਵੰਡਣਾ ਸ਼ੋਭਾ ਨਹੀਂ ਦਿੰਦਾ। ਧੁਰ ਕੀ ਬਾਣੀ, ਸਮੂਹ ਮਨੁੱਖਤਾ ਲਈ ਗਿਆਨ ਉਪਦੇਸ਼ ਹੈ। ਇਸ ਸਮੂਹ ਬਾਣੀ ਨੂੰ, ਸਿੱਖ ਕੌਮ ਦੀ, ਗੁਰਤਾ ਵਾਲੀ ਗੱਦੀ ਭੀ ਪ੍ਰਾਪਤ ਹੈ। ਇਸ ਕਰ ਕੇ ਇਹ ਸਮੂਹ ਉਪਦੇਸ਼ ਸਿੱਖ ਕੌਮ ਲਈ ਗੁਰੂ ਬਾਣੀ ਹੈ। ਗਿਆਨ ਗੁਰੂ ਇੱਕ ਹੀ (**ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥ ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ** ॥੬੪੬/੮॥) ਹੁੰਦਾ ਹੈ।

ਬਾਣੀ ਵਿੱਚ ਕਿਸੇ ਸਰੀਰ ਨੇ ਇਹ ਦਾਅਵਾ ਨਹੀਂ ਕੀਤਾ ਕਿ ਇਹ ਮੇਰੀ ਬਾਣੀ ਹੈ। ਬਾਣੀ ਰੱਬੀ ਹੁਕਮ ਹੈ, ਤੇ ਕਿਸੇ ਸਰੀਰ ਨੂੰ, ਰੱਬੀ ਹੁਕਮ ਹੁੰਦਾ ਹੈ ਕਿ ਤੂੰ ਇਉਂ ਕਹਿ ਜਾਂ ਇਉਂ ਆਖ। ਕੁੱਝ ਪ੍ਰਮਾਣ:

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥੭੨੨/੧੬॥
ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭ ਹੁਕਮਾਉ ਜੀਉ ॥੭੬੩/੬॥
ਬੇਸੁਮਾਰ ਅਥਾਹ ਅਗਨਤ ਅਤੋਲੈ ॥
ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ ॥੨੯੨/੬॥
ਜਿਉ ਬੋਲਾਏ ਤਿਉ ਬੋਲੀਐ ਜਾ ਆਪ ਬੁਲਾਏ ਸੋਇ ॥
ਗੁਰਮੁਖਿ ਬਾਣੀ ਬ੍ਰਹਮ ਹੈ ਸਬਦਿ ਮਿਲਾਵਾ ਹੋਇ ॥੩੯/੪॥
ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ
ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ ॥੩੦੮/੫॥

ਸੋ ਇਹ ਸਮੂਹ ਗੁਰਬਾਣੀ ਧੁਰ ਕੀ ਬਾਣੀ ਹੈ, ਰੱਬੀ ਹੁਕਮ ਹੈ, **ਜੋ ਪੋਥੀ ਪਰਮੇਸਰ ਕਾ ਥਾਨੁ** ॥੧੨੨੬/੩॥ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਪ੍ਰਕਾਸ਼ ਮਾਨ ਹੈ। ਸਮੂਹ ਗੁਰਬਾਣੀ ਸਿੱਖ ਕੌਮ ਲਈ, ਗੁਰੂ ਗ੍ਰੰਥ ਸਾਹਿਬ ਜੀ ਦੇ ਬਚਨ ਹਨ। ਸ਼ਬਦ ਗੁਰੂ ਦੀ ਵਿਚਾਰਧਾਰਾ ਨੂੰ ਸਮਝੀਏ, ਅਪਨਾਈਏ ਅਤੇ ਗੁਰੂ ਜੀ ਦੇ ਹੁਕਮੀ ਸਿੱਖ ਹੋਣ ਦਾ ਮਾਣ ਮਹਿਸੂਸ ਕਰੀਏ।

ਸਿੱਖੀ ਥੱਲੇ ਲਾ ਦਿੱਤੀ

ਬਾਬੇ ਨਾਨਕ ਨੇ ਜੋ ਸਿੱਖੀ ਪੰਥ ਚਲਾਇਆ ਸੀ।
ਨਾਮ ਜਪੀਂ, ਕਰ ਕਿਰਤ ਵੰਡ ਛਕੀਂ ਪਾਠ ਪੜ੍ਹਾਇਆ ਸੀ।
ਨਿਆਰੇ ਪਨ ਦੀ ਸਿੱਖ ਸਰੀਰੀਂ ਮੋਹਰ ਲਗਾ ਦਿੱਤੀ।
ਲੀਡਰ ਸ਼ੁਹਰਤ ਭੁੱਖਿਆਂ ਸਿੱਖੀ ਥੱਲੇ ਲਾ ਦਿੱਤੀ।

ਦੋ ਸੌ ਉਨਤਾਲੀ ਸਾਲਾਂ ਦੀ ਘਾਲ ਕਮਾਈ ਜੋ।
ਜੀਣੇ ਦੀ ਮਾਨੁੱਖ ਨੂੰ ਅਸਲੀ ਜਾਚ ਸਿਖਾਈ ਜੋ।
ਵਿੱਚ ਲਾਲਚ ਦੇ ਆ ਕਈਆਂ ਉਹ ਜਾਚ ਭੁਲਾ ਦਿੱਤੀ।
ਲੀਡਰ ਕੌਮ ਗ਼ਦਾਰਾਂ ਸਿੱਖੀ ਥੱਲੇ ਲਾ ਦਿੱਤੀ।

ਜਾਤ ਪਾਤ ਨੂੰ ਭੁੱਲਕੇ ਸੀ ਸਿੱਖ ਕੌਮ ਸਜਾਈ ਜੋ।
ਜਥੇ-ਬੰਦੀਆਂ ਅੱਜ ਜਾਂਦੀ ਬੇ-ਗਿਣਤ ਬਣਾਈ ਉਹ।
ਸਿੱਖ ਏਕੇ ਨੂੰ ਕਿਸ ਜ਼ਾਲਮ ਨੇ ਨਜ਼ਰ ਲਗਾ ਦਿੱਤੀ।
ਲੀਡਰ ਸ਼ੁਹਰਤ ਭੁੱਖਿਆਂ ਸਿੱਖੀ ਥੱਲੇ ਲਾ ਦਿੱਤੀ।

ਵਿਰਸਾ ਦਿਲੋਂ ਭੁਲਾਕੇ ਹੱਥ ਤੇ ਹੱਥ ਧਰ ਬਹਿੰਦੇ ਜੋ।
ਉੱਜੜ ਗਏ ਕਈ ਧਰਮ ਕਦੀ ਨਾ ਵੱਸਦੇ ਰਹਿੰਦੇ ਉਹ।
ਬੁੱਧ ਜੈਨ ਦੀ ਗਿਣਤੀ ਦੇਖੋ ਕਿਵੇਂ ਘਟਾ ਦਿੱਤੀ।
ਲੀਡਰ ਸ਼ੁਹਰਤ ਭੁੱਖਿਆਂ ਸਿੱਖੀ ਥੱਲੇ ਲਾ ਦਿੱਤੀ।

ਇੱਕ ਪਾਸੇ ਸਿੱਖ ਬੰਦ ਬੰਦ ਆਪਣਾ ਹੱਸ ਕਟਾਉਂਦਾ ਏ।
ਦੂਜੇ ਪਾਸੇ ਕੁਰਸੀ ਲਈ ਸਿੱਖ ਸਿੱਖ ਮਰਵਾਉਂਦਾ ਏ।
ਦੋਹਾਂ ਦੇ ਵਿੱਚ ਲਾਲਚ ਨੇ ਵਿੱਥ ਕਿੰਨ੍ਹੀ ਪਾ ਦਿੱਤੀ।
ਲੀਡਰ ਕੌਮ ਗ਼ਦਾਰਾਂ ਸਿੱਖੀ ਥੱਲੇ ਲਾ ਦਿੱਤੀ।

ਸਿਦਕੀ ਸਿੱਖ ਧਰਮ ਲਈ ਸੀਸ ਤਲੀ ਤੇ ਧਰਦੇ ਨੇ।
ਚੌਧਰ ਭੁੱਖੇ ਲੀਡਰ ਸਦਾ ਗ਼ਦਾਰੀ ਕਰਦੇ ਨੇ।
ਅਣਖ਼ ਬੇੜੀਆਂ ਪਾ ਕੇ ਜੇਲ੍ਹਾਂ ਵਿੱਚ ਸੁਟਵਾ ਦਿੱਤੀ।
ਲੀਡਰ ਕੌਮ ਗ਼ਦਾਰਾਂ ਸਿੱਖੀ ਥੱਲੇ ਲਾ ਦਿੱਤੀ।

ਸਿੱਖ ਜਿਨ੍ਹਾਂ ਦੀ ਇੱਜ਼ਤ ਰਹੇ ਹਮੇਸ਼ ਬਚਾਉਂਦੇ ਨੇ।
ਅੱਜ ਸਿੱਖੀ ਨੂੰ ਉਨ੍ਹਾਂ ਤੋਂ ਬੇ-ਪੱਤ ਕਰਾਉਂਦੇ ਨੇ।
ਫੁੱਟ ਨੇ ਘੱਟੇ ਦੇ ਵਿੱਚ ਸਿੱਖੀ ਸ਼ਾਨ ਮਿਲਾ ਦਿੱਤੀ।
ਲੀਡਰ ਸ਼ੁਹਰਤ ਭੁੱਖਿਆਂ ਸਿੱਖੀ ਥੱਲੇ ਲਾ ਦਿੱਤੀ।

ਖੇਤ ਬਚਾਉਣੇ ਦੀ ਖ਼ਾਤਰ ਕੋਈ ਵਾੜ ਲਗਾਉਗਾ।
ਵਾੜ ਬਣੇ ਜੇ ਦੁਸ਼ਮਣ ਕਿਹੜਾ ਖੇਤ ਬਚਾਉਗਾ।
ਸਾਡੀ ਵਾੜ ਨੇ ਸਾਡੀ ਬਰਬਾਦੀ ਕਰਵਾ ਦਿੱਤੀ।
ਲੀਡਰ ਕੌਮ ਗ਼ਦਾਰਾਂ ਸਿੱਖੀ ਥੱਲੇ ਲਾ ਦਿੱਤੀ

ਸਿਰ ਲੱਥ ਸ਼ੇਰਾਂ ਵਿੱਚ ਮਕ੍ਰਾਰੀ ਭੇਡਾਂ ਆ ਵੜੀਆਂ।
ਪੁਲਸ-ਮੁਕਾਬਲੇ ਦੀਆਂ ਨਿੱਤ ਜਾਣ ਕਹਾਣੀਆਂ ਤਦ ਘੜੀਆਂ।
ਸਿੱਖ ਜਵਾਨੀ ਕਿੰਨੀ ਨਾਲ ਫ਼ਰੇਬ ਮੁਕਾ ਦਿੱਤੀ।
ਲੀਡਰ ਕੌਮ ਗ਼ਦਾਰਾਂ ਸਿੱਖੀ ਥੱਲੇ ਲਾ ਦਿੱਤੀ।

ਖਾਣ ਪੀਣ ਦਾ ਚਲਦਾ ਸਿੱਖੀ ਵਿੱਚ ਵਿਵਾਦ ਰਹੇ।
ਸੇਵਾ ਸਿਮਰਨ ਨਿਮ੍ਰਤਾ ਦੀ ਨਾ ਕਿਸੇ ਨੂੰ ਯਾਦ ਰਹੇ।
ਦੁੱਧ ਸਿੱਖੀ ਵਿੱਚ ਅੰਧ-ਵਿਸ਼ਵਾਸੀਆਂ ਕਾਂਜੀ ਪਾ ਦਿੱਤੀ।
ਸਾਧਾਂ ਵਿਹਲੜ ਵੱਗਾਂ ਸਿੱਖੀ ਥੱਲੇ ਲਾ ਦਿੱਤੀ।

ਕਰ ਦਏ ਕੌਮ ਨੂੰ ਇੱਕ ਕੋਈ ਆਉਂਦਾ ਨਜ਼ਰ ਨਹੀਂ ਸੂਰਾ।
ਕੌਮ ਨੂੰ ਮਿਲੇ ਨਾ ਆਗੂ ਕਹਿਣੀ ਕਰਨੀ ਦਾ ਪੂਰਾ।
ਕੁਰਸੀ-ਭੁੱਖ ਨੇ ਸਿੱਖ ਵਿਰਸੇ ਦੀ ਯਾਦ ਭੁਲਾ ਦਿੱਤੀ।
ਲੀਡਰ ਸ਼ੁਹਰਤ ਭੁੱਖਿਆਂ ਸਿੱਖੀ ਥੱਲੇ ਲਾ ਦਿੱਤੀ

ਸਿੱਖ ਸਤਿਗੁਰਾਂ ਸਿੱਖੀ ਲਈ ਸਭ-ਕੁਝ ਲੁਟਾ ਦਿੱਤਾ।
ਫ਼ਰਜ਼ ਆਪਣਾ ਕਾਤੋਂ ਸਿੱਖੋ ਤੁਸੀਂ ਭੁਲਾ ਦਿੱਤਾ।
ਕਿਸ਼ਨ ਅਸੀਂ ਸਿੱਖੀ ਦੀ ਅਸਲ ਤਾਸੀਰ ਗੁਆ ਦਿੱਤੀ।
ਸਾਡੇ ਆਗੂ ਸ਼ੁਹਰਤ ਭੁੱਖਿਆਂ ਸਿੱਖੀ ਥੱਲੇ ਲਾ ਦਿੱਤੀ।

ਪੂਜਾਰੀ

ਭਾਰਤੀ ਸੰਸਕ੍ਰਿਤੀ (ਪ੍ਰੰਪਰਾਵਾਂ ਜਾਂ ਮਨੌਤ) ਅਨੁਸਾਰ, ਇਸ਼ਟ (ਦੇਵ, ਦੇਵੀ ਜਾਂ ਕੋਈ ਭੀ ਮਨੌਤ ਸ਼ਕਤੀ) ਅਤੇ ਸ਼ਰਧਾਵਾਨ ਦੇ ਵਿਚਕਾਰ ਸਾਲਸੀ (Mediation) ਬਣਨ ਵਾਲੇ ਨੂੰ ਪੂਜਾਰੀ ਕਿਹਾ ਜਾਂਦਾ ਹੈ। ਪੂਜ, ਦਾ ਅਰਥ ਹੈ ਪੂਜਾ, ਆਦਰ, ਸਨਮਾਨ ਸਤਿਕਾਰ ਕਰਨਾ ਅਤੇ ਪੂਜਾਰੀ, ਪੂਜਾ ਕਰਨ ਤੇ ਕਰਵਾਉਣ ਵਾਲਾ। ਪੂਜਾਰੀ ਸ਼ਬਦ ਨੂੰ ਪਦ ਛੇਦ ਕੀਤਾ ਜਾਏ ਤਾਂ ਪੂਜ + ਆਰੀ = ਪੂਜਾ ਦੇ ਆਰ (ਆਹਰ) ਵਿੱਚ ਲੱਗਾ ਹੋਇਆ ਜਾਂ ਹੋਰਾਂ ਨੂੰ ਲਾਉਣ ਵਾਲਾ। ਪੂਜਾ ਦੇ ਧਾਨ (ਸ਼ਰਧਾਵਾਨਾਂ ਵਲੋਂ ਆਪਣੇ ਇਸ਼ਟ ਅੱਗੇ ਰੱਖੀ ਭੇਟ, ਮਾਇਆ ਅਤੇ ਹੋਰ ਪਦਾਰਥ ਸਮੱਗਰੀ) ਨੂੰ ਆਪਣੇ ਅਤੇ ਆਪਣੇ ਪਰਿਵਾਰ ਪਾਲਕ ਹਿਤਾਂ ਲਈ ਵਰਤਣ ਵਾਲੇ ਪ੍ਰਾਣੀ ਪੂਜਾਰੀ (ਪੂਜ ਅਹਾਰੀ) ਕਹੇ ਜਾਂਦੇ ਹਨ। ਚੱਲਦੇ ਸਮੇਂ ਤਾਂ ਇਸ ਸ੍ਰੇਣੀ ਨੂੰ, ਸਵਰਗ ਵਿੱਚ ਰਾਖਵੀਂ ਥ੍ਹਾਂ ਦਿਵਾਉਣ ਵਾਲੇ ਵਿਉਪਾਰੀ (Commisson Agents) ਭੀ ਕਹਿ ਲਿਆ ਜਾਵੇ ਤਾਂ ਇਹ ਕੋਈ ਅਤਕਥਨੀ (Exaggeration) ਨਹੀਂ ਹੋਵੇਗੀ। ਉਸ ਵੇਲੇ ਤਾਂ ਬਹੁਤ ਹੀ ਹੈਰਾਨੀ ਹੁੰਦੀ ਹੈ ਜਦ ਖ਼ੁਦ ਹਨੇਰੇ ਵਿੱਚ ਭਟਕਣ ਵਾਲੇ, ਮਸ਼ਾਲਚੀ ਹੋਣ ਦਾ ਦਿਖਾਵਾ ਜਾਂ ਦਾਹਵਾ ਕਰਨ। ਸਿੱਖ ਸਮਾਜ ਜਾਂ ਸਿੱਖ ਧਰਮ ਵਿੱਚ, ਪੂਜਾਰੀ ਸ੍ਰੇਣੀ ਦੀ ਕੋਈ ਖ਼ਾਸ ਪਦਵੀ ਜਾਂ ਮਹੱਤਤਾ ਨਹੀਂ ਹੈ। ਫਿਰ ਭੀ ਦੇਸ਼ ਦੀ ਬਹੁ ਗਿਣਤੀ ਦੇ ਪ੍ਰਭਾਵ ਨੂੰ ਕਬੂਲਦਿਆਂ, ਸਿੱਖ ਵਿਰੋਧੀ ਸੋਚ ਤੇ ਮਕ੍ਰਾਰੀ ਸਿਆਸਤ ਦੀ ਚਾਲ ਤਹਿਤ, ਸਿੱਖ ਸਮਾਜ ਵਿੱਚ ਭੀ ਪੂਜਾਰੀ ਸ੍ਰੇਣੀ ਪੱਕੇ ਤੌਰ ਤੇ ਆਪਣੇ ਪੈਰ ਜਮਾ ਚੁੱਕੀ ਹੈ ਅਤੇ ਬਹੁ ਗਿਣਤੀ ਵਿੱਚ ਸਿੱਖ ਕੌਮ ਨੇ ਇਸ ਸ੍ਰੇਣੀ ਦੀ ਅਧੀਨਤਾ ਸਵੀਕਾਰ ਭੀ ਕਰ ਲਈ ਹੈ। ਸਿੱਖ ਕੌਮ ਦਾ ਇਤਿਹਾਸ ਪੜ੍ਹਦਿਆਂ, ਜਦ ਪੂਜਾਰੀਆਂ (ਅਖੌਤੀ ਮਸੰਦਾਂ ਤੇ ਮਹੰਤਾਂ) ਦੇ ਕਾਰਨਾਮੇ ਪੜ੍ਹਦੇ ਹਾਂ ਤਾਂ ਸੱਚ ਜਾਣੋ, ਕੌਮੀ ਸ਼ਰਮਿੰਦਗੀ ਦਾ ਅਹਿਸਾਸ ਹੀ ਹੁੰਦਾ ਹੈ। ਨੌਵੇਂ ਪਾਤਿਸ਼ਾਹ ਗੁਰੂ ਤੇਗ਼ ਬਹਾਦਰ ਜੀ ਨੂੰ ਇਸ ਪੂਜਾਰੀ ਸ਼੍ਰੇਣੀ ਨੇ ਦਰਬਾਰ ਸਾਹਿਬ ਅੰਦਰ ਦਾਖ਼ਲ ਭੀ ਨਹੀਂ ਸੀ ਹੋਣ ਦਿੱਤਾ। ਦਸਵੇਂ ਪਾਤਿਸ਼ਾਹ ਦੇ ਵੇਲੇ ਭੀ ਉਹੀ ਪੂਜਾਰੀ (ਮਸੰਦ) ਸਤਿਗੁਰਾਂ ਤੋਂ ਆਕੀ ਹੋ ਬੈਠੇ ਸਨ ਤੇ ਇਹ ਕਹਿਣ ਤੋਂ ਰਤਾ ਗੁਰੇਜ਼ ਨਹੀਂ ਸਨ ਕਰਦੇ ਕਿ ਅਸੀਂ ਜਿਸ ਨੂੰ ਚਾਹੀਏ ਗੁਰੂ-ਗੱਦੀ ਉੱਤੇ ਬਿਠਾ ਦੇਈਏ ਅਤੇ ਜਿਸ ਕੋਲੋਂ ਚਾਹੀਏ ਗੁਰਤਾ ਖੋਹ ਲਈਏ। ਉਸ ਵੇਲੇ ਤਾਂ ਉਨ੍ਹਾਂ ਨੂੰ ਨੱਥ ਪਾਉਣ ਜਾਂ ਸਜ਼ਾ ਦੇਣ ਅਤੇ ਕੌਮ ਦੀ ਅਗਵਾਈ ਕਰਨ ਲਈ ਸਤਿਗੁਰੂ ਜੀ ਆਪ ਸਰੀਰਕ ਰੂਪ ਵਿੱਚ ਮੌਜੂਦ ਸਨ। ਪਰ ਜਿਉਂ ਹੀ ਸਤਿਗੁਰੂ ਜੀ, ਗੁਰੂਬਾਣੀ ਨੂੰ ਗੁਰਤਾ ਗੱਦੀ ਅਤੇ ਸਿੱਖ ਪੰਥ ਨੂੰ ਕੌਮੀ ਅਗਵਾਈ ਸੌਂਪ ਜੋਤੀ ਜੋਤ ਸਮਾਏ। ਬਿੱਪਰਵਾਦੀ ਸੋਚ ਜੋ ਆਪ ਸਿੱਖ ਕੌਮ ਦਾ ਸਾਹਮਣਾ ਨਾ ਕਰ ਸਕੀ, ਨੇ ਮੁਗ਼ਲ ਹਕੂਮਤ ਨੂੰ ਸਿੱਖਾਂ ਵਿਰੁੱਧ ਉਕਸਾਇਆ ਤੇ

ਆਪ ਭੀ ਮੁਗ਼ਲਾਂ ਦਾ ਸਾਥ ਦਿੱਤਾ। ਜਿਸ ਕਰ ਕੇ ਅਗਲੇ ਅੱਸੀ ਕੁ ਸਾਲ, ਆਪਣੇ ਧਰਮ ਅਤੇ ਕੌਮ ਲਈ ਸਭ ਕੁੱਝ ਨਿਛਾਵਰ ਕਰਨ ਵਾਲੇ ਪੰਥ (ਖ਼ਾਲਸੇ) ਨੂੰ, ਜੁਲਮੀ ਹਕੂਮਤ ਨਾਲ ਟੱਕਰ ਲੈਂਦੇ ਹੋਏ, ਜੰਗਲਾਂ ਅਤੇ ਪਹਾੜਾਂ ਦਾ ਸਹਾਰਾ ਲੈਣਾ ਪਿਆ। ਇਸੇ ਸਮੇਂ ਅਖਾਉਤੀ ਪੂਜਾਰੀ ਵਰਗ ਨੇ, ਸਿੱਖ ਕੌਮ ਦੇ ਗੁਰ-ਸਥਾਨਾਂ ਨੂੰ ਸੇਵਾ ਦੇ ਬਹਾਨੇ ਸੰਭਾਲ ਲਿਆ ਅਤੇ ਆਮ ਸਿੱਖਾਂ ਵਿੱਚ (ਜੋ ਸਿੱਖ ਧਰਮ ਵਿੱਚ ਸ਼ਰਧਾ ਤੇ ਵਿਸ਼ਵਾਸ ਰੱਖਦੇ ਸਨ) ਆਪਣਾ ਪੂਰਾ ਪ੍ਰਭਾਵ ਬਣਾ ਲਿਆ। ਇਨ੍ਹਾਂ ਪੂਜਾਰੀਆਂ ਨੇ ਭੇਖੀ ਅਤੇ ਮਕ੍ਹਾਰੀ ਚਾਲਾਂ ਤਹਿਤ, ਸਿੱਖ ਕੌਮ ਦੇ ਆਗੂਆਂ ਨੂੰ ਭੀ ਆਪਣੇ ਪਿੱਛੇ ਲਾ ਕੇ ਕੌਮੀ ਅਗਵਾਈ ਦੀ ਸਮੁੱਚੀ ਤਾਕਤ ਆਪਣੇ ਹੱਥਾਂ ਵਿੱਚ ਲੈ ਲਈ। ਜੋ ਗੁਰਮਤਿ ਵਿਚਾਰਧਾਰਾ ਅਨੁਸਾਰ ਬਿਲਕੁਲ ਗ਼ਲਤ ਸੀ ਤੇ ਹੈ। ਇਹ ਪੂਜਾਰੀ ਸ਼੍ਰੇਣੀ ਜੋ ਚਾਹੇ ਕਰੀ ਜਾਵੇ, ਇਨ੍ਹਾਂ ਨੂੰ ਰੋਕਣ ਅਤੇ ਇਨ੍ਹਾਂ ਦੇ ਕੀਤੇ ਨੂੰ ਬਦਲਣ ਵਾਲਾ ਕੋਈ ਨਹੀਂ। ਸਿੱਖ ਕੌਮ ਤਾਂ ਜਾਣੋ ਐਸੀ ਮਧਹੋਸ਼ੀ ਦੀ ਨੀਂਦ ਸੁੱਤੀ ਹੋਈ ਹੈ ਕਿ ਕੌਮ ਦਾ ਭਲਾ ਬੁਰਾ ਪਛਾਨਣ ਜਾਂ ਸੋਚਣ ਵਾਲੀ ਸੋਚ ਹੀ, ਇਨ੍ਹਾਂ ਅੰਦਰੋਂ ਖ਼ਤਮ ਹੋਈ ਜਾਪਦੀ ਹੈ। ਜਦ ਕੋਈ ਕੌਮ ਦਰਦੀ ਗੁਰੂ ਦਾ ਪਿਆਰਾ, ਗੁਰੂ ਦੀ ਸਹੀ ਅਤੇ ਸੱਚੀ ਵਿਚਾਰ-ਧਾਰਾ ਵਾਰੇ ਲਿਖਦਾ ਜਾਂ ਬੋਲਦਾ ਹੈ ਜਾਂ ਇਨ੍ਹਾਂ ਪੂਜਾਰੀਆਂ ਵਲੋਂ ਕੀਤੀਆਂ ਜਾ ਰਹੀਆਂ ਮਨਮਾਨੀਆਂ ਦੀ ਗੱਲ ਕਰਦਾ ਹੈ ਤਾਂ ਇਨ੍ਹਾਂ ਮਸੰਦਾਂ ਨੂੰ, ਪੂਜਾਰੀ ਵਰਗ ਦੇ, ਕਰਮ-ਕਾਂਡੀ ਮਹਿਲ ਦੀਆਂ, ਥੰਮੀਆਂ ਹਿੱਲਦੀਆਂ ਜਾਪਦੀਆਂ ਹਨ। ਤਦ ਇਹ ਸਮੂਹ ਪੂਜਾਰੀ ਸ਼੍ਰੇਣੀ ਕਮਰਕੱਸੇ ਕਰਕੇ ਉਸ ਗੁਰੂ ਪਿਆਰੇ ਨੂੰ, ਸੱਚ ਬੋਲਣ ਬਦਲੇ ਹਰ ਸਜ਼ਾ ਦੇਣ ਲਈ ਤਿਆਰ ਹੋ ਜਾਂਦੀ ਹੈ। ਆਮ ਸਿੱਖ ਜੋ ਆਪ ਤਾਂ ਕੁੱਝ ਪੜ੍ਹਦੇ ਜਾਂ ਵਿਚਾਰਦੇ ਨਹੀਂ, ਪਰ ਇਨ੍ਹਾਂ ਪੂਜਾ ਦਾ ਧਾਨ ਖਾ, ਮਲੀਨ ਹੋਈ ਬੁੱਧ ਵਾਲੇ ਪੂਜਾਰੀਆਂ ਦੇ, ਝੂਠੇ ਬਿਆਨ ਪੜ੍ਹ ਸੁਣ ਕੇ ਹੀ ਉਸ ਸੱਚ ਕਹਿਣ ਜਾਂ ਬੋਲਣ ਵਾਲੇ ਗੁਰਮੁਖਿ ਪਿਆਰੇ ਦੇ ਦੁਸ਼ਮਣ ਬਣ ਜਾਂਦੇ ਹਨ। ਸਤਿਗੁਰੂ ਨਾਨਕ (1469) ਤੋਂ, ਦਸਵੀਂ ਨਾਨਕ ਜੋਤ ਗੁਰੂ ਗੋਬਿੰਦ ਸਿੰਘ ਜੀ (1708) ਤੱਕ, ਪੰਥ ਨੂੰ ਸੰਪੂਰਨ ਅਤੇ ਅਗਵਾਈ ਜੋਗ ਬਨਾਉਣ ਲਈ, 239 ਸਾਲ ਦਾ ਸਮਾਂ ਲੱਗਾ। ਇਸ ਨਿਆਰੇ ਖ਼ਾਲਸੇ ਨੂੰ, ਬਿਪਰ ਵਾਦੀ ਬਨਾਉਣ ਅਤੇ ਇਸ ਦੇ ਇਤਿਹਾਸ ਨੂੰ, ਮਕ੍ਹਾਰੀ ਸੋਚ ਤਹਿਤ ਗੰਧਲਾਉਣ ਜਾਂ ਬਿਗਾੜਨ ਲਈ ਭੀ, ਸਿੱਖੀ ਪਹਿਰਾਵੇ ਵਾਲੇ ਬਿਪਰ ਬੁੱਧੀ ਮਸੰਦਾਂ, ਮਹੰਤਾਂ ਅਤੇ ਸੰਤ ਬਾਬਿਆਂ ਨੇ, 214 ਸਾਲ (1708 ਤੋਂ 1922), ਸਿੱਖ ਧਰਮ ਦੇ ਗੁਰਧਾਮਾਂ ਉੱਪਰ ਆਪਣਾ ਪੂਰਾ ਕਬਜ਼ਾ ਜਮਾਈ ਰੱਖਿਆ ਅਤੇ ਫਿਰ ਆਪੋ ਆਪਣੇ ਜੱਦੀ ਡੇਰੇ ਬਣਾ ਕੇ ਭੀ, ਨਿਆਰੇ ਖ਼ਾਲਸੇ ਨੂੰ ਬਿਪਰ ਦੀ ਝੋਲੀ ਪਾਉਣ ਲਈ ਪੂਰਾ ਜ਼ੋਰ ਲਾਇਆ ਅਤੇ ਅੱਜ ਭੀ ਲਾ ਰਹੇ ਹਨ। ਜਲ੍ਹਿਆਂ ਵਾਲੇ ਬਾਗ਼ ਦੇ ਖ਼ੂਨੀ ਅਡਵਾਇਰ ਨੂੰ, ਇਨ੍ਹਾਂ ਸਿੱਖ ਪੂਜਾਰੀਆਂ ਵਲੋਂ, ਅੰਗਰੇਜ਼ੀ ਸਰਕਾਰ ਦੀ ਸਹਿ ਅਧੀਨ, ਸਨਮਾਨਿਤ ਕੀਤਾ ਗਿਆ, ਪਰ ਸਿੱਖ ਕੌਮ, ਮਧਹੋਸ਼ੀ ਦੀ ਨੀਂਦ ਸੁੱਤੀ ਰਹੀ। ਭਾਈ ਗੁਰਮੁਖ ਸਿੰਘ, ਭਾਈ ਦਿੱਤ ਸਿੰਘ, ਭਾਗ ਸਿੰਘ ਹੋਰਾਂ ਨਾਲ ਸਿੱਖ ਕੌਮ ਦੇ ਅਖਾਉਤੀ ਪੂਜਾਰੀ ਵਰਗ ਨੇ ਮਨ ਚਾਹਿਆ ਧੱਕਾ ਕੀਤਾ। ਪ੍ਰਿੰਸੀਪਲ ਹਰਭਜਨ ਸਿੰਘ ਜੀ ਨੇ, ਭਾਗ ਸਿੰਘ ਦੀ ਲਿਖਤ ਦਾ ਪੂਰਾ ਸਮਰਥਨ ਕੀਤਾ, ਪਰ ਸਿੱਖ ਕੌਮ ਖ਼ਾਮੋਸ਼ ਹੀ ਰਹੀ। ਭਾਈ ਸਾਹਿਬ ਸਿੰਘ ਜੀ ਨੇ, ਗੁਰਮੁਖਤਾਈ

ਦੇ ਫ਼ਰਜ਼ ਨਿਭਾਉਂਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਅਰਥ ਕੀਤੇ ਅਤੇ ਗੁਰੂਬਾਣੀ ਦੀ ਵਿਆਕਰਣ ਲਿਖ ਕੇ, ਅਦੁੱਤੀ ਕੌਮੀ ਸੇਵਾ ਕੀਤੀ। ਪੂਜਾਰੀ ਵਰਗ ਨੇ ਡੱਟ ਕੇ ਭਾਈ ਸਾਹਿਬ ਸਿੰਘ ਜੀ ਦੀ ਵਿਰੋਧਤਾ ਕੀਤੀ ਅਤੇ ਅੱਜ ਤੱਕ ਉਨ੍ਹਾਂ ਦੀਆਂ ਲਿਖਤਾਂ ਨੂੰ, ਸ਼੍ਰੋਮਣੀ ਕਮੇਟੀ ਨੇ, ਛਾਪਣ ਦਾ ਹੀਆ ਨਹੀਂ ਕੀਤਾ। ਕਿਉਂਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕ, ਗੁਰੂ ਦੀ ਗੋਲਕ ਦਾ ਧਾਨ ਖਾ, ਮਲੀਨ ਬੁੱਧੀ ਅਤੇ ਪੂਜਾਰੀ ਵਰਗ ਦੇ ਥੱਲੇ ਲੱਗ ਕੇ, ਗੁਰਮਤਿ ਪੱਖੋਂ ਨਿਪੁੰਸਕ ਹੀ ਹੋ ਚੁੱਕੇ ਹਨ। ਅਸੀਂ (ਸਿੱਖ) ਬੜੇ ਮਾਣ ਨਾਲ ਕਹਿੰਦੇ ਹਾਂ ਕਿ, ਗੁਰੂਬਾਣੀ ਬਾਣੀ ਦਦਿ ਕੋਈ ਲਗ ਮਾਤਰ ਨੂੰ ਬਦਲਣ ਦਾ ਕਿਸੇ ਨੂੰ ਕੋਈ ਅਧਿਕਾਰ ਨਹੀਂ ਅਤੇ ਨਾ ਹੀ ਕੋਈ ਇਹੋ ਜਿਹੀ ਗ਼ਲਤੀ ਜਾਂ ਹੌਸਲਾ ਕਰ ਸਕਦਾ ਹੈ। ਪਰ ਇਹ ਪੂਜਾਰੀ ਵਰਗ ਜੋ ਜੀਅ ਚਾਹੇ ਕਰੇ। ਇਨ੍ਹਾਂ ਨੂੰ ਰੋਕਣ ਟੋਕਣ ਜਾਂ ਕੁੱਝ ਕਹਿਣ ਲਈ, ਸਿੱਖ ਕੌਮ (ਸਿੱਖ ਪੰਥ) ਨੂੰ ਭੀ, ਹਿੰਮਤ ਨਹੀਂ ਪੈਂਦੀ। ਅਕਾਲ ਤਖ਼ਤ ਤੋਂ ਛੱਪ ਰਹੀ ਸਿੱਖ ਰਹਿਤ ਮਰਯਾਦਾ ਨੂੰ, ਇਸ ਪੂਜਾਰੀ ਵਰਗ (ਦਮਦਮੀ ਟਕਸਾਲਾਂ ਸਮੇਤ ਸਮੂਹ ਸੰਤ ਸਮਾਜ ਤੇ ਡੇਰੇਦਾਰਾਂ) ਨੇ ਨਹੀਂ ਪ੍ਰਵਾਨਿਆਂ। ਟਕਸਾਲਾਂ ਆਪਣੀ ਰਹਿਤ ਮਰਯਾਦਾ ਛਾਪ ਕੇ ਵੰਡ ਰਹੀਆਂ ਹਨ ਅਤੇ ਅਖਾਉਤੀ ਸੰਤ ਸਮਾਜ ਆਪਣੀ। ਅਕਾਲ ਤਖ਼ਤ ਦੇ ਪ੍ਰਬੰਧਕਾਂ ਵਲੋਂ, ਜਾਂ ਸਿੱਖ ਕੌਮ ਦੇ ਗੁਰੂ ਘਰਾਂ ਦੀ ਗੋਲਕ ਤੋਂ ਪਲਣ ਵਾਲੇ ਗ੍ਰੰਥੀਆਂ ਵਲੋਂ, ਕਦੀ ਕੋਈ ਕਾਰਵਾਈ ਨਹੀਂ ਕੀਤੀ ਗਈ। ਜੇਕਰ ਕੋਈ ਸਾਧਾਰਨ ਸਿੱਖ (ਗੁਰਮੁਖ ਸਿੰਘ, ਦਿੱਤ ਸਿੰਘ, ਭਾਗ ਸਿੰਘ, ਸਾਹਿਬ ਸਿੰਘ, ਗੁਰਬਖ਼ਸ਼ ਸਿੰਘ, ਗੁਰਦਿੱਤ ਸਿੰਘ, ਜਾਂ ਜੁਗਿੰਦਰ ਸਿੰਘ, ਸਪੋਕਸ ਮੈਨ ਆਦਿ) ਸੱਚੀ ਅਤੇ ਸਹੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰ-ਧਾਰਾ ਦੀ ਗੱਲ ਕਰਦਾ ਹੈ ਤਾਂ, ਅਕਾਲ ਤਖ਼ਤ ਦੇ ਪੂਜਾਰੀ, ਉਸਦਾ ਜੀਉਣਾ ਮੁਸ਼ਕਿਲ ਕਰ ਦਿੰਦੇ ਹਨ। ਅਕਾਲ ਤਖ਼ਤ ਤੇ ਸਿੱਖ ਪੰਥ ਵਲੋਂ, ਪੰਥ ਪ੍ਰਵਾਨਿਤ ਰਹਿਤ ਮਰਯਾਦਾ ਵਿੱਚ, ਮੂਲ ਮੰਤਰ, ੧ਓ ਤੋਂ ਗੁਰ ਪ੍ਰਸਾਦਿ॥ ਤੱਕ, ਲਿਖਿਆ ਅਤੇ ਮੰਨਿਆਂ ਗਿਆ ਹੈ, ਪਰ ਸਮੂਹ ਸੰਤ ਸਮਾਜ, ਸਿੱਖ ਪੰਥ ਦੇ ਵਿਰੁੱਧ ਅਤੇ ਪੰਥਕ ਰਹਿਤ ਮਰਯਾਦਾ ਦੀ ਪ੍ਰਵਾਹ ਨਾ ਕਰਦੇ ਹੋਏ ਮੂਲ ਮੰਤਰ, ੧ਓ ਤੋਂ ਨਾਨਕ ਹੋਸੀ ਭੀ ਸਚੁ॥ ਤੱਕ ਮੰਨਦੇ, ਲਿਖਦੇ, ਤੇ, ਪ੍ਰਚਾਰਦੇ ਹਨ ਅਤੇ ਇਹੀ ਅਕਾਲ ਤਖ਼ਤ ਦੇ ਪੂਜਾਰੀ, ਉਨ੍ਹਾਂ ਦੀ ਸ਼ਲਾਘਾ ਕਰਦੇ ਨਹੀਂ ਥੱਕਦੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਰੰਭਤਾ, ਇਨ੍ਹਾਂ ਸ਼ਬਦਾਂ, (**੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ ਜਪੁ॥ ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥੧॥**) ਨਾਲ ਹੁੰਦੀ ਹੈ। ਗੁਰ ਪ੍ਰਸਾਦਿ ਤੋਂ ਬਾਅਦ ਦੋ ਡੰਡੀਆਂ (॥) ਹਨ ਅਤੇ ਜਪੁ ਸ਼ਬਦ ਲਿਖਣ ਤੋਂ ਪਹਿਲਾਂ ਫਿਰ ਦੋ ਡੰਡੀਆਂ (॥) ਹਨ। ਮਤਲਬ, ਗੁਰ ਪ੍ਰਸਾਦਿ ਅਤੇ ਜਪੁ ਦੇ ਵਿਚਕਾਰ, ਚਾਰ (॥॥) ਡੰਡੀਆਂ ਲੱਗੀਆਂ ਹੋਈਆਂ ਹਨ। ਬੜਾ ਸਾਫ਼ ਮਤਲਵ ਹੈ, ਕਿ ਕੋਈ ਭੁਲੇਖੇ ਨਾਲ ਭੀ, ਜਪੁ ਸ਼ਬਦ ਨੂੰ, ਗੁਰ ਪ੍ਰਸਾਦਿ ਦੇ ਨਾਲ, ਨਾ ਜੋੜ ਦੇਵੇ। ਪਰ ਜੱਥਾ ਭਿੰਡਰਾਂ ਜਾਂ ਮਹਿਤੇ ਵਾਲੇ, ਗੁਰੂਬਾਣੀ ਦੀ ਲਿਖਣ ਵਿਧੀ, ਜਾਂ ਕੌਮ ਦੀ ਕੀ ਪ੍ਰਵਾਹ ਕਰਦੇ ਹਨ। ਉਹ ਜਿੱਥੇ ਭੀ ਮੂਲ ਮੰਤ੍ਰ (**੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥ ਜਪੁ॥ ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ**

ਸਚੁ ॥੧॥) ਲਿਖਦੇ ਹਨ। ਗੁਰ ਪ੍ਰਸਾਦਿ ਤੋਂ ਪਿੱਛੋਂ ਦੋ ਡੰਡੀਆਂ (॥) ਪਾ ਕੇ, ਜਪੁ ਲਿਖਦੇ ਹਨ, ਮਤਲਵ, ਜਪੁ ਸ਼ਬਦ ਨੂੰ, ਗੁਰ ਪ੍ਰਸਾਦਿ ਨਾਲ ਜੋੜਨ ਲਈ, ਜਪੁ ਸ਼ਬਦ ਤੋਂ ਪਹਿਲੀਆਂ ਦੋ ਡੰਡੀਆਂ ਹੀ ਗ਼ਾਇਬ ਕਰ ਗਏ ਪਰ ਬੜੀ ਹੈਰਾਨੀ ਦੀ ਗੱਲ ਹੈ ਕਿ ਸਿੱਖ ਕੌਮ ਦਾ ਪੂਜਾਰੀ ਵਰਗ, ਇਸ ਗੁਰੂ ਬਾਣੀ ਵਿੱਚ, ਬਦਲਾਓ ਕਰਨ ਤੇ ਭੀ, ਟਕਸਾਲੀਆਂ ਦੀ ਸ਼ਲਾਘਾ ਹੀ ਕਰੇਗਾ ਕਿਉਂ ? ਕਿਉਂਕਿ, ਸਾਰੇ ਪੂਜਾਰੀ ਵਰਗ (ਹੋਰਾਂ ਦੀ ਕਮਾਈ ਉੱਪਰ ਪੱਲਣ ਵਾਲਾ ਵਿੱਹਲੜ ਵੱਗ) ਦੀ, ਅੰਦਰੂਨੀ ਸੋਚ ਤੇ ਕਿਰਦਾਰ ਇੱਕ ਹੀ ਹੁੰਦਾ ਹੈ। ਇਨ੍ਹਾਂ ਦੀਆਂ ਆਪਸੀ ਰੰਜਸਾਂ, ਆਪਾ ਵਿਰੋਧੀ ਰਹੁ-ਰੀਤਾਂ ਭਾਵੇਂ ਕਿੰਨੀਆਂ ਭੀ ਵੱਖੋ ਵੱਖਰੀਆਂ ਹੋਣ ਪਰ ਸਿੱਖ ਕੌਮ ਦੀ, ਪੰਥਕ ਰਹਿਤ ਮਰਯਾਦਾ ਜਾਂ ਗੁਰਮਤਿ ਅਨੁਸਾਰੀ ਕੌਮੀ ਮਸਲਿਆਂ ਦੇ ਵਿਰੋਧ ਵਿੱਚ, ਬਹੁ ਗਿਣਤੀ ਪੂਜਾਰੀ ਸ਼੍ਰੇਣੀ, ਪੇਟ ਪੂਰਤੀ ਲਈ ਹੋਂਦ ਵਿੱਚ ਆਏ ਖ਼ੁਦ ਮੁਖਤਿਆਰੀ ਡੇਰੇ, ਆਪੂੰ ਹੋਂਦ ਵਿੱਚ ਆਈਆਂ ਮਹੰਤੀ ਟਕਸਾਲਾਂ ਆਦਿ ਸਭ ਇੱਕਠੇ ਹੋ ਕੇ, ਸਿੱਖ ਵਿਦਵਾਨਾਂ, ਪੰਥਕ ਰਹਿਤ ਮਰਯਾਦਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ, ਸੱਚੀ ਤੇ ਸੁਚੱਜੀ ਵਿਚਾਰ-ਧਾਰਾ ਦਾ, ਖ਼ੂਬ ਮਜ਼ਾਕ ਉਡਾਉਂਦੇ ਹਨ। ਐ ਸਿੱਖ ਕੌਮ ਦੇ ਵਾਰਸੋ, ਜਾਗੋ ਅਤੇ ਸੁਚੇਤ ਹੋ ਕੇ ਸੱਚ ਨੂੰ ਜਾਨਣ ਸਮਝਣ, ਸਿੱਖ ਕੌਮ ਵਿੱਚ ਪੈਰ ਜਮਾਂ ਬੈਠੀ ਬਿਪ੍ਰ ਬੁੱਧੀ ਦੀ ਪਛਾਣ ਕਰਨ ਦੀ ਕੋਸ਼ਿਸ਼ ਕਰੋ।

ਯਾਦ ਰੱਖਣਾ, ਇਹ ਲਵ ਕੁਸ਼ ਦੇ ਸਮਰਥਕ (ਵੇਦਾਂ ਦੇ ਗਿਆਤਾ ਤਾਂ ਹੋ ਸਕਦੇ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਤਾ ਨਹੀਂ) ਸਿੱਖ ਕੌਮ ਨੂੰ ਇਹੋ ਜਿਹੀ ਜਿੱਲ੍ਹਣ ਵਿੱਚ ਧੱਕੇਲਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ, ਜਿੱਥੋਂ ਮੁੜ ਨਿਕਲਣਾ ਸਿੱਖ ਕੌਮ ਲਈ ਬਹੁਤ ਹੀ ਮੁਸ਼ਕਿਲ ਹੋ ਜਾਵੇਗਾ। ਸਿੱਖ ਕੌਮ ਦੇ ਸੂਝਵਾਨ ਕੌਮ ਦਰਦੀਓ, ਇੱਕ ਕੌਮ ਦਰਦੀ ਹਾਕਾਰੇ ਵਲੋਂ ਦਿੱਤੀ ਦਰਦ ਭਰੀ ਪੂਕਾਰ ਨੂੰ ਜਰੂਰ ਸੁਣੋ।

ਜੁੱਤੀ ਅਤੇ ਜ਼ੁਰਾਬ

ਸਿੱਖ ਧਰਮ ਦੇ ਪੈਰੋਕਾਰਾਂ ਵਿੱਚ ਇੱਕ ਰੁਝਾਨ ਬਹੁਤ ਵੱਧਦਾ ਜਾਂ ਇੱਕ ਆਦਤ ਬਣਦੀ ਜਾ ਰਹੀ ਹੈ ਕਿ ਅਸੀਂ ਕਿੰਤੂ ਪ੍ਰੰਤੂ ਕਰਨ ਵਿੱਚ ਮਾਹਰ ਹੋਣ ਦੇ ਆਦੀ ਬਣਦੇ ਜਾ ਰਹੇ ਹਾਂ। ਮੁੱਦਾ ਭਾਵੇਂ ਕੋਈ ਵੀ (ਸਿਧਾਂਤਕ ਜਾਂ ਸਮਾਜਿਕ) ਹੋਵੇ, ਅਸੀਂ ਆਪਣੇ ਅਨੁਭਵ ਨੂੰ ਸਹੀ ਸਿੱਧ ਕਰਨ ਲਈ ਹੀ ਪੂਰਾ ਤਾਣ ਲਾਉਂਦੇ ਜਾਂ ਦਲੀਲਬਾਜ਼ੀ ਨਾਲ ਪ੍ਰਭਾਵ ਪਾਉਣ ਦੇ ਆਹਰ ਵਿੱਚ ਰਹਿੰਦੇ ਹਾਂ। ਸਿੱਖ ਧਰਮ ਦਾ ਮੂਲ, ਗੁਰੂਬਾਣੀ ਦੀ ਵਿਚਾਰਧਾਰਾ ਅਤੇ ਸਿੱਖ (ਪੰਥਕ) ਰਹਿਤ ਮਰਯਾਦਾ, ਗਿਆਨ ਵਿਹੂਣੀਆਂ ਪ੍ਰੰਪਰਾਵਾਂ ਅਤੇ ਢੁੱਚਰਾਂ ਦਾ ਖੰਡਨ (ਰੱਦ, ਅਪ੍ਰਵਾਨ) ਕਰਦੀ ਹੈ ਪਰ ਮਨੁੱਖੀ ਹੱਠ (ਅੜੀਅਲ ਵਤੀਰੇ) ਵਾਲੀ ਬੇਲੋੜੀ ਚਰਚਾ ਵੀ ਸਿੱਖੀ ਕਿਰਦਾਰ ਦੀ ਬਹੁਤੀ ਸ਼ੋਭਾ ਨਹੀਂ ਵਧਾਉਂਦੀ। ਮਹੀਨਾ ਸਤੰਬਰ ਸੰਨ 2008, ਕਨੇਡਾ ਦੇ ਇੱਕ ਪਰਚੇ ਸੱਚ ਦੀ ਆਵਾਜ਼ ਵਿੱਚ ਇੱਕ ਸਵਾਲ (ਜ਼ੁਰਾਬਾਂ ਪਾ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬੇ ਬੈਠਣ ਦੀ ਪਾਬੰਦੀ ਕਿਉਂ ਹੈ ?) ਅਤੇ ਇਸ ਸਵਾਲ ਦਾ ਜਵਾਬ ਪੜ੍ਹਨ ਦਾ ਮੌਕਾ ਮਿਲਿਆ। ਗੁਰਮਤਿ ਵਿਚਾਰਧਾਰਾ ਬਿੱਪਰ ਸੋਚ ਵਾਲੀ ਸੁੱਚ ਭਿੱਟ ਨੂੰ ਗਿਆਨ ਦੀ ਤਰਕ ਨਾਲ ਨਿਕਾਰਦੀ ਹੈ। ਫਿਰ ਵੀ ਕੁੱਝ ਪ੍ਰਚੱਲਿਤ ਸਮਾਜਿਕ (ਕੁਚੱਜੀਆਂ ਨਹੀਂ, ਸੁਚੱਜੀਆਂ) ਰਹੁ-ਰੀਤਾਂ, ਧਰਮ ਦਾ ਇੱਕ ਹਿੱਸਾ ਬਣ ਕੇ ਰਹਿ ਜਾਂਦੀਆਂ ਹਨ। ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬੇ ਬੈਠਣ (ਚੌਰ ਕਰਨ, ਹੁਕਮ ਲੈਣ ਵਾਲੀ, ਗੁਰੂ ਸੇਵਾਦਾਰੀ) ਵੇਲੇ ਜ਼ੁਰਾਬਾਂ ਪਾਉਣ ਦੀ ਮਨਾਹੀ ਕਿਸੇ ਸਿੱਖੀ ਵਿਧਾਨ (ਸਿੱਖ ਰਹਿਤ ਮਰਯਾਦਾ) ਵਿੱਚ ਲਿਖੀ ਹੋਈ ਨਹੀਂ ਹੈ। ਜੁੱਤੀ, ਜ਼ੁਰਾਬਾਂ ਜਾਂ ਮੌਜੇ ਉਤਾਰਨਾ, ਇਹ ਇੱਕ ਸਮਾਜਿਕ ਪ੍ਰਚੱਲਿਤ ਰਹੁ-ਰੀਤ ਹੈ। ਇਸ ਨੂੰ ਚਰਚਾ ਜਾਂ ਵਿਵਾਦ ਵਾਲਾ ਮੁੱਦਾ ਬਨਾਉਣ ਨਾਲ ਕੋਈ ਬਹੁਤੀ ਗਿਆਨ ਦੀ ਪ੍ਰਾਪਤੀ ਨਹੀਂ ਹੋ ਜਾਂਦੀ। ਸਾਨੂੰ ਅਜਿਹੇ ਮੁੱਦਿਆਂ ਉੱਤੇ ਗਿਆਨ ਚਰਚਾ ਕਰਨੀ ਚਾਹੀਦੀ ਹੈ ਜੋ ਗੁਰਬਾਣੀ ਦੀ ਵਿਚਾਰਧਾਰਾ ਜਾਂ ਪੰਥਕ ਰਹਿਤ ਮਰਯਾਦਾ ਦਾ ਖੰਡਨ ਕਰਦੇ ਜਾਂ ਨਿਕਾਰਦੇ ਹੋਣ। ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬੇ ਬੈਠਣ ਵੇਲੇ ਧੋਤੀਆਂ ਹੋਈਆਂ ਸਾਫ਼ ਜਾਂ ਲਫਾਫੇ ਵਿੱਚੋਂ ਕੱਢਕੇ ਨਵੀਆਂ ਜੁਰਾਬਾਂ ਤਾਂ ਕੋਈ ਪਾਉਂਦਾ ਨਹੀਂ ਅਤੇ ਆਪਣੇ ਨਿਵਾਸ ਸਥਾਨ ਤੋਂ ਚੱਲ ਕੇ ਆਇਆਂ ਜੁੱਤੀ ਵਿੱਚ ਪੈ ਚੁੱਕੀਆਂ ਜੁਰਾਬਾਂ ਸਾਫ਼ ਅਤੇ ਗੰਧ ਰਹਿਤ ਰਹਿੰਦੀਆਂ ਨਹੀਂ। ਤਾਬੇ ਬੈਠਣ ਵਾਲੇ ਦੀਆਂ ਜੁਰਾਬਾਂ ਸਾਫ਼ ਹਨ ਜਾਂ ਨਹੀਂ, ਇਹ ਨਿਰਣਾ ਕੌਣ ਕਰੇਗਾ ? ਦੁਨੀਆਂ ਭਰ ਦੇ ਧਾਰਮਿਕ ਗ੍ਰੰਥਾਂ ਵਿੱਚ, ਇੱਕ ਹੀ ਅਜਿਹਾ ਧਾਰਮਿਕ ਗ੍ਰੰਥ ਹੈ, ਜਿਸ ਨੂੰ ਗੁਰੂ ਦੀ ਪਦਵੀ ਪ੍ਰਾਪਤ ਹੈ ਤੇ ਉਹ ਹੈ ਸਿੱਖ ਕੌਮ ਦਾ ਇਸ਼ਟ ਗੁਰੂ ਗ੍ਰੰਥ ਸਾਹਿਬ। ਜਿਸ ਦੀ ਸੇਵਾ ਵਿੱਚ ਚੱਲਦੇ ਦਿਵਾਨ ਅਤੇ ਸੰਗਤ ਦੀ ਆਵਾਜਾਈ ਤੱਕ, ਸੇਵਾਦਾਰ ਨੂੰ ਹਾਜ਼ਰ ਰਹਿਣਾ ਪੈਂਦਾ ਹੈ। ਭਾਰਤੀ ਪ੍ਰੰਪਰਾ

ਅਨੁਸਾਰ ਕਿਸੇ ਭੀ ਧਰਮ ਸਥਾਨ ਵਿੱਚ ਜਾਣ ਵੇਲੇ ਜੁੱਤੀ ਉਤਾਰਕੇ ਜਾਇਆ ਜਾਂਦਾ ਹੈ। ਜੁੱਤੀ ਉਤਾਰਨ ਦੇ ਸੰਕੇਤ ਤਾਂ ਕੁਰਾਨ ਅਤੇ ਬਾਈਬਲ ਵਿੱਚ ਭੀ ਮਿਲਦੇ ਹਨ। ਇਹ ਗੱਲ ਵੱਖਰੀ ਹੈ ਕਿ ਇਸਾਈਅਤ ਨੇ ਹੁਣ ਇਹ ਹੁਕਮ ਭੁੱਲਾ ਦਿੱਤਾ ਹੈ ਅਤੇ ਜੁੱਤੀਆਂ ਸਮੇਤ ਚਰਚਾਂ ਵਿੱਚ ਜਾਣ ਲੱਗ ਪਏ ਹਨ। ਜੁੱਤੀ ਉਤਾਰਨੀ ਅਤੇ ਸਿਰ ਢੱਕ ਕੇ ਇਸ਼ਟ ਅੱਗੇ ਜਾਣਾ ਇੱਕ ਸਤਿਕਾਰਤ ਰਹੁ-ਰੀਤ ਹੈ। ਸਿੱਖ ਕੌਮ ਆਪਣੇ ਇਸ਼ਟ ਆਪਣੇ ਗੁਰੂ ਦਾ ਸਤਿਕਾਰ ਦੁਨੀਆਂ ਭਰ ਦੇ ਧਾਰਮਿਕ ਗ੍ਰੰਥਾਂ ਤੋਂ ਵੱਖਰਾ ਅਤੇ ਨਿਆਰਾ ਕਰਦੀ ਹੈ। ਪ੍ਰਕਾਸ਼ ਕਰਨ ਵਾਸਤੇ ਸੁੰਦਰ ਪੀਹੜਾ। ਪ੍ਰਕਾਸ਼ ਦੀ ਇਜ਼ਾਜ਼ਤ ਵਾਸਤੇ ਅਰਦਾਸ ਬੇਨਤੀ। ਚੌਰ ਸੇਵਾ ਲਈ ਸਦਾ ਹਾਜ਼ਰ ਰਹਿਣ ਵਾਲਾ ਸੇਵਾਦਾਰ। ਸੁੱਖਆਸਨ ਲਈ ਖ਼ਾਸ ਜਾਂ ਨਵੇਕਲਾ ਸਥਾਨ ਅਤੇ ਸੁੱਖਆਸਨ ਦੀ ਅਰਦਾਸ। ਇੱਕ ਥ੍ਹਾਂ ਤੋਂ ਦੂਸਰੀ ਥ੍ਹਾਂ ਅਸਵਾਰਾ ਲਿਜਾਣ ਵਾਸਤੇ ਅਨੂੰਠੀ (ਗਿਆਨਵਾਨ) ਭਾਵਨਾ ਅਤੇ ਪੰਜ ਕੁ ਸਿੰਘਾਂ ਦਾ ਹਾਜ਼ਰ ਹੋਣਾ ਗੁਰੂ ਸਤਿਕਾਰ ਦੀਆਂ ਮੁੱਖ ਰਹੁ ਰੀਤਾਂ ਹਨ। ਜੁਰਾਬਾਂ ਜਾਂ ਮੌਜ਼ੇ ਪੈਰਾਂ ਦੀ ਸੰਭਾਲ ਲਈ ਵਰਤੇ ਜਾਂਦੇ ਹਨ। ਇਹ ਭਾਵੇਂ ਕਿਸੇ ਭੀ ਧਾਗੇ ਕਪੜੇ ਚਮੜੇ ਜਾਂ ਧਾਂਤ ਦੇ ਭੀ ਬਣਾ ਲਏ ਜਾਣ, ਇਹ ਪੈਰਾਂ ਵਿੱਚ ਪਾਉਣ ਵਾਲੀ ਜੁੱਤੀ ਦਾ ਇੱਕ ਅੰਗ ਹੀ ਰਹਿਣਗੇ ਅਤੇ ਪੈਰੀਂ ਪਾਈ ਵਸਤ (ਜੁੱਤੀ, ਚਪਲ, ਖੜਾਵ ਮੌਜ਼ੇ ਜੁਰਾਬ) ਉਤਾਰਨਾ, ਗੁਰੂ ਸਤਿਕਾਰ ਦੀ ਇੱਕ ਅਹਿਮ ਰੀਤ ਹੈ, ਭਿੱਟ ਜਾਂ ਸੁੱਚ ਵਾਲਾ ਕੋਈ ਭ੍ਰਮ ਕਰਮ ਨਹੀਂ। ਸੋ ਤਾਬੇ ਬੈਠਣ ਵਾਲੇ ਨੂੰ ਇਹ ਸਤਿਕਾਰ ਸਦਾ ਕਾਇਮ ਰੱਖਣਾ ਚਾਹੀਦਾ ਹੈ। ਸਰਦੀ ਦੇ ਦਿਨਾਂ ਵਿੱਚ ਕਿਸੇ ਚਾਦਰ, ਲੋਈ ਆਦਿ ਨਾਲ ਪੈਰ ਢੱਕ ਲੈਣੇ ਚਾਹੀਦੇ ਹਨ ਪਰ ਜੁਰਾਬਾਂ ਪਹਿਨਣ ਵਾਲੀ ਹਠੀ ਸੋਚ ਵਾਲਾ ਅੜੀਅਲ ਵਤੀਰਾ ਅਪਨਾਉਣਾ ਵੀ ਸੁਹਿਰਦ ਸਿੱਖ ਨੂੰ ਸ਼ੋਭਾ ਨਹੀਂ ਦਿੰਦਾ। ਦਸਤਾਰ ਸਿਰ ਉੱਤੇ ਸਜਾਉਣ ਵਾਲਾ ਕਪੜਾ ਹੈ। ਗਰਮੀ ਆਉਣ ਵਾਲੇ ਪ੍ਰਾਣੀ ਦੀ ਦਸਤਾਰ ਵਿੱਚੋਂ ਕੁੱਝ ਸਮੇਂ ਬਾਅਦ ਹੀ ਕੁੱਝ ਗੰਧ ਜਿਹੀ ਆਉਣ ਲੱਗ ਪੈਂਦੀ ਹੈ, ਪਰ ਕਦੀ ਕਿਸੇ ਨੇ ਇਹ ਨਹੀਂ ਕਿਹਾ ਕਿ ਤੁਹਾਡੀ ਦਸਤਾਰ ਬੋ ਮਾਰਦੀ ਹੈ ਇਸ ਨੂੰ ਬਦਲ ਕੇ ਤਾਬੇ ਬੈਠੋ ਜਾਂ ਬਾਕੀ ਸਰੀਰ ਦੇ ਕਪੜੇ ਬਦਲ ਕੇ ਬੈਠੋ ਐਸੀ ਕੋਈ ਪਾਬੰਦੀ ਨਹੀਂ (ਹਾਂ ਕੁੱਝ ਟਕਸਾਲੀ ਹਨ ਜੋ ਕਛਿਹਰੇ ਉੱਤੇ ਪਜਾਮਾ ਪਾਉਣਾ ਗੁਨਾਹ ਸਮਝਦੇ ਹਨ। ਇਹ ਉਨ੍ਹਾਂ ਦੀ ਆਪਣੀ ਸੋਚ ਹੈ ਗੁਰਮਤਿ ਦੀ ਨਹੀਂ) ਹੈ। ਸਿਰਫ਼ ਪੈਰਾਂ ਦੀ ਸੰਭਾਲ ਵਾਸਤੇ ਵਰਤੀ ਜਾਂਦੀ (ਜੁੱਤੀ, ਜ਼ੁਰਾਬ, ਚਪਲ, ਖੜਾਮ ਆਦਿ) ਉਤਾਰਨਾ ਇੱਕ ਸਤਿਕਾਰਤ ਰਹੁ-ਰੀਤ ਹੈ। ਜੇ ਕੋਈ ਗੁਰੂ ਪਿਆਰਾ ਜ਼ੁਰਾਬਾਂ ਪਾਉਣ ਨੂੰ ਹੀ ਗਿਆਨਵਾਨ ਸੋਚ ਦਾ ਧਾਰਨੀ ਦਿਖਾਉਣਾ ਚਾਹੁੰਦਾ ਹੈ ਤਾਂ ਸੱਚ ਜਾਣਿਓਂ ਐਸੀ ਸੋਚ ਉੱਤੇ ਗਿਆਨ ਨਹੀਂ ਹਉਮੈਂ ਜ਼ਿਆਦਾ ਭਾਰੂ ਹੋ ਚੁੱਕੀ ਹੈ।

ਦੇਖਿਆ ਤੇ ਸੁਣਿਆਂ ਵੈਨਕੂਵਰ ਦਾ ਸੈਮੀਨਾਰ

ਸੰਨ ਦੋ ਹਜ਼ਾਰ ਅੱਠ, ਮਹੀਨਾ ਅਗਸਤ ਦੀ ਤਾਰੀਖ ਸੋਲਾਂ ਦੀ ਸਵੇਰ ਵੇਲੇ ਰੇਡੀਓ ਰਾਹੀਂ ਇੱਕ ਸੰਦੇਸ਼ ਸੁਣਿਆ ਕਿ ਅੱਜ ਗੁਰਦੁਆਰਾ ਕਨੇਡੀਅਨ ਸਿੰਘ ਸਭਾ ਸਰੀ ਵਿਖੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤੀਜੀ ਗੁਰਤਾ ਸ਼ਤਾਬਦੀ ਨੂੰ ਸਮਰਪਤ ਇੱਕ ਸੈਮੀਨਾਰ ਕਰਵਾਇਆ ਜਾ ਰਿਹਾ ਹੈ। ਵਿਚਾਰ ਬਣਿਆ ਕਿ ਇਸ ਸੈਮੀਨਾਰ ਨੂੰ ਸੁਣਿਆਂ ਜਾਵੇ। ਮੈਂ ਆਪਣੇ ਇੱਕ ਰਿਸ਼ਤੇਦਾਰ ਰਾਹੀ ਸਾਢੇ ਬਾਰਾਂ ਕੁ ਵਜੇ ਹੀ ਗੁਰਦੁਆਰੇ ਪਹੁੰਚ ਗਿਆ। ਇੱਥੇ ਇੱਕ ਵਿਆਹ ਦਾ ਸਮਾਗਮ ਹੋਣ ਕਾਰਨ ਕਾਫ਼ੀ ਚਹਿਲ ਪਹਿਲ ਸੀ। ਬਾਣੇ ਵਿੱਚ ਪਰਪੱਕ ਦਿਖਾਈ ਦਿੰਦੇ ਤਿੰਨ ਕੁ ਸਿੰਘਾਂ ਨੂੰ ਸੈਮੀਨਾਰ ਵਾਰੇ ਪੁੱਛਿਆ। ਮੈਨੂੰ ਮਾਯੂਸ ਜਿਹਾ ਹੀ ਹੋਣਾ ਪਿਆ ਜਦ ਉਹ ਸਿੰਘ ਮੇਰੀ ਪੁੱਛ ਨੂੰ ਅਨਗੌਲਿਆਂ ਕਰਦੇ ਹੋਏ ਪਤਾ ਨਹੀਂ ਕਹਿ ਕੇ ਮੇਰੇ ਵਲੋਂ ਪਾਸਾ ਵੱਟ ਗਏ। ਕੀ ਗੁਰ ਉਪਦੇਸ਼ ਸਿੱਖ ਨੂੰ ਸਿੱਖ ਦਾ ਇਹੀ ਸਤਿਕਾਰ ਸਿਖਾਉਂਦਾ ਹੈ ? ਤਕਰੀਬਨ ਇੱਕ ਵਜੇ ਮੈਂ ਸੰਪਰਕ ਲਈ ਦਿੱਤੇ ਟੈਲੀਫੂਨ ਨੰਬਰ ਤੇ ਫੂਨ ਕੀਤਾ। ਫੂਨ ਚੁੱਕਣ ਵਾਲੇ ਨੂੰ ਫ਼ਤਿਹ ਬੁਲਾ ਕੇ ਮੈਂ ਸੈਮੀਨਾਰ ਵਾਰੇ ਪੁੱਛਿਆ। ਉਸ ਨੇ ਕਿਹਾ ਮੈਂ ਤਾਂ ਘੰਟੀ ਵੱਜਦੀ ਸੁਣ ਕੇ ਫੂਨ ਚੁੱਕ ਲਿਆ ਹੈ। ਤੁਸੀਂ ਕੱਟ ਕੇ ਦੁਵਾਰਾ ਫੂਨ ਕਰੋ ਸ਼ਾਇਦ ਕੋਈ ਕਮੇਟੀ ਮੈਂਬਰ ਚੁੱਕ ਲਵੇ। ਉਹ ਤੁਹਾਨੂੰ ਜਾਣਕਾਰੀ ਦੇ ਸਕਦਾ ਹੈ। ਗੁਰੂ ਘਰ ਦੇ ਅੰਦਰੋਂ, ਬਾਹਰ ਆਉਂਦੇ ਇੱਕ ਵਿਅਕਤੀ ਨੂੰ, ਮੈਂ ਹੱਥ ਜੋੜ ਕੇ ਬੇਨਤੀ ਕੀਤੀ ਕਿ ਇੱਥੋਂ ਦੇ ਕਿਸੇ ਪ੍ਰਬੰਧਕ ਨੂੰ ਮਿਲਣਾ ਚਾਹੁੰਦਾ ਹਾਂ, ਮਿਲਵਾ ਦੇਵੋ। ਉਸ ਨੇ ਕਿਹਾ ਅੰਦਰ ਸਾਹਮਣੇ ਰਸੀਦਾਂ ਕੱਟਣ ਵਾਲਾ (ਸੇਵਾਦਾਰ) ਬੈਠਾ ਹੈ। ਉਸ ਨੂੰ ਪੁੱਛ ਲਵੋ। ਮੈਂ ਹੈਰਾਨ ਹੋ ਸੋਚ ਰਿਹਾ ਸੀ ਕਿ ਇਹ ਸਿੱਖ ਕੌਮ ਦਾ ਹੀ ਧਰਮ ਸਥਾਨ ਹੈ ਜਿੱਥੇ ਇੱਕ ਸਿੱਖ ਵਲੋਂ ਕੀਤੀ ਬੇਨਤੀ ਵਲ ਭੀ ਧਿਆਨ ਨਹੀਂ ਦਿੱਤਾ ਜਾਂਦਾ। ਮੈਂ ਅੰਦਰ ਜਾ ਕੇ ਉਸ ਰਸੀਦਾਂ ਕੱਟਣ ਵਾਲੇ ਸੇਵਾਦਾਰ ਤੋਂ, ਕਮੇਟੀ ਪ੍ਰਧਾਨ ਜਾਂ ਸਕੱਤਰ ਵਾਰੇ ਪੁਛਿਆ। ਉਨ੍ਹਾਂ ਕਿਹਾ ਸਕੱਤਰ ਤਾਂ ਹੁਣੇ ਇੱਥੇ ਹੀ ਸਨ ਆ ਜਾਣਗੇ, ਪ੍ਰਧਾਨ ਜੀ ਦਾ ਪਤਾ ਨਹੀਂ ਕਿੱਧਰ ਹਨ। ਕੋਲ ਹੀ ਖੜੇ ਇੱਕ ਵੀਰ ਨੇ, ਇੱਕ ਸਿੰਘ ਵਲ ਇਸ਼ਾਰਾ ਕਰ ਕੇ ਕਿਹਾ, ਇਨ੍ਹਾਂ ਨੂੰ ਮਿਲ ਲਵੋ ਇਹ ਵੀ ਪ੍ਰਧਾਨ ਹੀ ਹਨ। ਮੈਂ ਉਨ੍ਹਾਂ ਨੂੰ ਫ਼ਤਿਹ ਬੁਲਾ ਕੇ, ਸੈਮੀਨਾਰ ਵਾਰੇ ਪੁੱਛਿਆ। ਉਨ੍ਹਾਂ ਕਿਹਾ ਸੈਮੀਨਾਰ ਤਾਂ ਇੱਥੇ ਹੀ ਹੋਵੇਗਾ, ਸਮਾਂ ਦੋ ਵਜੇ ਦਾ ਹੈ। ਮੈਂ ਕਿਹਾ ਕੀ ਕਿਸੇ ਅਨਜਾਣਤ ਸਿੱਖ (ਜਿਸ ਨੂੰ ਪ੍ਰਬੰਧਕ ਨਾ ਜਾਣਦੇ ਹੋਣ) ਨੂੰ ਕੁੱਝ ਮਿੰਟ ਬੋਲਣ ਲਈ ਸਮਾਂ ਮਿਲ ਸਕਦਾ ਹੈ ? ਉਹ ਕਹਿਣ ਲੱਗੇ ਇਸ ਵਾਰੇ ਤਾਂ ਮੈਂ ਕੁੱਝ ਨਹੀਂ ਕਹਿ ਸਕਦਾ ਪਰ ਮੈਂ ਪ੍ਰਧਾਨ ਜੀ ਨੂੰ ਕਹਿ ਦਿਆਂਗਾ। ਮੈਂ ਗੁਰੂ ਦਰਬਾਰ ਵਿੱਚ ਜਾ ਕੇ ਮੱਥਾ ਟੇਕਿਆ ਤੇ ਉੱਥੇ ਬੈਠ ਗਿਆ। ਪਾਠ ਕੀਤਾ ਜਾ ਰਿਹਾ ਸੀ।

ਕੁੱਝ ਦੇਰ ਬੈਠਣ ਉਪਰੰਤ ਮੈਂ ਕੜਾਹ ਪ੍ਰਸ਼ਾਦ ਵਰਤਾ ਰਹੇ ਸੇਵਾਦਾਰ ਕੋਲ ਜਾ ਕੇ ਪੁੱਛਿਆ ਕਿ ਇੱਥੇ ਤਾਂ ਪਾਠ ਹੋ ਰਿਹਾ ਹੈ, ਸੈਮੀਨਾਰ ਕਿੱਥੇ ਹੋਵੇਗਾ ? ਉਨ੍ਹਾਂ ਦਸਿਆ ਕਿ ਇੱਥੇ ਤਾਂ ਅਖੰਡ ਪਾਠ ਹੋ ਰਿਹਾ ਹੈ ਸ਼ਾਇਦ ਲੋਕ ਭੁਲੇਖੇ ਨਾਲ ਇੱਧਰ ਆ ਰਹੇ ਹਨ। ਸੈਮੀਨਾਰ ਦੂਸਰੇ ਹਾਲ ਵਿੱਚ ਹੋਵੇਗਾ। ਮੈਂ ਉਸ ਦੂਸਰੇ ਹਾਲ (ਜਿੱਥੇ ਵਿਆਹ ਦਾ ਜੱਸ਼ਨ ਚੱਲ ਰਿਹਾ ਸੀ) ਵਿੱਚ ਜਾ ਸਤਿਗੁਰੂ ਜੀ ਅੱਗੇ ਨਮਸ਼ਕਾਰ ਕੀਤੀ ਤੇ ਪਾਸੇ ਜਿਹੇ ਹੋ ਬੈਠ ਗਿਆ। ਵਿਆਹ ਵਿੱਚ ਸ਼ਮੂਲੀਅਤ ਪ੍ਰਹੁਣਾਚਾਰੀ ਦੀ ਭੂਮਿਕਾ (ਫੋਟੋ ਗਰਾਫੀ ਵਿੱਚ ਰੁਝਾਨ) ਨੇ ਗੁਰੂ ਦਰਬਾਰ ਦੇ ਸਤਿਕਾਰ ਨੂੰ ਬਿਲਕੁਲ ਅੱਖੋਂ ਪਰੋਖੇ ਕੀਤਾ ਹੋਇਆ ਸੀ। ਦਰਬਾਰ ਵਿੱਚ ਥ੍ਹਾਂ ਥ੍ਹਾਂ ਫੁੱਲ ਪੰਖੜੀਆਂ ਖਿਲਰੀਆਂ ਹੋਈਆਂ ਸਨ। ਇੱਕ ਗੁਰਸਿੱਖ ਸੱਜਨ ਅੰਦਰ ਆਏ ਅਤੇ ਇੱਧਰ ਉੱਧਰ ਦੇਖ ਕੇ ਕਹਿਣ ਲੱਗੇ, ਦੇਖੋ ਕਿਵੇਂ ਖਿਲਾਰਾ ਖਿਲਾਰਿਆ ਹੈ। ਮੈਂ ਉਨ੍ਹਾਂ ਨੂੰ ਕਿਹਾ, ਜੇ ਤੁਸੀਂ ਮੈਨੂੰ ਇੱਕ ਪਲਾਸਟਿਕ ਬੈਗ ਦਾ ਇੰਤਜਾਮ ਕਰ ਦੇਵੋਂ ਤਾਂ ਮੈਂ ਇਹ ਖਿਲਰੇ ਫੁੱਲ ਪੰਖੜੀਆਂ ਸਾਫ਼ ਕਰ ਦਿਆਂਗਾ। ਉਹ ਵੀਰ ਜੀ ਬੋਲੇ, ਨਹੀਂ ਜੀ ਇਹ ਤਾਂ ਹੁਣ ਅਸੀਂ ਆਪ ਹੀ ਕਰਾਂਗੇ ਪਰ ਗੁਰਦੁਆਰੇ ਦੇ ਪ੍ਰਬੰਧ ਵਿੱਚ ਰਹਿ ਚੁੱਕੇ ਵਿਅਕਤੀਆਂ ਨੂੰ ਆਪ ਵੀ ਕੁੱਝ ਸੋਝੀ ਹੋਣੀ ਚਾਹੀਦੀ ਹੈ। ਸਮਾਂ ਦੋ ਵਜੇ ਤੋਂ ਕੁੱਝ ਵੱਧ ਹੋ ਚੁੱਕਾ ਸੀ ਅਤੇ ਫੋਟੋ ਖਿਚਾਵਿਆਂ ਨੂੰ ਕਹਿ ਕੇ ਗੁਰੂ ਦਰਬਾਰ ਵਿਹਲਾ ਕਰਵਾਉਣਾ ਪਿਆ। ਸਵਾ ਦੋ ਕੁ ਵਜੇ (ਇਸ਼ਤਿਹਾਰ ਵਿੱਚ ਲਿਖੇ ਨਾਮ ਮੁਤਾਬਿਕ) ਭਾਈ ਗੁਰਬਖ਼ਸ਼ ਸਿੰਘ ਜੀ ਇੰਗਲੈਂਡ ਨਿਵਾਸੀ ਅਤੇ ਭਾਈ ਰਘਵੀਰ ਸਿੰਘ ਜੀ ਬੈਂਸ ਹੋਰਾਂ ਦੇ ਨਾਲ ਭਾਈ ਰੂਪ ਸਿੰਘ ਜੀ (ਨੁਮਾਇੰਦੇ ਸ਼੍ਰੋਮਣੀ ਪ੍ਰਬੰਧਕ ਕਮੇਟੀ) ਭਾਰਤ ਨਿਵਾਸੀ, ਗੁਰੂ ਦਰਬਾਰ ਵਿੱਚ ਆ ਹਾਜ਼ਰ ਹੋਏ। ਜਿਸ ਗੁਰਮੁਖਿ ਪਿਆਰੇ ਨੇ ਮੇਰੇ ਨਾਲ, ਖਿਲਰੇ ਫੁੱਲਾਂ ਵਾਰੇ ਗੱਲ ਕੀਤੀ ਸੀ, ਉਹ ਸਟੇਜ ਸੰਭਾਲਦੇ ਹੋਏ ਗੁਰੂ ਦਰਬਾਰ ਵਿੱਚ ਹਾਜ਼ਰ ਹੋਈ ਸੰਗਤ (ਜੋ ਉਸ ਸਮੇਂ ਪੰਦਰਾਂ ਕੁ ਪ੍ਰਾਣੀ ਹੀ ਸਨ, ਪਰ ਸੈਮੀਨਾਰ ਦੀ ਸਮਾਪਤੀ ਤੱਕ ਇਹ ਗਿਣਤੀ ਨੱਬੇ ਜਾਂ ਸੌ ਕੁ ਤੱਕ ਹੋ ਗਈ ਸੀ) ਵੱਲ ਦੇਖਦੇ ਹੋਏ, ਕੁੱਝ ਨਿਰਾਸ਼ਾਵਾਦੀ ਲਹਿਜੇ ਵਿੱਚ ਸਿੱਖ ਕੌਮ ਦੇ ਸਿੱਖੀ ਵਲ ਰੁਝਾਨ ਵਾਰੇ ਬੋਲੇ ਤੇ ਕਿਹਾ। ਇਹ ਹੈ ਅੱਜ ਸਾਡੀ ਸਿੱਖ ਕੌਮ ਪਰਤੀ ਜਾਗਰੂਕਤਾ ਦਾ ਸੌਹੇਂ ਦਿਸ ਰਿਹਾ ਸਬੂਤ। ਮੈਂ ਸਮਝ ਗਿਆ ਕਿ ਇਹ ਹੀ ਹੋਣਗੇ ਸਕੱਤਰ, ਪਰ ਨਹੀਂ ਉਹ ਪ੍ਰਧਾਨ ਜੀ ਸਨ ਜਿਨ੍ਹਾਂ ਮੁੱਖ ਬੁਲਾਰਿਆਂ ਬਾਰੇ ਜਾਣਕਾਰੀ ਦੇ ਕੇ, ਸਟੇਜ ਭਾਈ ਰਘਵੀਰ ਸਿੰਘ ਬੈਂਸ ਹੋਰਾਂ ਨੂੰ ਸੰਭਾਲ ਦਿੱਤੀ ਅਤੇ ਆਪ ਆ ਕੇ ਸੁਣਨਹਾਰਿਆਂ ਵਿੱਚ ਬੈਠ ਗਏ। ਮੈਂ ਇਸ਼ਤਿਹਾਰ ਵਿੱਚ ਲਿਖੇ ਮੁਤਾਬਿਕ (ਇਸ ਸੈਮੀਨਾਰ ਵਿੱਚ ਕੈਨੇਡਾ ਦੇ ਸਮੂੰਹ ਵਿਚਾਰਵਾਨ ਸੱਜਣ ਹਿੱਸਾ ਲੈ ਰਹੇ ਹਨ। ਸਮੂੰਹ ਹਾਜ਼ਰ ਸੱਜਣ ਡੂੰਘੀਆਂ ਵਿਚਾਰਾਂ ਕਰਦੇ ਹੋਏ, ਪੜ੍ਹਕੇ) ਉਨ੍ਹਾਂ ਦੇ ਕੋਲ ਜਾ ਕੇ ਸਿਰਫ਼ ਸੱਤ ਕੁ ਮਿੰਟ ਦਾ ਸਮਾਂ ਲੈਣ ਵਾਸਤੇ ਬੇਨਤੀ ਕੀਤੀ। ਉਨ੍ਹਾਂ ਨੇ ਨਾਹ ਕਰਦੇ ਹੋਏ ਕਿਹਾ, ਨਹੀਂ ਸਾਡੇ ਕੋਲ ਦੋ ਹੀ (ਖ਼ਾਸ ਪਦਵੀਆਂ ਪ੍ਰਾਪਤ) ਬੁਲਾਰੇ ਹਨ। ਮੈਂ ਕਿਹਾ ਇਨ੍ਹਾਂ ਦੋਹਾਂ ਬੁਲਾਰਿਆਂ ਦੇ ਵਿਚਕਾਰ ਸਿਰਫ਼ (ਬਹੁਤਾ ਨਹੀਂ) ਸੱਤ ਕੁ ਮਿੰਟ ਦਾ ਸਮਾਂ ਦੇ ਦਿਓ। ਬੋਲੇ ਮੁਸ਼ਕਿਲ ਹੈ, ਬਾਅਦ ਵਿੱਚ ਦੇਖਾਂਗੇ। ਇਸ ਦੇਖਾਂਗੇ ਸ਼ਬਦ ਦਾ ਜੋ ਨਤੀਜਾ ਨਿਕਲਦਾ ਜਾਂ ਨਿਕਲਣਾ ਸੀ, ਉਸ ਨਤੀਜੇ ਤੋਂ ਮੈਂ ਬਹੁਤ ਚੰਗੀ ਤਰ੍ਹਾਂ ਜਾਣੂੰ ਸੀ। ਤਕਰੀਬਨ 1979 ਈ: ਤੋਂ ਮੇਰਾ ਵਾਸਤਾ ਗੁਰਦੁਆਰਿਆਂ ਦੇ

ਪ੍ਰਬੰਧਕਾਂ ਨਾਲ ਪੈਂਦਾ ਹੀ ਰਹਿੰਦਾ ਹੈ। ਮੈਂ ਨਾ ਹੀ ਕੋਈ ਸਟੇਜ ਬੁਲਾਰਾ ਹਾਂ ਅਤੇ ਨਾ ਹੀ ਕਦੀ ਸਿੱਖ ਕੌਮ ਨਾਲ ਸੰਬੰਧਿਤ ਅਦਾਰਿਆਂ ਦੇ ਪ੍ਰਬੰਧਕਾਂ ਵਿੱਚ ਸ਼ਮੂਲੀਅਤ ਕੀਤੀ ਹੈ। ਸਿੱਖੀ ਕਿਰਦਾਰ ਅਤੇ ਸਿੱਖੀ ਸਿਧਾਂਤਾਂ, ਰਹੁ-ਰੀਤਾਂ ਵਿੱਚ ਆਏ ਨਿਘ੍ਹਾਰ ਵੱਲ ਦੇਖ ਕੇ ਇਹ ਮਨ (**ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ ॥੬੬੧॥**) ਆਪਣੀ ਕੌਮ ਨਾਲ ਕੁੱਝ ਵਿਚਾਰ ਸਾਂਝੇ ਕਰਨ ਲਈ ਤਿਲਮਿਲਾ ਉੱਠਦਾ ਹੈ। ਪਤਾ ਸੀ ਕਿ ਇਹ ਪ੍ਰਬੰਧਕ ਇੱਕ ਅਨਜਾਣੇ ਸਿੱਖ ਨੂੰ ਵਿਚਾਰ ਸਾਂਝੇ ਕਰਨ ਦਾ ਸਮਾਂ ਬਿਲਕੁਲ ਨਹੀਂ ਦੇਣਗੇ। ਹਾਂ ਜੇਕਰ ਮੈਂ ਉਨ੍ਹਾਂ ਨੂੰ ਆਪਣੀ ਜਾਣ ਪਛਾਣ ਕਰਵਾਉਂਦਾ ਜਾਂ ਕਿਸੇ ਖ਼ਾਸ ਵਿਅਕਤੀ ਰਾਹੀਂ ਸਿਫ਼ਾਰਸ਼ ਕਰਵਾਉਂਦਾ ਤਾਂ ਸ਼ਾਇਦ ਸਮਾਂ ਵੀ ਮਿਲ ਜਾਂਦਾ ਅਤੇ ਨਾਲ ਹੀ ਫੋਕੀ ਵਡਿਆਈ ਦੇ ਕੁੱਝ ਸ਼ਬਦ ਭੀ। ਸਿੱਖ ਧਰਮ ਦੇ ਆਗੂਆਂ ਜਾਂ ਗੁਰ-ਸਥਾਨਾਂ ਦੇ ਪ੍ਰਬੰਧਕਾਂ ਵਾਰੇ ਜਾਣਦਿਆਂ ਹੋਇਆਂ ਭੀ ਮੈਂ ਕੁੱਝ ਹੋਰ ਜਾਨਣ ਲਈ ਉਤਾਵਲਾ ਸੀ। ਸਟੇਜ ਭਾਈ ਰਘਵੀਰ ਸਿੰਘ ਬੈਂਸ ਹੋਰਾਂ ਨੂੰ ਸੰਭਾਲੀ ਹੋਈ ਸੀ। ਪਹਿਲੇ ਬੁਲਾਰੇ ਭਾਈ ਰੂਪ ਸਿੰਘ ਜੀ ਸਨ ਪਰ ਰਘਵੀਰ ਸਿੰਘ ਜੀ ਨੇ ਭਾਈ ਗੁਰਬਖ਼ਸ਼ ਸਿੰਘ ਜੀ ਹੋਰਾਂ ਨੂੰ ਸਟੇਜ ਤੇ ਆ ਕੇ ਆਪਣੇ ਵਿਚਾਰ ਪੇਸ਼ ਕਰਨ ਲਈ ਕਿਹਾ। ਪ੍ਰਧਾਨ ਜੀ ਨੇ ਕਿਹਾ ਕਿ ਪਹਿਲਾਂ ਰੂਪ ਸਿੰਘ ਜੀ ਹੋਰਾਂ ਨੂੰ ਸਮਾਂ ਦਿਓ। ਸੋ ਉਨ੍ਹਾਂ ਭਾਈ ਰੂਪ ਸਿੰਘ ਜੀ ਨੂੰ ਪੰਤਾਲੀ ਕੁ ਮਿੰਟ ਦਾ ਸਮਾਂ ਦੇ ਦਿੱਤਾ ਤੇ ਆਪ ਸਾਹਮਣੇ ਆ ਕੇ ਬੈਠ ਗਏ। ਮੈਂ ਭਾਈ ਰਘਵੀਰ ਸਿੰਘ ਜੀ ਹੋਰਾਂ ਕੋਲ ਜਾ ਕੇ ਵੀ ਸੱਤ ਕੁ ਮਿੰਟ ਦਾ ਸਮਾਂ ਲੈਣ ਲਈ ਬੇਨਤੀ ਕੀਤੀ। ਉਨ੍ਹਾਂ ਨੇ ਧਿਆਨ ਨਾਲ ਮੇਰੇ ਵਲ ਦੇਖਿਆ ਭੀ ਨਹੀ ਤੇ ਮੇਰੀ ਬੇਨਤੀ ਨੂੰ ਨਜ਼ਰ ਅੰਦਾਜ਼ ਕਰਦਿਆਂ ਆਪਣੀ ਉਂਗਲ ਪ੍ਰਧਾਨ ਜੀ ਵਲ ਕੀਤੀ ਤੇ ਬੋਲੇ, ਉਨ੍ਹਾਂ ਨੂੰ ਕਹੋ ਮੈਂ ਸਮਾਂ ਨਹੀਂ ਦੇ ਸਕਦਾ। ਮੈਂ ਜੋ ਜਾਨਣਾ ਚਹੁੰਦਾ ਸੀ ਉਹ ਜਾਣ ਲਿਆ ਸੀ। ਵੈਸੇ ਕਾਫ਼ੀ ਸਮਾਂ ਪਹਿਲੇ ਮੈਂ ਭਾਈ ਰੂਪ ਸਿੰਘ ਜੀ ਨਾਲ ਦੋ ਵੇਰ ਉਨ੍ਹਾਂ ਦੇ ਹੀ ਦਫ਼ਤਰ ਵਿੱਚ ਬੈਠ ਕੇ ਕੁੱਝ ਵਿਚਾਰ ਸਾਂਝੇ ਕੀਤੇ ਸਨ। ਭਾਈ ਰਘਵੀਰ ਸਿੰਘ ਜੀ ਅਸਟ੍ਰੇਲੀਆ ਫੇਰੀ ਦੌਰਾਨ ਮੇਰੇ ਇੱਕ ਮਿੱਤਰ ਰਾਹੀਂ ਮੇਰੇ ਘਰ ਆਏ ਸਨ ਅਤੇ ਦੋ ਕੁ ਘੰਟੇ ਸਾਡੇ ਆਪਸੀ ਵਿਚਾਰ ਵੀ ਸਾਂਝੇ ਹੋਏ ਸਨ। ਜੇ ਮੈਂ ਉਨ੍ਹਾਂ ਨੂੰ ਇਹ ਸਭ ਯਾਦ ਕਰਵਾ ਦਿੰਦਾ ਤਾਂ ਸ਼ਾਇਦ ਮੇਰੇ ਨਾਲ ਕੁੱਝ ਵੱਖਰਾ ਵਰਤਾ ਹੁੰਦਾ।

ਖ਼ੈਰ ਹੁਣ ਮਨ ਨੂੰ ਠਹਿਰਾ ਆ ਗਿਆ ਸੀ। ਦੋਹਾਂ ਬੁਲਾਰਿਆਂ ਅਤੇ ਸੰਗਤ ਵਿੱਚੋਂ ਉਠਾਏ ਸਵਾਲਾਂ ਦੇ ਉੱਤਰ ਸੁਣਦਿਆਂ ਸਮਾਂ ਬੀਤਿਆ। ਚਹੁੰਦੇ ਹੋਏ ਭੀ ਕੋਈ ਸਵਾਲ ਕਰਨਾ ਉਚਿਤ ਨਹੀਂ ਸਮਝਿਆ। ਬਾਅਦ ਵਿੱਚ ਮੈਂ ਭਾਈ ਗੁਰਬਖ਼ਸ਼ ਸਿੰਘ ਜੀ ਨੂੰ ਅੱਜ ਦੀ ਬੀਤੀ ਸੁਣਾਈ। ਉਨ੍ਹਾਂ ਕਿਹਾ ਤੁਹਾਨੂੰ ਆਪਣੀ ਜਾਣ ਪਹਿਚਾਣ ਜਰੂਰ ਕਰਵਾਉਣੀ ਚਾਹੀਦੀ ਸੀ। ਮੈਂ ਕਿਹਾ ਮੈਂ ਇੱਕ ਸਿੱਖ ਹੋਣ ਦੇ ਨਾਤੇ ਸੈਮੀਨਾਰ ਵਿੱਚ ਹਿੱਸਾ ਲੈਣਾ ਚਹੁੰਦਾ ਸੀ, ਕਿਸੇ ਖ਼ਾਸ ਮਨੁੱਖ (V.I.P.) ਜਾਂ ਸਿਫ਼ਾਰਸ਼ ਨਾਤੇ੍ ਨਹੀਂ। ਮੈਂ ਆਪਣੀ ਵਲੋਂ ਉਨ੍ਹਾਂ ਨੂੰ ਸਿੱਖੀ ਸਿਧਾਂਤ ਸਮੀਖਿਆ ਕਿਤਾਬ ਦੇ ਕੇ ਗੁਰਮਤਿ ਅਨੁਸਾਰ ਰਹੀ ਊਣਤਾਈ ਵਾਰੇ ਜਾਣੂੰ ਕਰ੍ਹਾਉਣ ਲਈ ਬੇਨਤੀ ਭੀ ਕੀਤੀ। ਭਾਈ ਗੁਰਬਖ਼ਸ਼ ਸਿੰਘ ਜੀ ਨੇ ਵਾਇਦਾ ਕੀਤਾ ਕਿ ਕਿਤਾਬ ਪੜ੍ਹਕੇ ਚਿੱਠੀ ਜਰੂਰ ਲਿਖਣਗੇ।

ਅਫ਼ਸੋਸ ਮਾਣ ਮੱਤਿਆਂ ਕੋਲ ਆਮ ਸਿੱਖ ਨੂੰ ਯਾਦ ਕਰਨ ਦਾ ਸਮਾਂ ਹੀ ਕਿੱਥੇ ਹੈ। ਮੈਨੂੰ ਯਾਦ ਆ ਰਹੀ ਸੀ ਭਗਤ ਨਾਮ ਦੇਵ ਜੀ ਵਾਲੀ ਘਟਨਾ। ਸਾਡੇ ਅੱਜ ਦੇ ਪ੍ਰਬੰਧਕ ਕਿਸੇ ਅਨਜਾਣਤ ਸਿੱਖ ਨੂੰ ਬਾਹੋਂ ਫੜ ਕੇ ਬਾਹਰ ਤਾਂ ਭਾਵੇਂ ਨਹੀਂ ਕੱਢਦੇ ਪਰ, ਅਨ-ਸਿਫ਼ਾਰਸ਼ ਸਿੱਖ ਨੂੰ ਵਿਚਾਰ ਸਾਂਝੇ ਕਰਨ ਜਾਂ ਸ਼ਮੂਲੀਅਤ ਹੋਣ ਦੀ ਇਜ਼ਾਜ਼ਤ ਭੀ ਨਹੀਂ ਦਿੰਦੇ। ਗੁਰਸਿੱਖ ਭਰਾਵੋ ਆਪ ਜੀ ਨੂੰ ਸਤਿਗੁਰੂ ਜੀ ਨੇ ਗੁਰੂ ਘਰ ਦੇ ਸੁਚੱਜੇ ਪ੍ਰਬੰਧ ਲਈ ਸੇਵਾਦਾਰੀ ਦਾ ਮਾਣ ਬਖ਼ਸ਼ਿਆ ਹੈ। ਗੁਰਭਾਈਆਂ ਨਾਲ ਵਰਤਾਓ ਵਾਲੇ ਗੁਰ-ਉਪਦੇਸ਼ : **ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥** ਦੀ ਯਾਦ ਭੀ ਹਿਰਦਿਆਂ ਵਿੱਚ ਵਸਾਈ ਰੱਖਣੀ ਚਾਹੀਦੀ ਹੈ।

ਮਿਹਰਾਂ ਵਾਲਿਆ, ਮਿਹਰ ਵਰਤਾਈਂ ਐਸੀ,
ਮਤਿ ਗੁਰੂ ਦੀ, ਸਦਾ ਸਮਝਾਈਂ ਮੈਨੂੰ।
ਹੁਕਮ ਗੁਰੂ ਦਾ, ਸਿੱਖੀ ਵਿਚਾਰ ਧਾਰਾ,
ਬਾਣੀ ਬਾਣੇ ਲਈ ਫ਼ਰਜ਼, ਸਿਖਲਾਈਂ ਮੈਨੂੰ।
ਸਿੱਖ ਹੋਣ ਦਾ, ਸਦਾ ਹੀ ਮਾਣ ਹੋਵੇ,
ਚੋਗ ਗਿਆਨ ਦੀ, ਸਦਾ ਚੁਗਾਈਂ ਮੈਨੂੰ।
ਸਿਮਰਨ ਸੇਵਾ ਸੁੱਚ ਸੰਜਮ ਦੀ, ਕਰੀਂ ਬਖ਼ਸ਼ਿਸ਼,
ਅੰਮ੍ਰਿਤ ਨਾਮ ਦੀ ਰੰਗਤ, ਚੜ੍ਹਾਈਂ ਮੈਨੂੰ।
ਸਮਝ ਸਕਾਂ ਗੁਰੂ ਬਾਣੀ ਦੀਆਂ ਗੁਹਜ ਰਮਜ਼ਾਂ,
ਗੈਬੀ ਗਿਆਨ ਦੇ ਗੱਫੇ ਵਰਤਾਈਂ ਮੈਨੂੰ।
ਲਿਖਾਂ ਸੱਚ, ਜੋ ਗੁਰਮਤਿ ਅਨੁਸਾਰ ਹੋਵੇ,
ਇੱਛਾ ਸ਼ੋਹਰਤ ਦੀ, ਸਦਾ ਭੁਲਾਈਂ ਮੈਨੂੰ।
ਕਾਦਰ ਛੱਡ, ਨਾ ਕੁਦਰਤ ਦੀ ਕਰਾਂ ਪੂਜਾ,
ਵਹਿਮਾਂ ਭਰਮਾਂ ਦੇ ਰਾਹ, ਨਾ ਪਾਈਂ ਮੈਨੂੰ।
ਤੇਰੀ ਰਜ਼ਾ ਵਿੱਚ ਦਾਤਾ, ਜੋ ਰਹਿਣ ਰਾਜ਼ੀ,
ਕਿਸ਼ਨ, ਸੇਈ ਪਿਆਰੇ, ਮਿਲਾਈਂ ਮੈਨੂੰ।

ਸਿੱਖਾ ਹੋਸ਼ ਸੰਭਾਲ

ਵਿਰਸਾ ਕਰਕੇ ਯਾਦ ਆਪਣਾ, ਕਰੀਂ ਖ਼ਿਆਲ ਜਰਾ।
ਤੇਰੀ ਪੱਗ ਨੂੰ ਪੈ ਗਿਆ ਹੱਥ, ਹੁਣ ਸਿੰਘਾ ਹੋਸ਼ ਸੰਭਾਲ ਜਰਾ।

ਸਤਿਗੁਰ ਨਾਨਕ ਨੇ ਸੀ, ਬੂਟਾ ਲਾਇਆ ਸਿੱਖੀ ਦਾ।
ਨੌਂ ਗੁਰੂਆਂ ਸਮਝਾਇਆ ਰਸਤਾ ਖੰਨਿਅਹੁ ਤਿਖੀ ਦਾ।
ਏਤਿ ਮਾਰਗ ਜਾਣਾ, ਸਭ ਨੂੰ ਅੱਜ ਸਿਖਾਲ ਜਰਾ।
ਤੇਰੀ ਪੱਗ ਨੂੰ ਪੈ ਗਿਆ ਹੱਥ, ਹੁਣ ਸਿੰਘਾ ਹੋਸ਼ ਸੰਭਾਲ ਜਰਾ।

ਸਿੱਖ ਧਰਮ ਲਈ ਸਤਿਗੁਰਾਂ ਸਭ ਕੁੱਝ ਲਗਾ ਦਿੱਤਾ।
ਲੱਖਾਂ ਸਿੱਖਾਂ ਤਨ ਮਨ ਧਨ ਸਭ ਘੋਲ ਘੁਮਾ ਦਿੱਤਾ।
ਅਣਖ ਊਂਘਦੀ ਤੇਰੀ ਅੱਜ, ਝੰਜੋੜ ਉਠਾਲ ਜਰਾ।
ਤੇਰੀ ਪੱਗ ਨੂੰ ਪੈ ਗਿਆ ਹੱਥ, ਹੁਣ ਸਿੰਘਾ ਹੋਸ਼ ਸੰਭਲ ਜਰਾ।

ਸਿੱਖੀ ਲਈ ਬੰਦ ਬੰਦ ਕਟਵਾਉਂਦੇ ਸੀ ਨਾ ਕਹਿੰਦੇ ਜੋ।
ਕੇਸਾਂ ਸਣੇ ਲੁਹਾਉਂਦੇ ਖੋਪਰ ਹੱਸਦੇ ਰਹਿੰਦੇ ਓਹ।
ਤਨ ਚਿਰਵਾਉਂਦੇ ਸਿੱਖੀ ਲਈ ਜੋ ਹੋਣ ਨਿਹਾਲ ਜਰਾ।
ਤੇਰੀ ਪੱਗ ਨੂੰ ਪੈ ਗਿਆ ਹੱਥ, ਹੁਣ ਸਿੰਘਾ ਹੋਸ਼ ਸੰਭਾਲ ਜਰਾ।

ਲੱਖਾਂ ਦੇ ਕੁਰਬਾਨੀਆਂ ਜੋ ਸਿੱਖ ਰਾਜ ਬਣਾਇਆ ਸੀ।
ਕੁੱਝ ਹੀ ਕੌਮ ਗ਼ਦਾਰਾਂ ਮਿੱਟੀ ਵਿੱਚ ਮਿਲਾਇਆ ਸੀ।
ਕਰਤੀ ਕੌਮ ਗ਼ੁਲਾਮ, ਮਕ੍ਹਾਰਾ ਚੱਲੀ ਚ੍ਹਾਲ ਜਰਾ।
ਤੇਰੀ ਪੱਗ ਨੂੰ ਪੈ ਗਿਆ ਹੱਥ, ਹੁਣ ਸਿੰਘਾ ਹੋਸ਼ ਸੰਭਾਲ ਜਰਾ।

ਦੇਸ਼ ਆਜ਼ਾਦ ਕਰਾਉਣੇ ਲਈ ਫਿਰ ਮਤੇ ਪਕਾਏ ਸੀ।
ਸੌ ਚੋਂ ਨੱਬੇ ਸਿਰ ਸਿੱਖਾਂ, ਇਸ ਲਹਿਰ ਚ ਲਾਏ ਸੀ।
ਕੱਢਿਆ ਬਾਹਰ ਫਰੰਗੀ ਖਾਧਾ ਜਦੋਂ ਉਬਾਲ ਜਰਾ।
ਤੇਰੀ ਪੱਗ ਨੂੰ ਪੈ ਗਿਆ ਹੱਥ ਹੁਣ ਸਿੰਘਾ ਹੋਸ਼ ਸੰਭਾਲ ਜਰਾ।

ਕੱਢ ਬਿੱਲਿਆਂ ਨੂੰ ਲੂੰਬੜਾਂ ਦੇ ਹੋ ਅਸੀਂ ਗ਼ੁਲਾਮ ਗਏ।
ਕੁੱਝ ਲੀਡਰ ਕੌਮ ਗ਼ਦਾਰ ਕੌਮ ਨੂੰ ਕਰ ਬਦਨਾਮ ਗਏ।
ਕੁਰਸੀ ਨੇ ਦਿਖਲਾਇਆ ਆਪਣਾ ਜਦੋਂ ਕਮਾਲ ਜਰਾ।
ਤੇਰੀ ਪੱਗ ਨੂੰ ਪੈ ਗਿਆ ਹੱਥ, ਹੁਣ ਸਿੰਘਾ ਹੋਸ਼ ਸੰਭਾਲ ਜਰਾ।

ਚੌਧਰ ਭੁੱਖਿਆਂ ਲਾਲਚ ਵਿੱਚ ਆ ਚੰਦ ਚੜ੍ਹਾ ਦਿੱਤੇ।
ਸਾਥ ਮਕ੍ਰਾਰਾਂ ਦਾ ਦੇ ਲੱਖਾਂ ਸਿੱਖ ਮਰਵਾ ਦਿੱਤੇ।
ਮੂੰਹ ਮੋੜਿਆ ਸਿੱਖੀ ਤੋਂ ਤੱਕ ਕੇ ਧਨ ਮਾਲ ਜਰਾ।
ਤੇਰੀ ਪੱਗ ਨੂੰ ਪੈ ਗਿਆ ਹੱਥ ਹੁਣ ਸਿੰਘਾ ਹੋਸ਼ ਸੰਭਾਲ ਜਰਾ।

ਤਿਲਕ ਜੰਞੂ ਲਈ ਨੌਵੇਂ ਸਤਿਗੁਰ ਸੀਸ ਲਗਾ ਦਿੱਤਾ।
ਅੱਜ ਬੇ-ਗੈਰਤ ਜੰਞੂਆਂ ਵਖ਼ਤ ਸਿੱਖੀ ਨੂੰ ਪਾ ਦਿੱਤਾ।
ਤੂੰ ਵੀ ਇਨ੍ਹਾਂ ਮਕ੍ਰਾਰਾਂ ਨੂੰ ਹੁਣ ਹੱਥ ਦਿਖਾਲ ਜਰਾ।
ਤੇਰੀ ਪੱਗ ਨੂੰ ਪੈ ਗਿਆ ਹੱਥ, ਹੁਣ ਸਿੰਘਾ ਹੋਸ਼ ਸੰਭਾਲ ਜਰਾ।

ਸਿੱਖਾਂ ਨੇਕੀ ਕੀਤੀ ਹਿੰਦੂਆਂ ਸਭ ਭੁੱਲਾ ਦਿੱਤੀ।
ਸੰਵਿਧਾਨ ਵਿੱਚ ਸਿੱਖ ਕੌਮ ਦੀ ਹੋਂਦ ਗਵਾ ਦਿੱਤੀ।
ਸਿਰ ਦੇ ਸਾਜੀ ਕੌਮ ਦਾ ਕੀਤਾ ਨਹੀਂ ਖ਼ਿਆਲ ਜਰਾ।
ਤੇਰੀ ਪੱਗ ਨੂੰ ਪੈ ਗਿਆ ਹੱਥ ਹੁਣ ਸਿੰਘਾ ਹੋਸ਼ ਸੰਭਾਲ ਜਰਾ।

ਬਾਣੀ ਰਿਦ੍ਹੇ ਵਸਾਈਏ ਭਵਜਲ ਪਾਰ ਲੰਘਾਉਣੇ ਲਈ।
ਹੱਥ ਹਥਿਆਰ ਉਠਾਈਏ ਆਪਣਾ ਧਰਮ ਬਚਾਉਣੇ ਲਈ।
ਮੱਧਮ ਪੈਂਦੀ ਕਰੋ ਅਣਖ ਦੀ ਤੇਜ਼ ਮਸ਼ਾਲ ਜਰਾ।
ਤੇਰੀ ਪੱਗ ਨੂੰ ਪੈ ਗਿਆ ਹੱਥ, ਹੁਣ ਸਿੰਘਾ ਹੋਸ਼ ਸੰਭਾਲ ਜਰਾ।

ਸੁੱਤਿਓ ਸਿੰਘੋ ਜਾਗੋ, ਸਿੱਖੀ ਅਣਖ ਜਗਾ ਦੇਵੋ।
ਕਿਸ਼ਨ ਸਾਰੀਆਂ ਜਥੇ ਬੰਦੀਆਂ ਇੱਕ ਬਣਾ ਦੇਵੋ।
ਗਿੱਲ ਮੋਹਣ ਸ਼ਗਾਰੇ ਤਦੋਂ ਧਰਤ ਤੇ ਆਊ ਭੂਚਾਲ ਜਰਾ।
ਤੇਰੀ ਪੱਗ ਨੂੰ ਪੈ ਗਿਆ ਹੱਥ, ਹੁਣ ਸਿੰਘਾ ਹੋਸ਼ ਸੰਭਾਲ ਜਰਾ।

ਸਿੱਖਾ ਸਾਂਭ ਸਿੱਖੀ ਕਿਰਦਾਰ

ਸਿੰਘਾ ਸੌਂ ਗਿਆ ਤੂੰ ਵਿਰਸਾ ਵਿਸਾਰ, ਗੂੜ੍ਹੀ ਨੀਂਦ ਤੈਨੂੰ ਆ ਗਈ।
ਵੈਰੀ ਲੁੱਟੀ ਜਾਣ ਤੇਰਾ ਘਰ ਬਾਰ, ਜੋਸ਼ ਤੇਰਾ ਫੁੱਟ ਖਾ ਗਈ।

ਦੇ ਕੇ ਸੀਸ ਸਿੰਘਾ, ਜਿਹੜੀ ਸਿੱਖੀ ਅਪਨਾਈ ਤੂੰ।
ਮਾਇਆ ਮੋਹ ਦੇ ਪਿੱਛੇ ਜਾਵੇਂ, ਘੱਟੇ ਚ, ਮਿਲਾਈ ਤੂੰ।
ਭੁੱਲੀ ਸੇਵਾ ਹੋਇਆ ਹਉਮੈਂ ਦਾ ਸ਼ਿਕਾਰ। ਗੂੜ੍ਹੀ ਨੀਂਦ ਤੈਨੂੰ ਆ ਗਈ।
ਸਿੰਘਾ ਸੌਂ ਗਿਆ ਤੂੰ ਵਿਰਸਾ ਵਿਸਾਰ, ਗੂੜ੍ਹੀ ਨੀਂਦ ਤੈਨੂੰ ਆ ਗਈ।

ਲੋੜ ਵੇਲੇ ਤੈਨੂੰ ਅੱਗੇ ਕਰ ਮਰਵਾਇਆ ਏ।
ਅੱਜ ਤੇਰਾ ਹੱਕ ਜੋਰੀਂ ਹੋਰਾਂ ਨੇ ਦਬਾਇਆ ਏ।
ਧੋਖਾ ਤੇਰੇ ਨਾਲ ਕਰ ਗਏ ਮਕਾਰ, ਗੂੜ੍ਹੀ ਨੀਂਦ ਤੈਨੂੰ ਆ ਗਈ।
ਸਿੰਘਾ ਸੌਂ ਗਿਆ ਤੂੰ ਵਿਰਸਾ ਵਿਸਾਰ, ਗੂੜ੍ਹੀ ਨੀਂਦ ਤੈਨੂੰ ਆ ਗਈ।

ਸੱਚੇ ਸਿੰਘਾਂ ਧਰਮ ਲਈ ਹੱਸ ਆਪਾ ਵਾਰਿਆ।
ਭੇਖੀ ਸਿੱਖਾਂ ਚੌਧਰਾਂ ਲਈ ਧਰਮ ਵਿਸਾਰਿਆ।
ਕੀਤਾ ਲੋਭੀਆਂ ਨੇ ਸਿੱਖੀ ਦਾ ਸੰਘਾਰ, ਗੂੜ੍ਹੀ ਨੀਂਦ ਤੈਨੂੰ ਆ ਗਈ।
ਸਿੰਘਾ ਸੌਂ ਗਿਆ ਤੂੰ ਵਿਰਸਾ ਵਿਸਾਰ, ਗੂੜ੍ਹੀ ਨੀਂਦ ਤੈਨੂੰ ਆ ਗਈ।

ਜਿਨ੍ਹਾਂ ਨੂੰ ਬਚਾਉਣੇ ਲਈ ਤੈਂ ਸਦਾ ਜਾਨਾਂ ਵਾਰੀਆਂ।
ਉਨ੍ਹਾਂ ਸਿੱਖੀ ਖ਼ਾਤਮੇ ਲਈ ਕੀਤੀਆਂ ਤਿਆਰੀਆਂ।
ਨਿੱਤ ਮੁੱਕਦੇ ਕਈ ਸਿੱਖੀ ਪਰਿਵਾਰ, ਗੂੜ੍ਹੀ ਨੀਂਦ ਤੈਨੂੰ ਆ ਗਈ।
ਸਿੰਘਾ ਸੌਂ ਗਿਆ ਤੂੰ ਵਿਰਸਾ ਵਿਸਾਰ, ਗੂੜ੍ਹੀ ਨੀਂਦ ਤੈਨੂੰ ਆ ਗਈ।

ਰੇਡੀਓ ਤੇ ਟੀ ਵੀ ਅਖ਼ਬਾਰ ਸਰਕਾਰ ਦੇ।
ਅੱਤਵਾਦੀ ਵੱਖਵਾਦੀ ਤੈਨੂੰ ਪ੍ਰਚਾਰਦੇ।
ਥਾਂ ਥਾਂ ਹੁੰਦੀ ਤੇਰੀ ਇੱਜ਼ਤ ਖ਼ੁਆਰ, ਗੂੜ੍ਹੀ ਨੀਂਦ ਤੈਨੂੰ ਆ ਗਈ।
ਸਿੰਘਾ ਸੌਂ ਗਿਆ ਤੂੰ ਵਿਰਸਾ ਵਿਸਾਰ, ਗੂੜ੍ਹੀ ਨੀਂਦ ਤੈਨੂੰ ਆ ਗਈ।

ਥਿਰ ਨਹੀਂ ਜੋ ਰਹਿਣਾ ਉਹਦੇ ਨਾਲ ਮੋਹ ਪਾਉਂਦਾ ਕਿਉਂ।
ਥਾਂ ਥਾਂ ਵੰਡ ਹੋ ਕੇ ਸਿੱਖੀ ਤਾਕਤ ਘਟਾਉਂਦਾ ਕਿਉਂ।
ਸਾਂਭ ਆਪਣਾ ਕਿਸ਼ਨ, ਕਿਰਦਾਰ, ਗੂੜ੍ਹੀ ਨੀਂਦ ਤੈਨੂੰ ਆ ਗਈ।
ਸਿੰਘਾ ਸੌਂ ਗਿਆ ਤੂੰ ਵਿਰਸਾ ਵਿਸਾਰ, ਗੂੜ੍ਹੀ ਨੀਂਦ ਤੈਨੂੰ ਆ ਗਈ।

ਵੈਰੀ ਲੁੱਟੀ ਜਾਣ ਤੇਰਾ ਘਰ ਬਾਰ, ਜੋਸ਼ ਤੇਰਾ ਫੁੱਟ ਖਾ ਗਈ।
ਸਿੰਘਾ ਸੌਂ ਗਿਆ ਤੂੰ ਵਿਰਸਾ ਵਿਸਾਰ, ਗੂੜ੍ਹੀ ਨੀਂਦ ਤੈਨੂੰ ਆ ਗਈ।

ਐ ਸਿੱਖ ਅਖਾਵਣ ਵਾਲਿਆ

ਉੱਠ ਨੀਂਦੋਂ ਸੁਰਤ ਸੰਭਾਲ ਤੂੰ, ਐ ਸਿੱਖ ਅਖਾਵਣ ਵਾਲਿਆ।
ਪਹਿਚਾਣ ਨਿਆਰੀ ਜੱਗ ਤੇ, ਅਪਣੀ ਕਰਾਵਣ ਵਾਲਿਆ।

ਐ ਗੁਰੂ ਨਾਨਕ ਦੇ ਵਾਰਸਾ, ਅਕਾਲ ਦੇ ਪੁਜਾਰੀਆ।
ਗੁਰੂ ਸ਼ਬਦ ਸੇਵਾ ਨਿਮ੍ਰਤਾ, ਤੇ ਸੱਚ ਦੇ ਵਾਪਾਰੀਆ।
ਲਬ ਕੂੜ ਕਪਟ ਪਾਖੰਡ ਦੀ, ਚਿਤਾ ਜਲਾਵਣ ਵਾਲਿਆ।
ਉੱਠ ਨੀਂਦੋਂ ਸੁਰਤ ਸੰਭਾਲ ਤੂੰ, ਐ ਸਿੱਖ ਅਖਾਵਣ ਵਾਲਿਆ।

ਹਰ ਘਟਿ ਜ਼ਰ੍ਹੇ ਵਿੱਚ ਰਮ ਰਹਿਆ, ਉਂਝ ਕਰਤਾ ਨਿਰ-ਆਕਾਰ ਹੈ।
ਉਸੇ ਦੀ ਜੋਤੋਂ ਪਸਰਿਆ, ਬ੍ਰਹਿਮੰਡ ਦਾ ਸਭ ਪਾਸਾਰ ਹੈ।
ਉਸ ਨੂਰ ਦੇ ਸੱਚ ਨੂਰ ਨੂੰ, ਬੁੱਤੀਂ ਸਜਾਵਣ ਵਾਲਿਆ।
ਉੱਠ ਨੀਂਦੋਂ ਸੁਰਤ ਸੰਭਾਲ ਤੂੰ, ਐ ਸਿੱਖ ਅਖਾਵਣ ਵਾਲਿਆ।

ਗੁਰ-ਗਿਆਨ ਸ਼ਬਦ ਸਰੂਪ ਨੂੰ, ਕਿਉਂ ਰੂਪ ਦੇਹ ਦਾ ਦੇਂਵਦੈਂ।
ਹੱਡ ਮਾਸ ਇੱਟਾਂ ਪੱਥਰਾਂ, ਚੋਂ, ਭਾਲਦੈਂ ਤੇ ਸੇਂਵਦੈਂ।
ਮਨ ਜੋਤਿ, ਜਾਗਤਿ ਜੋਤਿ ਦੇ, ਲੜ ਲਾ ਜਗਾਵਣ ਵਾਲਿਆ।
ਉੱਠ ਨੀਂਦੋਂ ਸੁਰਤ ਸੰਭਾਲ ਤੂੰ, ਐ ਸਿੱਖ ਅਖਾਵਣ ਵਾਲਿਆ।

ਅੱਜ ਗੁਰ-ਵਿਰੋਧੀ ਭਾਵ ਦੀ, ਸਿੱਖੀ ਦੇ ਵਿੱਚ ਕੋਈ ਥਾਹ ਨਹੀਂ।
ਸੱਚ ਸਮਝਣੇ ਦੀ ਚਾਹ ਨਹੀਂ, ਉਮਾਹ ਨਹੀਂ ਉਤਸ਼ਾਹ ਨਹੀਂ।
ਕਿਉਂ ਡੁਬਦਿਆਂ ਨਾਲ ਡੁੱਬਦੈਂ, ਹੋਰਾਂ ਤਰਾਵਣ ਵਾਲਿਆ।
ਉੱਠ ਨੀਂਦੋਂ ਸੁਰਤ ਸੰਭਾਲ ਤੂੰ, ਐ ਸਿੱਖ ਅਖਾਵਣ ਵਾਲਿਆ।

ਗੁਰੂ ਨੇ ਮੰਗਿਆ ਸੀਸ ਜੇ, ਸਿੱਖਾ ਤੈਂ ਹੱਸ ਕੇ ਵਾਰਿਆ।
ਗੁਰੂ ਹੁਕਮ ਤੇ ਗੁਰੂ ਬਚਨ ਨੂੰ, ਤੈਂ ਮੰਨਿਆਂ ਸਤਿਕਾਰਿਆ।
ਉਸੇ ਗੁਰੂ ਉਪਦੇਸ਼ ਨੂੰ, ਅੱਜ ਭੁੱਲ ਜਾਵਣ ਵਾਲਿਆ।
ਉੱਠ ਨੀਂਦੋਂ ਸੁਰਤ ਸੰਭਾਲ ਤੂੰ, ਐ ਸਿੱਖ ਅਖਾਵਣ ਵਾਲਿਆ।

ਮਦਦ ਕਦੀ ਮਜ਼ਲੂਮ ਦੀ, ਕਰਨੇ ਲਈ ਤੂੰ ਮਸ਼ਹੂਰ ਸੈਂ।
ਠੱਲ ਜ਼ਾਲਮਾਂ ਦੇ ਜ਼ੁਲਮ ਨੂੰ, ਪਾ ਤੋੜਦਾ ਗਰੂਰ ਸੈਂ।
ਰੱਖ ਸਕਦੈਂ ਰੱਖ ਲੈ ਆਪਣੀ, ਪਰ-ਪੱਤ ਬਚਾਵਣ ਵਾਲਿਆ।
ਉੱਠ ਨੀਂਦੋਂ ਸੁਰਤ ਸੰਭਾਲ ਤੂੰ, ਐ ਸਿੱਖ ਅਖਾਵਣ ਵਾਲਿਆ।

ਜਪ ਨਾਮ ਕਿਰਤ ਵੰਡ ਛੱਕਣ ਦੇ, ਸਿਧਾਂਤ ਨੂੰ ਕਿਉਂ ਭੁੱਲਦੈਂ।
ਬਿਹਲੜ ਬੱਗਾਂ ਪਾਖੰਡੀਆਂ, ਦੇ ਬਾਣਿਆਂ ਤੇ ਡੁੱਲਦੈਂ।
ਕਿਉਂ ਠੱਗ ਹੁੰਦੈਂ, ਠੱਗਾਂ ਨੂੰ, ਸੱਜਣ ਬਣਾਵਣ ਵਾਲਿਆ।
ਉੱਠ ਨੀਂਦੋਂ ਸੁਰਤ ਸੰਭਾਲ ਤੂੰ, ਐ ਸਿੱਖ ਅਖਾਵਣ ਵਾਲਿਆ।

ਹਰ ਬਚਨ ਗੁਰ ਦਾ ਸਿੱਖ ਲਈ, ਪੱਥਰ ਦੇ ਉੱਤੇ ਲੀਕ ਹੈ।
ਬੱਸ ਮੰਨਣਾ ਹੀ ਮੰਨਣਾ, ਇਹ ਸਿੱਖ ਦੀ ਤਾਰੀਫ ਹੈ।
ਗੁਰ ਕੇ ਭਾਣੇ ਵਿੱਚ ਰਹਿ, ਸਖਾ, ਬੰਧਪ ਸਦਾਵਣ ਵਾਲਿਆ।
ਉੱਠ ਨੀਂਦੋਂ ਸੁਰਤ ਸੰਭਾਲ ਤੂੰ, ਐ ਸਿੱਖ ਅਖਾਵਣ ਵਾਲਿਆ।

ਪੰਜਾਬ ਦੀ ਅੱਜ ਨੌਜਵਾਨੀ, ਨਸ਼ਿਆਂ ਦੇ ਵਿੱਚ ਵਹਿ ਗਈ।
ਨਿਰਲੱਜਤਾ ਦੇ ਹੇਠ, ਇਸਦੀ ਅਣਖ ਦਬਕੇ ਰਹਿ ਗਈ।
ਸਿਰ ਮੂੰਹ ਮੁਨਾ ਕੇ ਮੁੰਦਰਾਂ, ਕੰਨਾਂ ਚ, ਪਾਵਣ ਵਾਲਿਆ।
ਉੱਠ ਨੀਂਦੋਂ ਸੁਰਤ ਸੰਭਾਲ ਤੂੰ, ਐ ਸਿੱਖ ਅਖਾਵਣ ਵਾਲਿਆ।

ਭਾਵੇਂ ਕਿਸੇ ਭੀ ਧਰਮ ਵਿੱਚ, ਵਿਸ਼ਵਾਸ ਪ੍ਰਾਣੀ ਰੱਖ ਤੂੰ।
ਉਸ ਧਰਮ ਦੇ ਸਿਧਾਂਤ ਦਾ, ਹੋਵੇਂ ਨਮੂਨਾ ਸੱਚ ਤੂੰ।
ਮਨ ਹੋਰ ਤੇ ਮੁੱਖ ਹੋਰ, ਹੋਰਾਂ ਨੂੰ ਦਿਖਾਵਣ ਵਾਲਿਆ।
ਉੱਠ ਨੀਂਦੋਂ ਸੁਰਤ ਸੰਭਾਲ ਤੂੰ, ਐ ਸਿੱਖ ਅਖਾਵਣ ਵਾਲਿਆ।

ਸ਼ਿਸ਼ਟੀ ਤੇ ਸਾਜੇ ਜੀਵ ਜੋ, ਪਰਮਾਤਮਾ ਦੀ ਦਾਤ ਏ।
ਆਪੇ ਹੀ ਕਰਤਾ ਜਾਣਦਾ, ਕੀ ਪਾਕ ਕੀ ਨਾਪਾਕ ਏ।
ਭੁੱਲ ਕਰਤੇ ਨੂੰ ਕਾਇਨਾਤ ਤੇ, ਸ਼ਰਧਾ ਲਿਆਵਣ ਵਾਲਿਆ।
ਉੱਠ ਨੀਂਦੋਂ ਸੁਰਤ ਸੰਭਾਲ ਤੂੰ, ਐ ਸਿੱਖ ਅਖਾਵਣ ਵਾਲਿਆ।

ਗੁਰੂ ਸ਼ਬਦ ਦੀ ਵਿਚਾਰ ਤੂੰ, ਪੜ੍ਹ ਸਮਝ ਤੇ ਸਤਿਕਾਰ ਤੂੰ।
ਨਾਨਕ ਦੇ ਨਿਰਮਲ ਪੰਥ ਦਾ, ਬਣ ਸੱਚਾ ਪਹਿਰੇਦਾਰ ਤੂੰ।
ਕਿਸ਼ਨ, ਹੋਰਾਂ ਨੂੰ ਆਖ ਉਹ, ਖ਼ੁਦ ਜੋ ਹੰਢਾਵਣ ਵਾਲਿਆ।
ਉੱਠ ਨੀਂਦੋਂ ਸੁਰਤ ਸੰਭਾਲ ਤੂੰ, ਐ ਸਿੱਖ ਅਖਾਵਣ ਵਾਲਿਆ।

ਸਤਿਗੁਰੂ ਜੀ, ਹੁਣ ਸੁਣੋ ਹਮਾਰੀ

ਸੁਨਹੁ ਬੇਨੰਤੀਆ ਸੁਆਮੀ ਮੇਰੇ ਰਾਮ॥
ਕੋਟਿ ਅਪ੍ਰਾਧ ਭਰੇ ਭੀ ਤੇਰੇ ਚੇਰੇ ਰਾਮ॥੫੪੭/੫॥
ਮਾਨੁ ਕਰਉ ਤੁਧੁ ਊਪਰੇ ਮੇਰੇ ਪ੍ਰੀਤਮ ਪਿਆਰੇ॥
ਹਮ ਅਪਰਾਧੀ ਸਦ ਭੂਲਤੇ ਤੁਮ੍ ਬਖਸਨਹਾਰੇ॥੮੦੯/੨॥

ਜੁੱਗੋ ਜੁੱਗ ਅਟੱਲ, ਗਿਆਨ ਪ੍ਰਕਾਸ਼, ਸ਼ਬਦ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਓ, ਡੰਡਉਤਿ ਬੰਦਨਾ ਪ੍ਰਵਾਨ ਕਰੋ ਜੀ।

ਹੇ ਸੱਚ ਦੇ ਵਣਜਾਰੇ ਸਤਿਗੁਰੂ ਨਾਨਕ ਜੀਓ, ਅਕਾਲ ਪੁਰਖ ਦੀ ਮਿਹਰ ਅਤੇ ਬਖ਼ਸ਼ਿਸ਼ ਸਦਕਾ ਆਪ ਜੀ ਰਾਹੀਂ ਪ੍ਰਗਟ ਹੋਈ ਗਿਆਨ ਗੁਰੂ ਰੂਪੀ, ਨਿਰੰਕਾਰੀ ਬਾਣੀ ਅਤੇ ਆਪ ਜੀ ਵਲੋਂ ਪ੍ਰਗਟ ਕੀਤੇ ਸਿੱਖੀ ਦੇ ਕਿਰਦਾਰ (ਗੁਰਮਤਿ ਦੀ ਵਿਚਾਰਧਾਰਾ ਅਨੁਸਾਰ ਬਣੇ ਨਿਰਮਲ, ਖ਼ਾਲਸਾ ਪੰਥ ਦੇ ਸ਼ੁੱਧ ਕਿਰਦਾਰ) ਅੱਗੇ ਸਤਿਕਾਰ ਅਤੇ ਮਾਣ ਨਾਲ ਸਿਰ ਝੁੱਕਦਾ ਹੈ। ਅਸੀਂ ਆਪ ਦਿਲੋਂ ਫ਼ਖ਼ਰ ਮਹਿਸੂਸ ਕਰਦੇ ਹਾਂ ਕਿ ਸਾਡਾ ਸੰਬੰਧ ਆਪ ਜੀ ਵਲੋਂ ਲਾਈ ਸਿੱਖ ਫੁਲਵਾੜੀ (ਆਪ ਜੀ ਦੀ ਸਾਜੀ ਸਿੱਖ ਕੌਮ, ਸਿੱਖ ਸਮਾਜ) ਨਾਲ ਹੈ। ਸਮੂਹ ਸੰਸਾਰੀ ਮਨੁੱਖਤਾ ਨੂੰ ਸਦਾ ਵਾਸਤੇ ਸੱਚ ਦਾ ਮਾਰਗ ਪਰਦਰਸ਼ਨ ਕਰਨ ਲਈ, ਅੰਮ੍ਰਿਤ ਨਾਮ ਬਾਣੀ (ਗੁਰੂ ਗ੍ਰੰਥ ਸਾਹਿਬ ਜੀ) ਦੇ ਗਿਆਨ ਦੀ ਰੌਸ਼ਨੀ ਸੱਚ ਦਾ ਰਾਹ ਦਰਸਾਉਂਦੀ ਹੈ ਅਤੇ ਦਰਸਾਉਂਦੀ ਰਹੇਗੀ, ਬਸ਼ਰਤੇ, ਇਸ ਦੇ ਉਪਦੇਸ਼ ਦੀ ਸਚਾਈ ਨੂੰ ਵਿਚਾਰਦਿਆਂ, ਉਪਦੇਸ਼ ਅਨੁਸਾਰੀ ਜੀਵਨ ਜੀਵਿਆ ਜਾਏ। ਸਿੱਖ ਕੌਮ ਨੂੰ ਸ਼ਬਦ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾ ਕੇ ਆਪ ਜੀ ਨੇ ਸਿੱਖ ਕੌਮ ਉੱਪਰ ਬਹੁਤ ਹੀ ਵੱਡਾ ਉਪਕਾਰ ਕੀਤਾ ਹੈ। ਹੇ ਕ੍ਰਿਪਾਲੂ ਦਿਆਲੂ ਸੱਚੇ ਸਤਿਗੁਰੂ ਜੀਓ, ਆਪ ਜੀ ਦੇ ਦਸ ਜਾਮਿਆਂ ਉੱਪਰ ਹੋਈ ਅਕਾਲ ਪੁਰਖ ਦੀ ਅਪਾਰ ਬਖ਼ਸ਼ਿਸ਼ ਸਦਕਾ, ਦੋ ਸੌ ਉਨਤਾਲੀ (239) ਸਾਲ ਦੀ ਘਾਲ ਕਮਾਈ ਨਾਲ ਪ੍ਰਾਪਤ ਹੋਈ ਧੁਰ ਕੀ ਬਾਣੀ (**ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ**॥੭੨੨/੧੬॥ **ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭਿ ਹੁਕਮਾਉ ਜੀਉ**॥੭੬੩/੬॥ **ਅੰਮ੍ਰਿਤ ਬਾਣੀ ਹਰਿ ਹਰਿ ਤੇਰੀ॥ ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ**॥੧੦੩/੭॥) ਨੂੰ ਸਿੱਖ ਕੌਮ ਦੀ ਸਦੀਵੀ ਗੁਰਤਾ ਗੱਦੀ ਉੱਤੇ ਪ੍ਰਕਾਸ਼ਮਾਨ ਕਰ ਕੇ, ਆਪ ਜੀ ਨੇ ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓਂ ਗ੍ਰੰਥ ਦਾ ਉਪਦੇਸ਼ ਸਮਝਾਇਆ ਸੀ। ਸਮੂਹ ਸਿੱਖ ਕੌਮ ਵਲੋਂ, ਇਹ ਉਪਦੇਸ਼ ਗੁਰੂ ਜੀ ਦੀ ਹਜ਼ੂਰੀ ਵਿੱਚ ਅਰਦਾਸ ਸਮੇਂ ਸਦਾ ਦੁਹਰਾਇਆ (ਯਾਦ ਕੀਤਾ ਤੇ ਕਰਾਇਆ) ਭੀ ਜਾਂਦਾ ਹੈ। ਗੁਰੂ ਜੀਓ ਸ਼ਬਦਾਂ ਨੂੰ ਮੂੰਹ ਰਾਹੀਂ ਉਚਾਰਨ ਅਤੇ ਆਪਣੇ

ਨਿੱਜੀ ਜੀਵਨ ਵਿੱਚ ਧਾਰਨ ਕਰਨ ਵਿੱਚ, ਅਥਾਹ ਅੰਤਰ ਹੋਵੇ ਤਾਂ ਫਿਰ ਇਹ, **ਜਿਨ੍ਹ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥੪੮੮/੮॥** ਵਾਲਾ ਵਰਤਾਰਾ ਹੀ ਵਰਤ ਰਿਹਾ ਮਹਿਸੂਸ ਹੁੰਦਾ ਹੈ। ਸਤਿਗੁਰੂ ਜੀਓ, ਸਿੱਖ ਵਾਸਤੇ ਤਾਂ ਆਪ ਜੀ ਦੇ ਉਪਦੇਸ਼ੀ (ਹੁਕਮੀ) ਬਚਨ ਹਨ :

ਗੁਰਿ ਕਹਿਆ ਸਾ ਕਾਰ ਕਮਾਵਹੁ ॥
ਸਬਦੁ ਚੀਨਿ੍ ਸਹਜ ਘਰਿ ਆਵਹੁ ॥੯੩੨/੧੭॥
ਗੁਰਿ ਕਹਿਆ ਸਾ ਕਾਰ ਕਮਾਵਹੁ ॥
ਗੁਰ ਕੀ ਕਰਣੀ ਕਾਹੇ ਧਾਵਹੁ ॥੯੩੩/੮॥

ਪਰ ਗੁਰੂ ਜੀਓ, ਅੱਜ ਦੇ ਨਵੇਂ ਜਮਾਨੇ ਦੀ ਰੰਗਤ ਚੜ੍ਹ ਜਾਣ ਕਾਰਨ ਸਿੱਖ ਤਾਂ ਜਾਣੋਂ ਬਹੁਤ ਹੀ ਸਿਆਣਾ ਹੋ ਗਿਆ ਹੈ। ਇਹ ਆਪਣੇ ਗੁਰੂ ਦਾ ਸਿੱਖ ਜਾਂ ਸੇਵਾਦਾਰ ਨਹੀਂ, ਵਜ਼ੀਰ ਅਖਵਾਕੇ ਖ਼ੁਸ਼ ਹੁੰਦਾ ਹੈ, ਤਾਂ ਜੋ ਆਪਣੇ ਗੁਰੂ ਨੂੰ ਆਪਣੀ ਸੁਚੱਜੀ ਮੱਤ (ਸਲਾਹ ਮਸ਼ਵਰਾ) ਦੇ ਸਕੇ। ਅੱਜ ਦਾ ਸਿੱਖ ਗੁਰੂ ਦਾ ਉਪਦੇਸ਼ ਮੰਨਣ ਦੀ ਵਜਾਏ ਆਪਣੇ ਗੁਰੂ ਨੂੰ ਉਪਦੇਸ਼ ਦੇਣ (ਰਹਿਤਾਂ ਕੁਰਹਿਤਾਂ ਸਮਝਾਉਣ) ਲਈ ਭੀ ਤਿਆਰ ਹੋਇਆ ਰਹਿੰਦਾ ਹੈ। ਜੀਵ ਦੀ ਅਰੰਭਤਾ ਤੋਂ ਹੀ, ਪਹਿਲੀ ਸਿੱਖਿਅਕ ਮਾਂ ਹੁੰਦੀ ਹੈ। ਮਾਂ ਆਪਣੇ ਬੱਚੇ ਵਿੱਚ, ਮਨ ਚਾਹੇ ਸੰਸਕਾਰ ਪੈਦਾ ਕਰ ਸਕਦੀ ਹੈ। ਪਰ ਸਿੱਖ ਇਸਤਰੀ ਤਾਂ ਜਿਵੇਂ ਸਿੱਖੀ ਦੀ ਵਿਚਾਰਧਾਰਾ ਵਾਰੇ ਭੁੱਲ ਹੀ ਗਈ ਹੋਵੇ। ਬਹੁਤਾਤ ਵਿੱਚ ਸਿੱਖੀ ਦੀ ਮਾਂ ਆਪਣਾ ਕੌਮੀ ਫ਼ਰਜ਼ ਵਿਸਾਰ ਹੀ ਚੁੱਕੀ ਹੈ। ਫਿਰ ਉਸ ਦੀ ਫੁਲਵਾੜੀ (ਬਾਲ ਬੱਚਿਆਂ) ਕੋਲੋਂ ਕੀ ਉਮੀਦ ਰੱਖੀ ਜਾ ਸਕਦੀ ਹੈ। ਸਤਿਗੁਰੂ ਜੀਓ, ਇਸੇ ਕਰ ਕੇ ਆਪ ਜੀ ਨਾਲ ਕੁੱਝ ਸਮਝੌਤਾ (ਸੌਦੇਬਾਜੀ) ਕਰਨਾ ਚਹੁੰਦੇ ਹਾਂ, ਜੋ ਆਪ ਜੀ ਲਈ ਭੀ ਲਾਹੇਵੰਦੀ ਵਾਲਾ ਸੌਦਾ ਹੀ ਰਹੇਗਾ। ਅਸੀਂ ਮੰਨਤਾਂ ਮਨੌਤਾਂ ਲਈ ਸੁੱਖੀਆਂ ਸੁੱਖਾਂ ਵਾਲੇ ਪਾਠ ਕਰਾਉਣ ਵਿੱਚ, ਪੰਡਤਾਂ ਦੇ ਜੰਤਰ ਮੰਤਰ ਅਤੇ ਪਾਠ ਵਿਧੀਆਂ, ਸਭ ਨੂੰ ਮਾਤ ਪਾ ਦਿਆਂਗੇ। ਕਈ ਕਈ ਅਖੰਡ ਪਾਠ ਇਕੱਠੇ ਖੁਲਵਾਉਣ, ਅਖੰਡ ਪਾਠਾਂ ਦੀਆਂ ਲਗਾਤਾਰ ਲੜੀਆਂ ਚਲਾਉਣ ਅਤੇ ਗੁਰਪੁਰਬਾਂ ਉੱਤੇ ਅਥਾਹ ਕੌਮੀ ਸਰਮਾਇਆ ਬਰਬਾਦ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛਡਾਂਗੇ, ਪਰ ਤੇਰੇ ਗਿਆਨ ਉਪਦੇਸ਼ ਨੂੰ ਕਿਸੇ ਤੱਕ ਪਹੁੰਚਦਾ ਕਰਨ ਲਈ ਕਦੀ ਕੋਈ ਉਪਰਾਲਾ ਬਿਲਕੁਲ ਨਹੀਂ ਕਰਾਂਗੇ। ਗੁਰਮਤਿ ਵਲੋਂ ਮੁੱਖ ਮੋੜ ਅਤੇ ਕਰਮਕਾਂਡੀ ਸੋਚ ਨੂੰ ਖ਼ੁਸ਼ ਕਰਨ ਲਈ, ਗੰਨੇ ਦੀ ਫਸਲ ਨੂੰ ਅਖੰਡ ਪਾਠ ਸੁਣਾ ਕੇ, ਸ਼ੁੱਧ ਪਤਾਸੇ ਬਨਾਉਣ ਦਾ ਕਾਰੋਬਾਰ ਸ਼ੁਰੂ ਹੋ ਚੁੱਕਾ ਹੈ। ਹੁਣ ਸਾਡਾ ਅਗਲਾ ਨਿਸ਼ਾਨਾ, ਗਾਈਆਂ ਮੱਝਾਂ ਨੂੰ ਅਖੰਡ ਪਾਠ ਸੁਣਾ ਕੇ (ਕਿਉਂਕਿ ਕਲਜੁਗੀ ਸਮੇਂ ਦੇ ਕਾਰਨ ਜੀਵ ਪ੍ਰਾਣੀ ਦੇ ਮਨ ਉੱਤੇ ਗੁਰਬਾਣੀ ਪਾਠ ਦਾ ਪ੍ਰਭਾਵ ਨਹੀਂ ਪੈਂਦਾ, ਇਸ ਕਰ ਕੇ ਫਸਲ ਅਤੇ ਪਸ਼ੂਆਂ ਉੱਤੇ ਗੁਰਬਾਨੀ ਦਾ ਪ੍ਰਭਾਵ ਪਾਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ) ਸ਼ੁੱਧ ਦੁੱਧ ਦੀ ਪ੍ਰਾਪਤੀ ਕਰਨਾ ਹੋਵੇਗਾ। ਸਾਡੇ ਆਪੂੰ ਬਣੇ ਕੌਮੀ ਵਿਦਵਾਨ ਜਥੇਦਾਰ, ਇਹੋ ਜਿਹੇ ਕਰਮਕਾਂਡੀ ਪਾਖੰਡੀਆਂ ਦਾ ਤਨੋਂ ਮਨੋਂ ਪੂਰਾ ਸਾਥ ਨਿਭਾ ਰਹੇ ਹਨ। ਗੁਰੂ ਜੀਓ, ਅੱਜ ਦਾ ਸਿੱਖ ਆਪ ਜੀ ਲਈ ਬੇਸ਼ੁਮਾਰ ਜੜਤਾਂ ਵਾਲੇ ਸੁੰਦਰ ਚੰਦੋਏ ਲਗਵਾ ਸਕਦਾ ਹੈ। ਸੁੰਦਰ ਸੁਨਿਹਰੀ ਪਾਲਕੀਆਂ ਵਿੱਚ ਪ੍ਰਕਾਸ਼ ਕਰ ਕੇ, ਆਪ

ਜੀ ਨੂੰ ਸੁੰਦਰ ਪੁਸ਼ਾਕੇ ਪਹਿਨਾ ਸਕਦਾ ਹੈ। ਸਰਦੀ ਅਤੇ ਗਰਮੀ ਤੋਂ ਆਪ ਜੀ ਦੇ ਬਚਾ ਵਾਸਤੇ ਹੀਟਰ, ਕੂਲਰ ਲਗਵਾ ਸਕਦਾ ਹੈ। ਆਪ ਜੀ ਦੇ ਛਕਣ ਛਕਾਉਣ ਲਈ ਸਵਾਦਿਸ਼ਟ ਪਕਵਾਨ ਪੇਸ਼ ਕਰ ਸਕਦਾ ਹੈ। ਪਰ ਗੁਰੂ ਜੀ ਬੇਨਤੀ ਹੈ ਕਿ ਤੂੰ ਆਪਣੇ ਸਿੱਖ ਨੂੰ, ਥਿੱਤ ਵਾਰ ਦੀ ਵਿਚਾਰ ਕਰਨ ਤੋਂ, ਕਰਮ-ਕਾਂਡੀ ਪੂਜਾ ਅਤੇ ਆਰਤੀ ਕਰਨ ਤੋਂ, ਕਰਾਮਾਤੀ ਗੁਰਮਤਿ ਵਿਰੋਧੀ ਕਹਾਣੀਆਂ ਘੜਨ, ਸੁਣਾਨ ਅਤੇ ਸੁਣਨ ਤੋਂ, ਸਿੱਖ ਸਤਿਗੁਰਾਂ ਦੇ ਸਮੇਂ ਤੋਂ ਬਹੁਤ ਸਾਲ ਬਾਅਦ, ਆਪੂੰ ਬਣਾਈਆਂ ਫ਼ਰਜ਼ੀ ਫੋਟੋ ਤਸਵੀਰਾਂ ਅੱਗੇ ਧੂਪ ਬੱਤੀ ਕਰਨ ਤੋਂ ਬਿਲਕੁਲ ਨਾ ਵਰਜ਼ੀਂ। ਕਿਉਂਕਿ ਹੁਣ ਸਿੱਖ ਤੇਰਾ ਇਹ ਹੁਕਮ ਜਾਂ ਉਪਦੇਸ਼ ਮੰਨਣ ਤੋਂ ਅਸਮਰੱਥ ਹੈ। ਸਤਿਗੁਰੂ ਜੀਓ, ਆਪ ਜੀ ਦੇ ਸਿੱਖ ਹੋਣ ਨਾਤੇ, ਆਪ ਜੀ ਦੀ ਮੁੱਠੀ ਚਾਪੀ (ਖ਼ੁਸ਼ਾਮਦ) ਅਤੇ ਖਾਣ ਪੀਣ ਦੀ (ਅਖੌਤੀ) ਸੇਵਾ ਕਰਨਾ ਤਾਂ ਸਿੱਖ ਦਾ ਫ਼ਰਜ਼ ਹੈ, ਪਰ ਸਾਨੂੰ ਆਪਣਾ ਹੁਕਮ ਮੰਨਣ ਲਈ ਮਜਬੂਰ ਬਿਲਕੁਲ ਨਾ ਕਰੀਂ। ਕਿਉਂਕਿ ਤੇਰਾ ਹੁਕਮ ਮੰਨਣ ਨਾਲ ਅੱਜ ਦਾ ਸਿੱਖ ਨਮੋਸ਼ੀ (ਸ਼ਰਮ) ਜਿਹੀ ਮਹਿਸੂਸ ਕਰਦਾ ਹੈ। ਅੱਜ ਦੇ ਸਿੱਖ ਲਈ ਹੁਣ ਕੇਸਾਂ ਦੀ ਸੰਭਾਲ ਅਤੇ ਦਸਤਾਰ ਦਾ ਭਾਰ ਚੁੱਕਣਾ ਭੀ ਅਸਹਿ ਹੁੰਦਾ ਜਾ ਰਿਹਾ ਹੈ। ਜਿਸ ਕਰਕੇ ਅਸੀਂ ਹੁਣ ਦਸਤਾਰ ਦੀ ਵਜਾਏ, ਗਜ ਕੁ ਕਪੜੇ ਦੇ ਪਟਕੇ ਨਾਲ ਹੀ ਜਗਤ ਵਿੱਚ ਵਿਚਰਨਾ ਪਸੰਦ ਕਰਦੇ ਹਾਂ। ਦਸਤਾਰ ਸਜਾਉਣਾ, ਗੁਰੂ ਜੀ ਦਸਤਾਰ ਦੀ ਤਾਂ ਗੱਲ ਹੀ ਨਾ ਕਰੋ, ਅੱਜ ਇਸ ਨੂੰ ਬੰਨਣ ਦਾ ਸਿੱਖ ਕੋਲ ਸਮਾਂ ਹੀ ਕਿੱਥੇ ਹੈ। ਵੈਸੇ ਵੀ ਦਸਤਾਰ ਸਜਾਉਣ ਵੇਲੇ, ਮੇਰੇ ਵਾਲਾਂ ਦਾ ਗੁੱਟਾ ਬੜੀ ਰੁਕਾਵਟ ਬਣਦਾ ਹੈ। ਇਸ ਕਰਕੇ ਮੈਂ ਕਦੀ ਵਾਲਾਂ ਦੇ ਦੋ ਗੁੱਟੇ ਕਰਦਾ ਹਾਂ ਅਤੇ ਕਦੀ ਖੋਲ ਕੇ ਇਧਰ ਉਧਰ ਵਲੇਟ ਲੈਂਦਾ ਹਾਂ। ਐਵੇਂ ਜੂੜਾ ਕਰਨਾ ਅਤੇ ਇਸ ਵਿੱਚ ਕੰਘਾ ਰੱਖਣਾ ਤਾਂ ਦਸਤਾਰ ਦੀ ਸ਼ੋਭਾ ਹੀ ਘਟਾ ਦਿੰਦਾ ਹੈ। ਹੇ ਸਤਿਗੁਰੂ ਜੀਓ, ਅੱਜ ਦੇ ਅਗਾਂਹ ਵਧੂ ਜਮਾਨੇ ਵਿੱਚ, ਜੇ ਤੂੰ ਮੈਨੂੰ ਘੋਨ ਮੋਨ (ਸਿੱਖ ਦੀ ਪਹਿਚਾਣ ਤੋਂ ਰਹਿਤ) ਨੂੰ ਹੀ, ਆਪਣਾ ਸਿੱਖ ਸਵੀਕਾਰ ਕਰ ਲਵੇਂ, ਤਾਂ ਬਹੁਤ ਹੀ ਚੰਗਾ ਹੈ। ਇਸ ਨਾਲ ਤੇਰੇ ਅਖਾਉਣ ਵਾਲੇ ਸਿੱਖਾਂ ਦੀ ਗਿਣਤੀ (ਵੋਟ ਸੂਚੀ) ਵਿੱਚ ਅਤੇ ਗੁਰੂ ਘਰਾਂ ਦੇ ਕਾਰੋਬਾਰ (ਖੀਸਾ ਕੌਮ ਦਾ ਅਤੇ ਹੱਥ ਕਬਜ਼ੀਆਂ ਦਾ) ਵਿੱਚ ਵਾਧਾ ਹੀ ਹੋਵੇਗਾ। ਜਿਸ ਨਾਲ ਤੇਰੇ ਧਰਮ ਅਸਥਾਨਾਂ ਦੀ ਰੌਣਕ ਵਧੇਗੀ ਅਤੇ ਚੋਣਾਂ ਵੇਲੇ, ਗੁਰਮਤਿ ਦੀ ਖਿੱਲੀ ਉਡਾਉਣ ਦਾ ਨਜ਼ਾਰਾ ਵੇਖਣ ਯੋਗ ਹੋਇਆ ਕਰੇਗਾ। ਧਿਆਨ ਅਚਾਨਕ ਹੀ ਚੋਣਾਂ (Election) ਵਲ ਚਲੇ ਗਿਆ। ਦੁਨੀਆਂ ਵਿੱਚ ਜਿੰਨੇ ਭੀ ਧਰਮ ਹਨ, ਕਿਸੇ ਨੇ ਭੀ, ਨਾ ਚੋਣ ਵਿਧਾਨ ਬਣਾਇਆ ਅਤੇ ਨਾ ਹੀ ਅਪਨਾਇਆ।

ਸਤਿਗੁਰੂ ਜੀਓ ਜਦ ਕਦੀ ਸਿੱਖ ਧਰਮ ਦਾ ਇਤਿਹਾਸ ਪੜ੍ਹਦਾ ਜਾਂ ਸੁਣਦਾ ਹਾਂ, ਏਨੀ ਸਮਝ ਤਾਂ ਆ ਹੀ ਜਾਂਦੀ ਹੈ ਕਿ, ਗੁਰੂ ਨਾਨਕ ਜੀ (1469 ਈ:) ਤੋਂ ਲੈ ਕੇ ਸਿੱਖ ਰਾਜ ਦੇ ਅੰਤ (1849 ਈ:, 380 ਸਾਲ) ਤੱਕ, ਕਿਸੇ ਸਿੱਖ ਦੀ ਸੋਚ ਵਿੱਚ (Election) ਦਾ ਬੀਜ ਨਹੀਂ ਸੀ ਪੁੰਗਰਿਆ। ਅੰਗਰੇਜ਼ ਰਾਜ ਦੇ ਦੌਰਾਨ, ਉਨ੍ਹਾਂ ਦੀ ਫੁੱਟ ਪਾਊ ਨੀਤੀ ਨੂੰ ਅਪਨਾਉਂਦਿਆ ਹੋਇਆਂ, ਸਿੱਖ ਕੌਮ ਦੀ ਵਿਚਾਰਧਾਰਾ ਅਤੇ ਏਕਤਾ ਵਿਰੋਧੀ ਲਾਬੀ ਨੇ ਐਸੀ ਸ਼ਤਰੰਜੀ ਚਾਲ ਖੇਡੀ ਕਿ ਸੰਸਾਰ ਵਿੱਚ ਸਭ ਤੋਂ

ਉੱਤਮ ਵਿਚਾਰਧਾਰਾ (ਗਿਆਨਵਾਨਤਾ) ਵਾਲੇ ਧਰਮ ਦੀਆਂ, ਅਖੰਡੀ ਜੰਜੀਰਾਂ ਨੂੰ ਤੋੜ ਕੇ, ਫੁੱਟ ਉਕਸਾਊ ਜੰਜੀਰ (ਚੋਣ ਵਿਧਾਨ) ਨਾਲ ਜਕੜ ਦਿੱਤਾ। ਹੁਣ ਅਸੀਂ ਕੀ ਕਰੀਏ ? ਸਾਨੂੰ ਭੀ ਕਬਜ਼ਿਆਂ ਦਾ ਚਸਕਾ ਪੈ ਗਿਆ ਹੈ। ਸੋ ਐਸੇ ਸਿੱਖਾਂ ਵਲੋਂ ਤੇਰੇ ਅਸਥਾਨਾਂ ਉੱਤੇ ਰਾਸ਼ਣ ਪਾਣੀ ਦੀ ਵੀ ਕੋਈ ਘਾਟ ਨਹੀਂ ਰਹਿਣ ਦਿੱਤੀ ਜਾਵੇਗੀ। ਸਤਿਗੁਰੂ ਜੀਓ, ਦੁਨੀਆਂ ਦੇ ਕਿਸੇ ਧਰਮ ਵਿੱਚ ਵੀ, ਸਹਿਜਧਾਰੀ ਪੈਰੋਕਾਰ ਨਹੀਂ ਹਨ। ਆਪ ਜੀ ਨੇ ਬਿਨ ਸਿੱਖੀ ਸਰੂਪ ਅਤੇ ਸਿੱਖ ਧਰਮ ਧਾਰਨ ਕੀਤੇ, ਸਾਨੂੰ ਸਹਿਜਧਾਰੀ ਦੀ (ਪ੍ਰਭੂ ਰੰਗ ਵਿੱਚ ਰੰਗੀ, ਸਹਿਜ ਅਵਸਥਾ ਵਾਲੀ) ਉਪਾਧੀ ਦੇਣ ਦੀ ਜੋ ਕ੍ਰਿਪਾਲਤਾ ਕੀਤੀ ਹੈ, ਇਸ ਲਈ ਆਪ ਜੀ ਦੇ ਸਦਾ ਆਭਾਰੀ ਰਹਾਂਗੇ। ਹੁਣ ਤਾਂ ਅੰਮ੍ਰਿਤ ਛਕਣ ਵਾਲੀ ਰਹੁਰੀਤ ਦੇ ਭੀ ਆਸਾਨ ਹੋਣ ਦੇ ਆਸਾਰ ਨਜ਼ਰ ਆ ਰਹੇ ਹਨ। ਇੱਕ ਬ੍ਰਹਮ ਗਿਆਨੀ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਹੈ ਕਿ ਤਿਆਰ ਕੀਤਾ ਹੋਇਆ ਅੰਮ੍ਰਿਤ, ਬੋਤਲਾਂ ਵਿੱਚ ਮੁਹੱਈਆ ਕੀਤਾ ਜਾਣਾ ਚਾਹੀਦਾ ਹੈ। ਹੁਣ ਤਾਂ ਸਿੱਖੀ ਪਰਫੁੱਲਤ ਹੋਣ ਵਿੱਚ ਕੋਈ ਰੁਕਾਵਟ ਨਹੀਂ ਰਹੇਗੀ।

ਹੇ ਸੰਸਾਰ ਦੀ ਅਗਿਆਨਮਈ ਧੁੰਧ ਵਿੱਚ, ਗਿਆਨ ਦਾ ਪ੍ਰਕਾਸ਼ ਕਰਨ ਵਾਲੇ ਨਾਮ ਸ਼ਬਦ ਸਤਿਗੁਰੂ ਜੀਓ, ਆਪ ਜੀ ਦਾ ਉਪਦੇਸ਼: **ਸਬਦੁ ਗੁਰੂ ਸੁਰਤਿ ਧੁਨਿ ਚੇਲਾ** ॥੯੪੩/੧॥ ਅਤੇ **ਸਬਦੁ ਗੁਰੂ ਪਰਕਾਸਿਓ ਹਰਿ ਰਸਨ ਬਸਾਯਉ** ॥੧੪੦੭/੩॥ ਭਾਵੇਂ ਸਾਨੂੰ ਦੇਹ (ਸਰੀਰ ਜੋ ਬਿਨਸਨਹਾਰ ਹੈ) ਨੂੰ ਗੁਰੂ ਮੰਨਣ ਤੋਂ ਵਰਜਦਾ ਹੈ, ਪਰ ਕੀ ਕਰੀਏ ਸਾਡਾ ਆਲਾ ਦੁਆਲਾ ਸਾਰਾ ਹੀ ਮੂਰਤੀਆਂ (ਬੁੱਤਾਂ), ਤਸਵੀਰਾਂ ਦਾ ਆਰਾਧਕ ਹੈ। ਉਨ੍ਹਾਂ ਵਲ ਦੇਖ ਕੇ ਸਾਡਾ ਮਨ ਵੀ ਕਰਦਾ ਹੈ ਕਿ ਆਪਣੇ ਗੁਰੂ ਦੀਆਂ ਭਾਵੇਂ ਨਕਲੀ (ਆਪਣੀ ਆਪਣੀ ਸੋਚ ਅਨੁਸਾਰ) ਤਸਵੀਰਾਂ ਬਣਾ ਕੇ ਹੀ, ਨਕਲੀ ਫੋਟੋ ਰਾਹੀਂ ਗੁਰੂ ਜੀ ਦੇ ਸਾਖਸ਼ਾਤ ਦਰਸ਼ਨ ਕਰੀਏ। ਅਸੀਂ ਇਹ ਜਾਣਦੇ ਹੋਏ ਭੀ ਕਿ ਅਸੀਂ ਗੁਰ ਉਪਦੇਸ਼ ਵਿਰੋਧੀ ਕਰਮ ਕਰ ਰਹੇ ਹਾਂ, ਪਰ ਅਸੀਂ ਹੋਰਾਂ ਤੋਂ ਪਿੱਛੇ ਰਹਿ ਜਾਈਏ, ਇਹ ਭੀ ਤਾਂ ਸਾਡੇ ਕੋਲੋਂ ਬਰਦਾਸ਼ਤ ਨਹੀ ਹੁੰਦਾ। ਫਿਰ ਉਹ ਮੂਰਤੀ ਪੂਜਕ ਭੀ ਤਾਂ ਸਾਨੂੰ ਆਪਣੇ ਵਿੱਚ ਸਮੋ ਲੈਣ ਲਈ, ਆਪਣੀ ਵਲੋਂ ਪੂਰੀ ਹਮਦਰਦੀ, ਹੱਲਾਸ਼ੇਰੀ ਅਤੇ ਆਰਥਿਕ ਮਦਦ ਦੇਣ ਤੋਂ ਰਤਾ ਗੁਰੇਜ਼ ਨਹੀਂ ਕਰਦੇ। ਇਸ ਕਰ ਕੇ ਸ਼ਬਦ ਗੁਰੂ ਵਾਲੇ ਉਪਦੇਸ਼ ਨੂੰ ਤਾਂ ਅਸੀਂ ਆਪਣੇ ਕੰਨਾਂ ਦੇ ਨੇੜੇ ਭੀ ਨਹੀਂ ਢੁੱਕਣ ਦਿੰਦੇ। ਸੋ ਗੁਰੂ ਜੀ ਜੇ ਸਾਡੇ ਮਨ ਨੂੰ ਇਹ ਨਕਲੀ ਤਸਵੀਰਾਂ ਬਣਾ ਕੇ ਧਰਵਾਸ ਮਿਲਦੀ ਹੈ ਤਾਂ ਸਾਨੂੰ ਇਹ ਮਨਮਰਜ਼ੀ ਕਰਨ ਦੀ ਭੀ ਖੁੱਲੀ ਛੁੱਟੀ ਦੇ ਰੱਖੋ। ਅਸੀਂ ਇਹੋ ਜਿਹੇ ਕਾਰਜਾਂ ਵਿੱਚ, ਗੁਰਮਤਿ ਸਿਧਾਂਤ ਦੀ ਉਲੰਘਣਾ ਅਤੇ ਕੌਮੀ ਸਰਮਾਇਆ ਬਰਬਾਦ ਕਰਨ ਤੋਂ ਰਤਾ ਭੀ ਨਹੀਂ ਹਿਚਕਚਾਵਾਂਗੇ।

ਹੇ ਸ਼ਬਦ ਸਰੂਪ, ਗਿਆਨ ਉਪਦੇਸ਼ ਸਤਿਗੁਰੂ ਜੀਓ, ਆਪ ਜੀ ਦਾ ਉਪਦੇਸ਼ ਬੁੱਤ ਪੂਜਣ ਤੋਂ ਮਨਾਹੀ ਕਰਦਾ ਹੈ। ਸਿੱਖ ਹੋਣ ਦੇ ਨਾਤੇ, ਸਾਨੂੰ ਕੁੱਝ ਤਾਂ ਆਪ ਜੀ ਦਾ ਮਾਣ ਰੱਖਣਾ ਹੀ ਹੋਵੇਗਾ, ਪਰ ਕੀ ਕਰੀਏ ਸਾਡੇ ਖ਼ੂਨ ਵਿੱਚ ਜੋ ਦੇਵੀ ਦੇਵਤਿਆਂ ਦੀ ਸ਼ਰਧਾ ਰਚ ਮਿਚ ਚੁੱਕੀ ਹੈ, ਉਸ ਨੂੰ ਕਿਵੇਂ ਪੁਣ ਛਾਣ ਕੇ ਕੱਢੀਏ। ਸੋ ਅਸੀਂ (ਸਿੱਖ) ਸੰਘ ਪਾੜ ਪਾੜ ਕੇ ਕਹਾਂਗੇ ਕਿ ਸਿੱਖ ਕੌਮ ਬੁੱਤ ਪੂਜਕ ਨਹੀਂ ਹੈ, ਪਰ ਸੱਚੇ

ਸਤਿਗੁਰੂ ਜੀਓ, ਸ਼ਬਦ ਰੂਪ ਵਿੱਚ ਲਿਖੀਆਂ ਦੇਵੀ ਦੇਵਤਿਆਂ (ਚੰਡੀ ਚਰਿੱਤ੍ਰ, ਵਿਸ਼ਨੂੰ ਅਵਤਾਰ ਰਾਮ ਜੀ ਅਤੇ ਕ੍ਰਿਸ਼ਨ ਜੀ) ਦੀਆਂ ਕਲਪਿਤ ਕਹਾਣੀਆਂ ਨੂੰ ਮੰਨਣ ਗਾਉਣ ਤੋਂ ਅਸੀਂ ਆਪਣੇ ਆਪ ਨੂੰ ਵੱਖ ਨਹੀਂ ਕਰ ਸਕਦੇ। ਸੋ ਕੁੱਝ ਤਾਂ ਸਾਡਾ ਵੀ ਖ਼ਿਆਲ ਕਰੋ। ਸਾਨੂੰ ਇਹੋ ਜਿਹਾ ਗਿਆਨਹੀਨ ਦਿਖਾਵਾ ਅਰਥਾਤ ਪਾਖੰਡ ਜਿਹਾ ਕਰਨ ਦੀ ਇਜ਼ਾਜਤ ਤਾਂ ਦੇ ਹੀ ਦਿਓ। ਜੇ ਐਸਾ ਕੁੱਝ ਕਰਨ ਨਾਲ ਸਾਡੇ ਮਨ ਨੂੰ ਖ਼ੁਸ਼ੀ ਮਿਲਦੀ ਹੈ ਤਾਂ ਆਪ ਜੀ ਨੂੰ ਕੀ ਇਤਰਾਜ਼ ਹੋ ਸਕਦਾ ਹੈ। ਤੁਸੀ ਆਪਣੀ ਸੇਵਾ ਕਰਵਾਓ ਅਤੇ ਸਾਨੂੰ ਆਪਣਾ ਆਨੰਦ ਮਾਨਣ ਦਿਓ।

ਸਤਿਗੁਰੂ ਜੀਓ, ਗਿਆਨ ਉਪਦੇਸ਼ ਗੁਰਬਾਣੀ ਦੀ ਵਿਚਾਰਧਾਰਾ ਦੇ ਵਿਰੋਧ ਵਾਲੀ ਕਰਮਕਾਂਡੀ ਸੋਚ ਵਲੋਂ ਆਪੂੰ ਤਿਆਰ ਕਰਵਾਏ ਦਸਮ ਗ੍ਰੰਥ (ਜਿਸ ਦੀਆਂ ਰਚਨਾਵਾਂ ਪਹਿਲਾਂ ਵੱਖ ਵੱਖ ਪੋਥੀਆਂ ਵਿੱਚ ਸਨ, ਫਿਰ ਇੱਕ ਜਿਲਦ ਵਿੱਚ ਇਕੱਠੀਆਂ ਕਰ ਦਿੱਤੀਆਂ ਗਈਆਂ) ਦਾ ਮਸਲਾ ਵੀ ਬਹੁਤ ਭੱਖਦਾ ਜਾ ਰਿਹਾ ਹੈ। ਸਿੱਖ ਕੌਮ ਇਹ ਜਾਣਦੀ ਹੈ ਕਿ, ਸਰੀਰਕ ਰੂਪ ਵਿੱਚ ਵਿਚਰਦਿਆਂ ਤੁਸੀਂ ਸਿੱਖ ਕੌਮ ਨੂੰ ਸਿਰਫ਼ ਗੁਰੂ ਗ੍ਰੰਥ (**ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓਂ ਗ੍ਰੰਥ**) ਅਤੇ ਪੰਥ ਨਾਲ ਜੋੜਿਆ ਸੀ। ਹੋਰ ਕਿਸੇ ਗ੍ਰੰਥ ਨਾਲ ਨਹੀਂ। ਗੁਰੂ ਗ੍ਰੰਥ ਜੀ ਨੂੰ ਸੰਪੂਰਨ ਕਰਨ ਵੇਲੇ, ਦਸਮ ਗੁਰੂ ਜੀ ਨੇ ਕੋਈ ਭੀ ਆਪਣੀ ਰਚਨਾ, ਗੁਰਬਾਣੀ ਵਿੱਚ ਦਰਜ਼ ਨਹੀਂ ਕੀਤੀ। ਇਹ ਭੀ ਸਾਰੇ ਸਿੱਖ ਜਾਣਦੇ ਹਨ। ਕਾਫ਼ੀ ਚਿਰ ਬਾਅਦ, ਦਸਮ ਗੁਰੂ ਦਾ ਗ੍ਰੰਥ ਕਹਿ ਕੇ, ਜਿਹੜੀਆਂ ਰਚਨਾਵਾਂ ਨੂੰ, ਸਿੱਖ ਕੌਮ ਦੇ ਗਲ ਪਾਇਆ ਜਾ ਰਿਹਾ ਹੈ, ਇਹ ਰਚਨਾਵਾਂ, ਅੰਦਰੂਨੀ ਕਾਮ ਉਤੇਜਕ ਤ੍ਰਿਸ਼ਨਾਲੂ ਸੋਚ ਲਈ ਬੜੀਆਂ ਲਾਹੇਵੰਦ ਹਨ। ਜੋ ਅੱਖਾਂ ਨਾਲ ਪੜ੍ਹਦਿਆਂ ਅੰਦਰੂਨੀ ਸੋਚ ਨੂੰ ਆਨੰਦਮਈ ਅਵਸਥਾ ਵਿੱਚ ਲੈ ਜਾਂਦੀਆਂ ਹਨ। ਸਤਿਗੁਰੂ ਜੀਓ, ਇਨ੍ਹਾਂ ਰਚਨਾਵਾਂ ਦੇ ਸ਼ੁਭਚਿੰਤਕਾਂ ਨੇ, ਆਪ ਜੀ ਦਾ ਹੁਕਮ ਮੰਨ ਕੇ, ਬਹੁਤ ਸੁਹਣਾ ਸਿੱਖੀ ਬਾਣਾ ਤਾਂ ਜਰੂਰ ਪਾ ਲਿਆ ਹੈ, ਪਰ ਜੋ ਅੰਦਰੂਨੀ (ਵੱਕਾਰਮਈ, ਤ੍ਰਿਸ਼ਨਾਲੂ) ਅਨੰਦ ਮਾਨਣ ਵਾਲੀ ਸੋਚ ਹੈ, ਉਸ ਉੱਤੇ ਤਾਂ ਗੁਰੂ ਦੀ ਕਿਰਪਾ ਨਾਲ ਹੀ ਕਾਬੂ ਪਾਇਆ ਜਾ ਸਕਦਾ ਹੈ, ਪਰ ਗੁਰੂ ਉਪਦੇਸ਼ (ਗੁਰਬਾਣੀ ਵਿਚਾਰਧਾਰਾ) ਦੇ ਤਾਂ ਕਈ ਪੱਖਾਂ ਤੋਂ ਇਹ ਸਿੱਖ ਬਾਗੀ (**ਰਹਤ ਅਵਰ ਕਛੁ ਅਵਰ ਕਮਾਵਤ ॥ ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ** ॥੨੬੯/੭॥) ਹੋ ਚੁੱਕੇ ਹਨ। ਇਸੇ ਕਰ ਕੇ ਗੁਰਬਾਣੀ ਦੇ ਨਾਲ ਉਨ੍ਹਾਂ ਰਚਨਾਵਾਂ ਨੂੰ ਜੋੜੀ ਜਾ ਰਹੇ ਹਨ, ਜੋ ਸਿੱਖ ਸਤਿਗੁਰਾਂ ਨੇ ਨਾਕਾਰ (**ਹਮਰਾ ਝਗਰਾ ਰਹਾ ਨ ਕੋਊ ॥ ਪੰਡਿਤ ਮੁਲਾਂ ਛਾਡੇ ਦੋਊ ॥ ਪੰਡਿਤ ਮੁਲਾਂ ਜੋ ਲਿਖਿ ਦੀਆ ॥ ਛਾਡਿ ਚਲੇ ਹਮ ਕਛੂ ਨ ਲੀਆ** ॥੧੧੫੯/੨॥) ਦਿੱਤੀਆਂ ਸਨ। ਸੋ ਸਤਿਗੁਰੂ ਜੀਓ, ਜਿਹੜੀ ਸੋਚ ਇਸ ਗ੍ਰੰਥ ਦੇ ਕਾਮ ਉਕਸਾਊ ਨਸ਼ੇ ਅਤੇ ਅਨੰਦਤ ਉਤੇਜਤੀ ਕਹਾਣੀਆਂ ਪੜ੍ਹ ਕੇ, ਕੋਈ ਅੰਦਰੂਨੀ ਆਨੰਦ ਮਾਨਣਾ ਚੰਹੁਦੀ ਹੈ, ਤਾਂ ਉਸ ਨੂੰ ਮਾਣ ਲੈਣ ਦਿਓ। ਪੜ੍ਹ ਸੁਣ ਕੇ, ਇਨ੍ਹਾਂ ਦੇ ਅੰਦਰੂਨੀ ਆਨੰਦ ਮਾਨਣ ਨਾਲ ਆਪ ਜੀ ਨੂੰ ਕੀ ਫ਼ਰਕ ਪੈਣ ਲੱਗਾ ਹੈ। ਆਮ ਲੋਕਾਂ ਨੂੰ ਘੱਟੋ ਘੱਟ ਐਸੀ ਸੋਚ ਵਾਲਿਆਂ ਦੇ ਪਾਇਆ ਹੋਇਆ ਸਿੱਖੀ ਪਹਿਰਾਵਾ ਤਾਂ ਦਿਖਾਈ ਦਿੰਦਾ ਹੀ ਹੈ ਨਾ। ਜਿਸ ਨਾਲ ਸਿੱਖਾਂ ਦੀ ਵਿਚਾਰਧਾਰਾ-ਹੀਨ ਗਿਣਤੀ ਵਿੱਚ ਵਾਧਾ ਹੀ ਹੁੰਦਾ ਹੈ। ਸੋ ਵਿਵਾਦਾਂ ਵਿੱਚ ਕਿਉਂ

ਪੈਣਾ ਹੈ। ਸਾਡੇ ਨਾਲ ਇਨ੍ਹਾਂ ਨੂੰ ਭੀ ਆਪਣੀ ਮਨ ਮਰਜ਼ੀ ਕਰਨ ਦੀ ਪੂਰੀ ਖੁੱਲ ਦੇਈ ਰੱਖੋ।

ਸਤਿਗੁਰੂ ਜੀਓ, ਅਸੀਂ ਸਿਰਫ਼ ਸਿੱਖੀ ਸਰੂਪ ਨੂੰ ਧਾਰਨ ਕਰਨਾ (ਸਾਬਤ ਸੂਰਤ ਹੋਣਾ) ਨਹੀਂ ਚਹੁੰਦੇ ਕਿਉਂਕਿ ਸਾਨੂੰ ਇਹ ਪਸੰਦ ਨਹੀਂ ਹੈ। ਉਂਝ ਤਾਂ ਅਸੀਂ ਆਪ ਜੀ ਦੇ ਦਰਬਾਰ ਵਿੱਚ ਭੀ ਝੂਠ ਬੋਲਣ ਦੇ ਪੂਰੇ ਆਦੀ ਬਣ ਚੁੱਕੇ ਹਾਂ। ਫਿਰ ਭੀ ਆਪਣੇ ਦਿਲ ਦੀ ਗੱਲ ਆਪ ਜੀ ਨੂੰ ਦੱਸਦਿਆਂ, ਸ਼ਰਮ ਮਹਿਸੂਸ ਕਿਉਂ ਕਰੀਏ। ਇਹ ਅਸੀਂ ਸਿਰਫ਼ ਤੁਹਾਨੂੰ ਹੀ ਦੱਸ ਸਕਦੇ ਹਾਂ ਕਿ, ਹੁਣ ਤਾਂ ਸਾਨੂੰ ਸਿੱਖੀ ਸਰੂਪ ਵਾਲੇ ਸਰੀਰ ਨੂੰ ਦੇਖ ਕੇ, ਅਲਰਜ਼ੀ ਭੀ ਹੋਣ ਲੱਗ ਪਈ ਹੈ। ਉਂਝ ਅਸੀਂ ਹਰ ਸਿੱਖ ਜਥੇਬੰਦੀ ਦੇ ਆਗੂ (ਲੀਡਰ) ਬਣਨ ਲਈ, ਸਦਾ ਉਤਾਵਲੇ ਅਤੇ ਹਰ ਹਥਕੰਡਾ ਅਪਨਾਉਣ ਲਈ ਤਿਆਰ ਹੀ ਰਹਿੰਦੇ ਹਾਂ ਅਤੇ ਰਹਾਂਗੇ ਭੀ। ਜਦ ਜੀਅ ਚਾਹੇ ਅਜਮਾ ਕੇ ਦੇਖ ਲੈਣਾ। ਬੱਸ ਸਾਨੂੰ ਸਿੱਖੀ ਦੀ ਵੱਖਰੀ ਪਹਿਚਾਣ ਤੋਂ ਛੋਟ ਦੇ ਦਿਓ। ਕਿਉਂਕਿ ਅਸੀਂ ਨਵੇਂ ਰੰਗ ਢੰਗ (ਪਹਿਚਾਣ ਰਹਿਤ) ਵਾਲੀ, ਸਿੱਖ ਕੌਮ ਦੀ ਸਿਰਜਣਾ ਕਰਨ ਦੇ ਚਾਹਵਾਨ ਹਾਂ। ਤੇਰੇ ਗਿਆਨ ਉਪਦੇਸ਼ ਦੀ ਤਾਂ ਇੱਕ ਝਲਕ ਵੀ ਅਸੀਂ ਆਪਣੇ ਜੀਵਨ ਉੱਤੇ ਨਹੀਂ ਪੈਣ ਦੇਣਾ ਚਾਹੁੰਦੇ, ਪਰ ਬਿੱਪ੍ਰਵਾਦੀ ਹਰ ਕਰਮਕਾਂਡ ਨੂੰ ਤੇਰੇ ਹੀ ਦਰਬਾਰ ਵਿੱਚ ਕਰ ਕੇ, ਆਪਣੀ ਅਗਿਆਨਤਾ ਦੀ ਪ੍ਰਦਰਸ਼ਨੀ ਕਰਨ ਵਾਲਾ ਮੌਕਾ, ਅਸੀਂ ਕਦੀ ਵੀ ਹੱਥੋਂ ਨਹੀਂ ਜਾਣ ਦਿੱਤਾ। ਕੀ ਹੋਇਆ ਜੇ ਸਾਡੇ ਕੋਲੋਂ ਤੇਰੇ ਉਪਦੇਸ਼ ਦੀ ਉਲੰਘਣਾ ਹੋ ਰਹੀ ਹੈ, ਅਸੀਂ ਹੋਰਾਂ (ਬਿੱਪ੍ਰਵਾਦੀਆਂ) ਵਿੱਚ ਤਾਂ ਸਿਰ ਉੱਚਾ ਕਰ ਕੇ ਵਿਚਰ ਹੀ ਸਕਦੇ ਹਾਂ। ਹੋਰਾਂ ਤੋਂ ਵੱਖਰੇ (ਨਿਆਰੇ) ਤਾਂ ਦਿਖਾਈ ਨਹੀਂ ਨਾ ਦਿੰਦੇ। ਹੇ ਸਤਿਗੁਰੂ ਜੀਓ, ਜੇ ਤੇਰੇ ਸਿੱਖ ਤੇਰਾ ਕਹਿਣਾ ਨਾ ਮੰਨਣ, ਤਦ ਤੈਨੂੰ ਤਾਂ ਕੋਈ ਫ਼ਰਕ ਨਹੀਂ ਪੈਣਾ ਪਰ ਜੇ ਤੇਰੇ ਸਿੱਖ ਗੁਰਮਤਿ ਵਿਰੋਧੀ ਕਰਮ-ਕਾਂਡ ਜ਼ਾਂ ਰਹੁ-ਰੀਤਾਂ ਕਰਨ ਤੋਂ ਹਟ ਗਏ ਤਾਂ ਸਾਡੇ (ਸਿੱਖਾਂ ਦੇ) ਆਂਢੀ ਗੁਆਂਢੀ (ਕਰਮ-ਕਾਂਡੀ ਰਹੁ-ਰੀਤਾਂ ਕਰਨ ਵਾਲਾ, ਗੁਰਮਤਿ ਵਿਰੋਧੀ ਸ਼ਰੀਕਾ) ਸਾਡਾ ਮਜ਼ਾਕ ਉਡਾਉਣਗੇ। ਸਾਡੇ ਨਾਲ ਮਿਲਵਰਤਣ ਬੰਦ ਕਰ ਦੇਵੇਗਾ। ਸੋ ਗੁਰੂ ਜੀਓ, ਅਸੀਂ ਸਿੱਖ ਤੇਰੇ ਹੀ ਬਣ ਕੇ ਰਹਿਣਾ ਚਾਹੁੰਦੇ ਹਾਂ। ਇਸ ਕਰ ਕੇ ਸਾਨੂੰ ਆਪਣੀ ਮਨ-ਮਰਜ਼ੀ ਕਰਨ ਤੋਂ ਰੋਕਣ ਦੀ ਕੋਸ਼ਿਸ਼ ਨਾ ਕਰੀਂ। ਫਿਰ ਐਵੇਂ ਹਿਰਖ ਕਰੇਗਾ ਕਿ ਮੇਰੇ ਸਿੱਖ ਮੇਰਾ ਕਹਿਣਾ ਨਹੀਂ ਮੰਨਦੇ। ਸਾਨੂੰ ਪੂਰੀ ਉਮੀਦ ਹੈ ਕਿ ਆਪ ਜੀ ਸਾਡੀ ਇਸ ਦੁਬਿਧਾ ਵਿੱਚ ਫਸੀ ਹੋਈ ਮਾਨਸਿਕ ਮਜਬੂਰੀ ਨੂੰ ਸਮਝਦੇ ਹੋਏ, ਸਾਨੂੰ ਕੁੱਝ ਆਪ ਹੁਦਰੀਆਂ ਕਰਨ ਦੀ ਖੁੱਲ੍ਹ ਜਰੂਰ ਦੇ ਦੇਵੋਗੇ। ਨਿਰਭਉ ਅਤੇ ਨਿਰਵੈਰੁ ਸਤਿਗੁਰੂ ਜੀਓ, ਆਪ ਜੀ ਵਲੋਂ ਸਾਡੇ ਜਿਹੇ ਅਕ੍ਰਿਤਘਣਾ ਲਈ ਕੀਤੇ ਹਰ ਉਪਕਾਰ ਲਈ, ਦਿਖਾਵੇ ਦੇ ਤੌਰ ਤੇ ਅਸੀਂ ਸਦਾ ਧੰਨਵਾਦੀ ਰਹਾਂਗੇ।

ਆਪ ਜੀ ਦੇ ਬੇਪ੍ਰਵਾਹੇ ਮਨਮੁਖ ਅਤੇ ਮਨਮੱਤੀਏ ਸਿੱਖ। ਅਸੀਂ ਅਤੇ ਸਾਡੇ ਜਿਹੇ ਅਨੇਕ ਹੋਰ।



ਇਹ ਭੀ ਇੱਕ ਸੱਚ ਹੀ ਹੈ ਕਿ ਸਿੱਖ ਕੌਮ ਨਾਲ ਸੰਬੰਧਿਤ ਆਮ ਗੁਰਦੁਆਰੇ, ਇਤਿਹਾਸਕ ਹੋਣ ਜਾਂ ਆਮ ਪਿੰਡਾਂ ਵਿੱਚ ਬਣੇ ਹੋਏ, ਸਭ ਸਿਆਸਤੀ ਸੋਚ (Politician Thought) ਦੇ ਕਬਜ਼ੇ ਹੇਠ ਆ ਚੁੱਕੇ ਹਨ। ਗੁਰਮਤਿ ਅਨੁਸਾਰੀ ਸੋਚ ਨੂੰ ਤਾਂ ਇਹ ਸਿਆਸਤੀ ਸੋਚ ਗੁਰੂ ਘਰਾਂ ਦੇ ਨੇੜੇ ਭੀ ਨਹੀਂ ਫਰਕਣ (ਗੁਰੂਬਾਣੀ ਵਿਚਾਰਧਾਰਾ ਅਨੁਸਾਰ ਬੋਲਣ) ਦਿੰਦੀ। ਪਾਠ, ਕੀਰਤਨ, ਕਥਾ, ਰਾਗੀ ਢਾਡੀ ਤੇ ਸਿਰਫ਼ ਕਹੇ ਜਾਂਦੇ ਲੰਗਰ ਆਦਿ, ਸਭ ਠੇਕੇਦਾਰਾਂ ਦੀ ਠੇਕੇਦਾਰੀ ਦੇ ਅਧੀਨ ਹੀ ਚੱਲਦੇ ਹਨ। ਸਿੱਖ ਸਮਾਜ ਨਾਲ ਸੰਬੰਧਿਤ ਆਮ ਲੋਕਾਈ, ਸ਼ੁਹਰਤ ਲੋਚ-ਸੋਚ (ਵਡਿਆਈ ਦੀ ਲਾਲਸਾ) ਅਧੀਨ ਫੋਕੇ ਦਿਖਾਵੇ ਅਤੇ ਬਣੇ-ਬਣਾਏ (Ready-made ਬਸਤਰ, ਭੋਜਨ, ਭਗਤੀ ਤੇ ਪਾਠ ਫਲ ਕਰਮ) ਦੀ ਆਦੀ ਹੋ ਚੁੱਕੀ ਹੈ। ਸਿੱਖ ਧਰਮ ਨਾਲ ਸੰਬੰਧਿਤ ਅਖੌਤੀ ਪੂਜਾਰੀ ਸ਼੍ਰੇਣੀ ਨੂੰ, ਅੰਧੀ ਰਯਤਿ ਗਿਆਨ ਵਿਹੂਣੀ ਦੀ ਇਹ ਅਗਿਆਨਤਾ ਬੜੀ ਰਾਸ ਆ ਰਹੀ ਹੈ। ਜਾਂ ਇਹ ਕਹਿ ਲਵੋ ਕਿ ਸਿੱਖ ਸਮਾਜ ਦੀ ਬਹੁ-ਗਿਣਤੀ (ਸਮੇਤ ਪੂਜਾਰੀ ਤੇ ਪ੍ਰਬੰਧਕ ਸ਼੍ਰੇਣੀ), ਮਨਮਤਿ ਖਾਣ, ਪਹਿਨਣ ਤੇ ਸੁਣਨ ਦੀ ਏਨੀ ਆਦੀ ਹੋ ਚੁੱਕੀ ਹੈ ਕਿ ਗੁਰਮਤਿ (ਗੁਰਬਾਣੀ) ਦੀ ਵਿਚਾਰਧਾਰਾ ਨੂੰ, ਇਨ੍ਹਾਂ ਦਾ ਹਾਜ਼ਮਾ ਜਾਂ ਵਿਚਾਰ ਬੁੱਧੀ, ਹਜ਼ਮ ਜਾਂ ਬਰਦਾਸ਼ਤ ਹੀ ਨਹੀਂ ਕਰਦੀ। ਵੈਸੇ ਭੀ ਇਹ ਇਕ ਸੱਚਾਈ ਹੀ ਹੈ ਕਿ ਪੂਜਾਰੀ ਸ਼੍ਰੇਣੀ ਦੀ ਸੋਚ ਅਤੇ ਗਿਆਨ ਦਾ ਕੋਈ ਮੇਲ ਹੀ ਨਹੀਂ ਹੈ। ਇਸੇ ਕਰਕੇ ਪੁਰਾਤਨ ਸਿੱਖਾਂ ਨੂੰ ਕਹਿਣਾ ਪਿਆ—ਧਰਮਸਾਲ ਦੀਆਂ ਰੋਟੀਆਂ ਤਿੰਨ ਕੰਮ ਕਰੇਨ—ਹੱਡ ਗਾਲਣ, ਮੱਤ ਮਾਰਨ, ਕੰਮ ਕਰਨ ਨਾ ਦੇਣ। ਅਕਾਲ ਪੁਰਖ ਹੀ ਸਿੱਖ ਕੌਮ ਨੂੰ ਸੁਮੱਤ ਬਖ਼ਸ਼ੇ। ਲੋੜ ਹੈ ਗੁਰ-ਉਪਦੇਸ਼ ਨੂੰ ਜਾਨਣ ਸਮਝਣ ਅਤੇ (**ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ ॥ ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ ॥**) ਆਪਣੇ ਨਿੱਜੀ ਜੀਵਨ ਵਿਚ ਅਪਨਾਉਣ ਦੀ। **ਗੁਰਸਿਖ ਮੀਤ ਚਲਹੁ ਗੁਰ ਚਾਲੀ ॥ ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ ॥੬੬੭/੧੫॥**